13ਵਾਂ ਸਾਲ ਹਫਤਾਵਾਰੀ

# ਦੇਸ਼ ਦੁਆਬਾ

VOL -13 ISSUE - 51
March 26, 2025
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ




ਪੰਜਾਬੀ ਸਿਨੇਮਾ ਦੀ 90ਵੀਂ ਵਰ੍ਹੇਗੰਢ (ਗ੍ਰੇਨਾਈਟ ਜੁਬਲੀ)
(ਭੀਮ ਰਾਜ ਗਰਗ ਦਾ ਲੇਖ ਦੇਖੋ ਸਫਾ 21 'ਤੇ)



ਦਲਿਤ ਸਮਾਜ ਦਾ ਧਾਰਮਿਕ ਅਤੇ ਸਮਾਜਿਕ ਸੰਕਟ
(ਪ੍ਰੋ. ਡਾ. ਰੌਣਕੀ ਰਾਮ ਦਾ ਲੇਖ ਦੇਖੋ ਸਫਾ 23 'ਤੇ)

## ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 25ਵੇਂ ਮਹਾਨ ਨਗਰ ਕੀਰਤਨ ਵਿੱਚ ਰਿਕਾਰਡ ਤੋੜ ਇਕੱਠ





**ਰਿਓਲਿੰਡਾ (ਸੈਕਰਾਮੈਂਟੋ)** ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 25ਵਾਂ ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਮੂਹ ਸਾਧਸੰਗਤਿ ਦੇ ਸਹਿਯੋਗ ਨਾਲ ਐਤਵਾਰ 9 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਬਹੁਤ ਸ਼ਰਧਾ ਅਤੇ ਸਤਿਕਾਰ ਪੂਰਵਕ ਸਜਾਏ ਗਏ।

ਹੈਲੀਕਾਪਟਰ ਨਾਲ ਗੁਰੂ ਸਾਹਿਬ ਦੀ ਪਾਲਕੀ ਅਤੇ ਸੰਗਤਾਂ ਉਤੇ ਫੁੱਲ ਵਰਸਾਏ ਗਏ। ਜਿਸ ਵਿੱਚ ਰਿਕਾਰਡ ਤੋੜ ਗਿਣਤੀ ਵਿੱਚ ਸੰਗਤਾਂ ਨੇ ਦੇਸ਼ ਵਿਦੇਸ਼ਾਂ ਤੋਂ ਰਿਓ ਲਿੰਡਾ ਸੈਕਰਾਮੈਂਟੋ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਿੱਚ ਵਾਧਾ ਕੀਤਾ ਅਤੇ ਗੁਰਬਾਣੀ ਕੀਰਤਨ ਦਾ ਆਨੰਦ ਲੈ ਕੇ ਖੁਸ਼ੀਆਂ ਪ੍ਰਾਪਤ ਕੀਤੀਆਂ। ਸ੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਸ਼ੁੱਕਰਵਾਰ 7 ਮਾਰਚ 2025 ਨੂੰ ਹੋਏ ਅਤੇ ਜਿਨ੍ਹਾਂ ਦੇ ਭੋਗ ਐਤਵਾਰ 9 ਮਾਰਚ 2025 ਨੂੰ ਪਏ ਗਏ। ਸ਼ਨੀਵਾਰ 8 ਮਾਰਚ ਸ਼ਾਮ ਨੂੰ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਸੇਵਾਦਾਰ ਪਰਿਵਾਰਾਂ ਅਤੇ ਸਮੂਹ ਸਾਧਸੰਗਤਿ ਦੇ ਸਹਿਯੋਗ

**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 35 ਤੋਂ 36 'ਤੇ)**

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਸੈਕਰਾਮੈਂਟੋ ਵੱਲੋਂ ਤੀਸਰਾ ਮਹਾਨ ਨਗਰ ਕੀਰਤਨ ਕੱਢਿਆ ਗਿਆ






**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਸੈਕਰਾਮੈਂਟੋ ਦੇ ਬਰਾਡਸ਼ਾਅ ਰੋਡ ਸਥਿਤ ਗੁਰਦੁਆਰਾ ਸਾਹਿਬ ਵੱਲੋਂ ਮਹਾਨ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਭਾਰੀ ਗਿਣਤੀ ਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸਜਾਏ ਗਏ ਭਾਰੀ ਦੀਵਾਨਾਂ ਚ ਵੱਖ-ਵੱਖ ਰਾਗੀ ਢਾਡੀਆਂ ਨੇ ਸਮੂਲੀਅਤ ਕੀਤੀ, ਰੋਜਾਨਾ ਸਜਾਏ ਜਾਂਦੇ ਦਿਵਾਨਾਂ ਵਿੱਚ ਗਿਆਨੀ ਪਿੰਦਰਪਾਲ ਸਿੰਘ ਕਥਾਵਾਚਕ ਭਾਈ

**(ਰਿਪੋਰਟ ਦੇਖੋ ਸਫਾ 4 'ਤੇ)**

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਸੰਗਤਾਂ ਦੇ ਬੇਮਿਸਾਲ ਇਕੱਠ ਸਮੇਤ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ







(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 29 ਤੋਂ 34 'ਤੇ)




Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539





DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



SAROAY INVESTMENT REALTY
Ram Saroay
Broker/Realtor
Commercial Properties
Business License 031035
ramsaroay@hotmail.com
Cell (510) 368-3983



MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## Sri Guru Ravidass Temple Pittsburg - Upcoming Programs

**Guru Piyari Saadh Sangat Ji:**

**Waheguru Ji Ka Khalsa Waheguru Ji KI Fateh!**

**The following programs will be celebrated at the Gurdwara Sahib:**

**April 13, 2025**

**Vaiskahi Celebrations**

Vaisakhi is the harvest celebration in India and is an occasion of dancing, singing, music, wearing of festive garments and religious praise. Akhand Path will start on Friday April 11,2025 at 10:00 AM and will conclude with Bhog ceremony on Sunday April 13, 2025.

**April 20, 2025**

**Birthday Celebration of**

**Babasaheb Dr. Bhim Rao Ambedkar**

Sri Sukhmani Sahib Path and Langar Sewa will be hosted by Sangat to celebrate 135th birth anniversary of Bharat Ratna Dr. B. R. Ambedkar.

**June 27-28-29, 2025**

**Pittsburg Gurughar's 40th Anniversary**

Sri Guru Ravidass Temple Pittsburg's 40th anniversary will be celebrated on June 29, 2025. Akhand Path will start on Friday 6/27/2025 at 10:00 AM and will be concluded with Bhog ceremony on Sunday 6/29/2025. We are extremely thankful to our founding members for creating this place of worship for the community. Path and Langar sewa will be hosted by Guru Ki Sangat. More details to follow.

*Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.*

**"NANAK NAM CHARDI KALA**

**TERE BHANE SARBAT DA BHALA**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruRavidasstemple.com



Chairman
Vinod Kumar



President
Sunita Singh Bangar



Gen. Secretary
Upinder Pal (Ricky)



Treasurer
Shinder Pal Narabut

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਹਿ ॥



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿੱਟੀ ਵਿਖੇ

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਸਾਹਿਬ ਜੀ ਦੇ 648 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੰਗਤਾਂ ਦੇ ਸਹਿਯੋਗ ਨਾਲ

# ਮਹਾਨ ਨਗਰ ਕੀਰਤਨ

## ਮਿਤੀ 6 ਅਪ੍ਰੈਲ 2025 ਦਿਨ ਐਤਵਾਰ ਸਵੇਰ 11 ਵਜੇ ਤੋਂ 4 ਵਜੇ ਤੱਕ

ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਅਰੰਭ ਮਿਤੀ 10 ਮਾਰਚ ਦਿਨ ਸੋਮਵਾਰ 2025 ਤੋਂ 6 ਅਪ੍ਰੈਲ ਦਿਨ ਐਤਵਾਰ ਤੱਕ
ਸਮੂਹ ਸਾਧ ਸੰਗਤਾਂ ਵਲੋਂ ਅਰੰਭ ਸ਼੍ਰੀ ਅਖੰਡ ਪਾਠ ਸਾਹਿਬ ਮਿਤੀ 4 ਅਪ੍ਰੈਲ 2025 ਦਿਨ ਸ਼ੁੱਕਰਵਾਰ
ਭੋਗ ਸ਼੍ਰੀ ਅਖੰਡ ਪਾਠ ਸਾਹਿਬ ਮਿਤੀ 6 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 9 ਵਜੇ ਪਾਏ ਜਾਣਗੇ ਉਪਰੰਤ 11 ਵਜੇ
ਨਗਰ ਕੀਰਤਨ ਦੀ ਆਰੰਭਤਾ ਹੋਵੇਗੀ।

**ਨੋਟ: ਨਿਸ਼ਾਨ ਸਾਹਿਬ ਜੀ ਦੀ ਸੇਵਾ 5 ਅਪ੍ਰੈਲ 2025 ਸਮਾਂ 3:30 ਵਜੇ ਦੁਪਹਿਰ**

**ਪਹੁੰਚ ਰਹੇ ਰਾਗੀ ਜੱਥੇ**



ਭਾਈ ਜਸਵਿੰਦਰ ਸਿੰਘ ਹਜ਼ੂਰੀ ਰਾਗੀ ਜੱਥਾ



ਭਾਈ ਆਤਮਜੋਤ ਸਿੰਘ ਯੂਬਾ ਸਿੱਟੀ



ਭਾਈ ਓਂਕਾਰ ਸਿੰਘ ਊਨਾ ਸਾਹਿਬ ਵਾਲੇ



ਭਾਈ ਗੁਰਨਾਮ ਸਿੰਘ ਭੰਡਾਲ

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ।**

ਹੈੱਡ ਗ੍ਰੰਥੀ ਭਾਈ ਅਰਵਿੰਦ ਸਿੰਘ 530 709 7821
ਫੋਨ ਗੁਰੂ ਘਰ: 530 674 2564

ਮੁੱਖ ਸੇਵਾਦਾਰ: ਸ਼ਿੰਗਾਰਾ ਸਿੰਘ (ਰੱਲ) 530 713 1823
ਚੇਅਰਮੈਨ: ਗੁਰਨਾਮ ਸਿੰਘ ਭੰਡਾਲ 530 218 4468

**ਕੈਸ਼ੀਅਰ**

ਰਾਮ ਸੇਵਕ ਭਾਟੀਆ: 530-649-5794

**ਜਨਰਲ ਸਕੱਤਰ**

ਡਾ: ਜਗਮੇਲ ਸਿੰਘ ਰਾਏ: 551-697-4769

**ਸਟਾਲ ਲਗਾਉਣ ਵਾਸਤੇ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ**

# SHRI GURU RAVIDASS TEMPLE

**1480 HAYNE AVE YUBA CITY, CA 95993**

Design by: Sneh Press Adampur, Punjab, India sneh_cards

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਸੈਕਰਾਮੈਂਟੋ ਵੱਲੋਂ ਤੀਸਰਾ ਮਹਾਨ ਨਗਰ ਕੀਰਤਨ ਕੱਢਿਆ ਗਿਆ, ਵੱਖ ਵੱਖ ਸ਼ਖਸ਼ੀਅਤਾਂ ਦਾ ਸਨਮਾਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੈਕਰਾਮੈਂਟੋ ਦੇ ਬਰਾਡਸ਼ਾਅ ਰੋਡ ਸਥਿਤ ਗੁਰਦੁਆਰਾ ਸਾਹਿਬ ਵੱਲੋਂ ਮਹਾਨ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਭਾਰੀ ਗਿਣਤੀ ਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸਜਾਏ ਗਏ ਭਾਰੀ ਦੀਵਾਨਾਂ ਚ ਵੱਖ-ਵੱਖ ਰਾਗੀ ਢਾਡੀਆਂ ਨੇ ਸਮੂਲੀਅਤ ਕੀਤੀ, ਰੋਜਾਨਾ ਸਜਾਏ ਜਾਂਦੇ ਦਿਵਾਨਾਂ ਵਿੱਚ ਗਿਆਨੀ ਪਿੰਦਰਪਾਲ ਸਿੰਘ ਕਥਾਵਾਚਕ ਭਾਈ ਕਰਮਜੀਤ ਸਿੰਘ ਯੂਕੇ ਵਾਲੇ, ਡਾਕਟਰ ਗੁਰਨਾਮ ਸਿੰਘ, ਡਾਕਟਰ ਗਗਨਦੀਪ ਸਿੰਘ ਭਾਈ ਸਰਬਜੀਤ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਕਮਲਜੀਤ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਕਰਮਜੀਤ ਸਿੰਘ, ਗਿਆਨੀ ਬਿਕਰਮਜੀਤ ਸਿੰਘ ਭਾਈ ਹਰਪ੍ਰੀਤ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਆਦਿ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਜਿਨ੍ਹਾਂ ਨੇ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਇਸ ਤੋਂ ਪਹਿਲਾਂ ਕਰਵਾਏ ਗਏ ਸਮਾਗਮਾਂ ਵਿੱਚ ਆਤਿਸ਼ਬਾਜੀ ਕੀਤੀ ਗਈ ਉਸ ਤੋਂ ਉਪਰੰਤ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਤੇ ਅੰਮ੍ਰਿਤ ਸੰਚਾਰ ਹੋਇਆ। ਸਜਾਏ ਗਏ ਇਸ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ ਤੇ ਭਾਰੀ ਦੀਵਾਨ ਸਜਾਏ ਗਏ ਵੱਖ ਵੱਖ ਅਮੇਰੀਕਨ ਆਫੀਸਲਜ ਨੂੰ ਤੇ ਸਥਾਨਕ ਸਿੱਖ ਸੇਵਾਦਾਰਾਂ ਨੂੰ ਸਰੋਪਾ ਦੇ ਕੇ ਸਨਮਾਨਿਤ ਵੀ ਕੀਤਾ ਗਿਆ, ਇਸ ਨਗਰ ਕੀਰਤਨ ਦਾ ਆਯੋਜਨ ਹੋਲੇ ਮਹੱਲੇ ਨੂੰ ਸਮਰਪਿਤ ਕੀਤਾ ਗਿਆ। ਇਸ ਨਗਰ ਕੀਰਤਨ ਵਿੱਚ ਜਿੱਥੇ ਪੰਜਾਂ ਪਿਆਰਿਆਂ ਦੀ ਅਗਵਾਈ ਕਰ ਰਹੇ ਫਲੋਟ ਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਸੁਸ਼ੋਭਿਤ ਸੀ ਤੇ ਉਥੇ ਬਾਕੀ ਫਲੋਟਾਂ ਦੇ ਵਿੱਚ ਵੱਖ-ਵੱਖ ਸ਼ਹੀਦਾਂ ਸਿੰਘਾਂ ਦੀਆਂ ਤੇ ਵੱਖ ਵੱਖ ਸਿੱਖ ਇਤਿਹਾਸ ਨੂੰ ਦਰਸਾਉਂਦੀਆਂ ਘਟਨਾਵਾਂ ਨੂੰ ਦਰਸਾਇਆ ਗਿਆ। ਇਸ ਉਪਰੰਤ ਵੱਖ ਵੱਖ ਸਿੱਖ ਇਤਿਹਾਸ ਨਾਲ ਲੱਗੇ ਬੁੱਕ ਸਟਾਲਾਂ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਲਈ ਲੱਗੇ ਸਟਾਲਾਂ ਤੋਂ ਲੋਕਾਂ ਨੇ ਭਰਪੂਰ ਜਾਣਕਾਰੀ ਲਈ ਇਸ ਤੋਂ ਇਲਾਵਾ ਯੂਬਾ ਸਿਟੀ, ਸਟਾਕਟਨ, ਵੈਸਟ ਸੈਕਰਾਮੈਂਟੋ, ਰਿਓਲਿੰਡਾ ਤੇ ਵੱਖ ਵੱਖ ਹੋਰ ਗੁਰੂ ਘਰਾਂ ਵੱਲੋਂ ਲੰਗਰਾਂ ਦੇ ਸਟਾਲ ਲਗਾਏ ਗਏ ਮੁੱਖ ਤੌਰ ਤੇ ਦਸ਼ਮੇਸ਼ ਦਰਬਾਰ ਵੱਲੋਂ ਨਗਰ ਕੀਰਤਨ ਦੇ ਵਿਚਕਾਰਲੇ ਸਮੇਂ ਵਿੱਚ ਸੰਗਤਾਂ ਦੀ ਭਰਪੂਰ ਸੇਵਾ ਕੀਤੀ ਗਈ ਇਸ ਗੁਰੂ ਦਸ਼ਮੇਸ਼ ਦਰਬਾਰ ਗੁਰੂ ਘਰ ਵੱਲੋਂ ਸੰਗਤਾਂ ਨੇ ਇਸ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸਿਕਿਉਰਟੀ ਤੇ ਸਿਹਤ ਸੇਵਾਵਾਂ ਦਾ ਖਾਸ ਪ੍ਰਬੰਧ, ਪ੍ਰਬੰਧਕਾਂ ਵੱਲੋਂ ਕੀਤਾ ਗਿਆ ਸੀ ਮੁੱਖ ਪ੍ਰਬੰਧਕਾਂ ਵਿੱਚ ਪ੍ਰਧਾਨ ਲਖਬੀਰ ਸਿੰਘ ਔਜਲਾ ਰਣਧੀਰ ਸਿੰਘ ਧੀਰਾ ਨਿੱਜਰ, ਗੁਰਮੀਤ ਵੜੈਚ, ਗੁਰਿੰਦਰ ਪਾਲ ਸਿੰਘ ਲਾਡੀ ਸੈਕਟਰੀ, ਦਵਿੰਦਰ ਸਿੰਘ, ਕਰਮਜੀਤ ਸਿੰਘ, ਚਰਨਜੀਤ ਸਿੰਘ ਢੀਡਸਾ, ਬਲਜੀਤ ਸਿੰਘ, ਗੁਰਪਿੰਦਰ ਸੰਧੂ ਆਦਿ ਨੇ ਇਸ ਨਗਰ ਕੀਰਤਨ ਦੇ ਪ੍ਰਬੰਧ ਵਿੱਚ ਅਹਿਮ ਭੂਮਿਕਾ ਨਿਭਾਈ।






# ਕੈਨੇਡਾ ਦੀਆਂ ਚੋਣਾਂ ’ਚ ਦਖ਼ਲ ਦੇ ਸਕਦੇ ਨੇ ਭਾਰਤ ਤੇ ਚੀਨ-ਖੁਫੀਆ ਏਜੰਸੀ

**ਓਟਵਾ–** ਕੈਨੇਡਾ ਦੀ ਕੌਮੀ ਖ਼ੁਫ਼ੀਆ ਏਜੰਸੀ ਨੇ ਦਾਅਵਾ ਕੀਤਾ ਹੈ ਕਿ ਭਾਰਤ ਅਤੇ ਚੀਨ ਦੇਸ਼ ਵਿੱਚ 28 ਅਪਰੈਲ ਨੂੰ ਹੋਣ ਵਾਲੀਆਂ ਆਮ ਚੋਣਾਂ ਵਿੱਚ ਦਖ਼ਲਅੰਦਾਜ਼ੀ ਕਰ ਸਕਦੇ ਹਨ। ਏਜੰਸੀ ਨੇ ਰੂਸ ਅਤੇ ਪਾਕਿਸਤਾਨ ਦਾ ਨਾਮ ਵੀ ਅਜਿਹੇ ਦੇਸ਼ਾਂ ਵਜੋਂ ਲਿਆ ਹੈ, ਜੋ ਚੋਣਾਂ ਵਿੱਚ ਗੜਬੜੀ ਦੀ ਕੋਸ਼ਿਸ਼ ਕਰ ਸਕਦੇ ਹਨ। ਖ਼ੁਫ਼ੀਆ ਏਜੰਸੀ ਕੈਨੇਡਿਆਈ ਸੁਰੱਖਿਆ ਖ਼ੁਫ਼ੀਆ ਸੇਵਾ (ਸੀਐੱਸਆਈਐੱਸ) ਦੇ ਅਧਿਕਾਰੀਆਂ ਨੇ ਸੋਮਵਾਰ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਚੋਣਾਂ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਦਾ ਦਾਅਵਾ ਕੀਤਾ। ਇਹ ਟਿੱਪਣੀ ਅਜਿਹੇ ਸਮੇਂ ਕੀਤੀ ਗਈ ਹੈ, ਜਦੋਂ ਟਵਾ ਦੇ ਭਾਰਤ ਅਤੇ ਚੀਨ ਦੋਵਾਂ ਨਾਲ ਸਬੰਧਾਂ ਵਿੱਚ ਕੁੜੱਤਣ ਹੈ। ਜਨਵਰੀ ਵਿੱਚ ਜਾਰੀ ਅੰਤਿਮ ਰਿਪੋਰਟ ਵਿੱਚ ਸਿੱਟਾ ਕੱਢਿਆ ਗਿਆ ਹੈ ਕਿ ਭਾਰਤ ਅਤੇ ਚੀਨ ਨੇ 2019 ਅਤੇ 2021 ਦੀਆਂ ਚੋਣਾਂ ਵਿੱਚ ਦਖ਼ਲਅੰਦਾਜ਼ੀ ਦੀ ਕੋਸ਼ਿਸ਼ ਕੀਤੀ ਸੀ ਪਰ ਨਤੀਜੇ ਪ੍ਰਭਾਵਿਤ ਨਹੀਂ ਹੋ ਸਕੇ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੈਨੇਡਾ ਨੇ ਇਨ੍ਹਾਂ ਖ਼ਤਰਿਆਂ ਦਾ ਜਵਾਬ ਦੇਣ ਵਿੱਚ ਦੇਰੀ ਕੀਤੀ ਹੈ। ਹਾਲਾਂਕਿ, ਪੇਈ-ਚਿੰਗ ਅਤੇ ਨਵੀਂ ਦਿੱਲੀ ਨੇ ਦਖ਼ਲਅੰਦਾਜ਼ੀ ਦੇ ਪਿਛਲੇ ਦੋਸ਼ਾਂ ਦਾ ਖੰਡਨ ਕੀਤਾ ਹੈ।



ਸੀਐੱਸਆਈਐੱਸ ਦੀ ਡਿਪਟੀ ਡਾਇਰੈਕਟਰ ਵੈਨੇਸਾ ਲੌਇਡ ਨੇ ਕਿਹਾ, ‘‘ਚੀਨ ਏਆਈ (ਮਸਨੂਈ ਬੌਧਿਕਤਾ) ਆਧਾਰਿਤ ਉਪਕਰਨਾਂ ਦੀ ਵਰਤੋਂ ਕਰ ਕੇ ਕੈਨੇਡਾ ਦੀ ਜਮਹੂਰੀ ਪ੍ਰਕਿਰਿਆ ਵਿੱਚ ਦਖ਼ਲਅੰਦਾਜ਼ੀ ਦੀ ਕੋਸ਼ਿਸ਼ ਕਰ ਸਕਦਾ ਹੈ।’’ ਇਸ ਮਹੀਨੇ ਦੇ ਸ਼ੁਰੂ ਵਿੱਚ ਪੇਈਚਿੰਗ ਨੇ ਕੈਨੇਡਾ ਦੇ ਖੇਤੀ ਤੇ ਖੁਰਾਕੀ ਉਤਪਾਦਾਂ ’ਤੇ ਭਾਰੀ ਟੈਕਸ ਲਾਉਣ ਦਾ ਐਲਾਨ ਕੀਤਾ ਸੀ। ਇਹ ਪਿਛਲੇ ਸਾਲ ਟਵਾ ਵੱਲੋਂ ਚੀਨੀ ਇਲੈਕਟ੍ਰਾਨਿਕ ਵਾਹਨਾਂ ਅਤੇ ਸਟੀਲ ਤੇ ਐਲੂਮੀਨੀਅਮ ਦੇ ਉਤਪਾਦਾਂ ’ਤੇ ਲਗਾਏ ਗਏ ਟੈਰਿਫ ਖ਼ਿਲਾਫ਼ ਜਵਾਬੀ ਕਾਰਵਾਈ ਸੀ। ਕੈਨੇਡਾ ਨੇ ਚੀਨ ਵੱਲੋਂ ਨਸ਼ਾ ਤਸਕਰੀ ਦੇ ਦੋਸ਼ ਹੇਠ ਚਾਰ ਕੈਨੇਡਿਆਈ ਨਾਗਰਿਕਾਂ ਨੂੰ ਫਾਂਸੀ ਦੇਣ ਦੀ ਵੀ ਸਖ਼ਤ ਨਿਖੇਧੀ ਕੀਤੀ ਹੈ।

ਕੈਨੇਡਾ ਨੇ ਪਿਛਲੇ ਸਾਲ ਛੇ ਭਾਰਤੀ ਰਾਜਦੂਤਾਂ ਨੂੰ ਕੱਢ ਦਿੱਤਾ ਸੀ ਜਿਨ੍ਹਾਂ ਵਿੱਚ ਮਿਸ਼ਨ ਦਾ ਮੁਖੀ ਵੀ ਸ਼ਾਮਲ ਸੀ। ਉਸ ’ਤੇ ਦੋਸ਼ ਸੀ ਕਿ ਉਹ ਕੈਨੇਡਾ ਦੀ ਧਰਤੀ ’ਤੇ ਸਿੱਖ ਵੱਖਵਾਦੀਆਂ ਖ਼ਿਲਾਫ਼ ਸਾਜ਼ਿਸ਼ ਵਿੱਚ ਸ਼ਾਮਲ ਸੀ।

ਲੌਇਡ ਨੇ ਕਿਹਾ, ‘‘ਅਸੀਂ ਇਹ ਵੀ ਦੇਖਿਆ ਹੈ ਕਿ ਭਾਰਤ ਸਰਕਾਰ ਕੈਨੇਡਿਆਈ ਭਾਈਚਾਰੇ ਅਤੇ ਜਮਹੂਰੀ ਪ੍ਰਕਿਰਿਆਵਾਂ ਵਿੱਚ ਦਖ਼ਲਅੰਦਾਜ਼ੀ ਦਾ ਇਰਾਦਾ ਤੇ ਸਮਰੱਥਾ ਰੱਖਦੀ ਹੈ।’’ ਓਟਵਾ ਵਿੱਚ ਭਾਰਤੀ ਮਿਸ਼ਨ ਵੱਲੋਂ ਫੌਰੀ ਇਸ ਸਬੰਧੀ ਕੋਈ ਪ੍ਰਤੀਕਰਿਆ ਨਹੀਂ ਆਈ ਹੈ।



# ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵੱਲੋਂ ਗਦਰੀ ਬਾਬਿਆਂ ਨੂੰ ਸਮਰਪਿਤ 23 ਵਾਂ ਮੇਲਾ ਯਾਦਗਾਰੀ ਹੋ ਨਿਬੜਿਆ

## ਡਾ. ਹਰਸਿੰਦਰ ਕੌਰ ਨੇ ਪੰਜਾਬ ਦੇ ਹਲਾਤਾਂ ‘ਤੇ ਪ੍ਰਗਟਾਈ ਚਿੰਤਾ





**ਫਰਿਜ਼ਨੋ, ਕੈਲੇਫੋਰਨੀਆ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸੈਂਟਰਲ ਵੈਲੀ ਕੈਲੇਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੀ ਸਥਾਨਿਕ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਜਿਹੜੀ ਕਿ ਸਮੇਂ-ਸਮੇਂ ਦੇਸ਼ ਭਗਤਾਂ ਦੀ ਯਾਦ ਵਿੱਚ ਸਮਾਗਮ ਕਰਵਾਕੇ ਸਾਡੀ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੀ ਸੋਚ ਤੋਂ ਜਾਣੂ ਕਰਵਾਉਣ ਲਈ ਸਾਰਥਿਕ ਉਪਰਾਲੇ ਕਰਦੀ ਰਹਿੰਦੀ ਹੈ। ਇਸ ਸੰਸਥਾ ਵੱਲੋਂ ਬੀਤੇ ਐਤਵਾਰ ਸ਼ਹੀਦ ਸੁਖਦੇਵ ਥਾਪਰ, ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਸਿਵਰਾਮ ਰਾਜਗੁਰੂ ਨੂੰ ਸਮਰਪਿਤ ਗਦਰੀ ਬਾਬਿਆਂ ਦਾ 23ਵਾਂ ਮੇਲਾ ਸਥਾਨਿਕ ਮੇਲਾ ਸੈਂਟਰਲ ਹਾਈ ਸਕੂਲ ਦੇ ਆਡੋਟੋਰੀਅਮ ਵਿੱਖੇ ਕਰਵਾਇਆ ਗਿਆ। ਮੇਲੇ ਦੀ ਸ਼ੁਰੂਆਤ ਸਟੇਜਾਂ ਦੀ ਮਲਕਾ ਬੀਬੀ ਆਸ਼ਾ ਸ਼ਰਮਾਂ ਵੱਲੋ ਸ਼ਹੀਦਾਂ ਦੀ ਯਾਦ ਵਿੱਚ ਸਰਧਾ ਭਰੇ ਸ਼ਬਦਾਂ ਦੁਆਰਾ ਕੀਤੀ ਗਈ। ਉਪਰੰਤ ਸੰਸਥਾ ਦੇ ਸੈਕਟਰੀ ਹਰਜਿੰਦਰ ਢੇਸੀ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਕਹਿਣ ਨਾਲ ਕੀਤਾ। ਸੰਸਥਾ ਮੈਂਬਰ ਅਤੇ ਲੇਖਕ ਇੰਦਰਜੀਤ ਚੁਗਾਵਾਂ ਨੇ ਵੀ ਸਟੇਜ ਤੋਂ ਹਾਜਰੀ ਭਰੀ। ਜਦ ਕਿ ਡਾ. ਅਰਜੁਨ ਜੋਸਨ, ਪਰਗਟ ਸਿੰਘ ਧਾਲੀਵਾਲ ਅਤੇ ਸੈਂਟਰਲ ਵੈਲੀ ਤੇ ਕਾਂਗਰਸਮੈਨ ਜਿੰਮ ਕੌਸਟਾ ਅਤੇ ਹੋਰ ਬੁਲਾਰਿਆਂ ਨੇ ਵੀ ਹਾਜ਼ਰੀਨ ਨੂੰ ਸੰਬੋਧਿਤ ਕੀਤਾ। ਗਾਇਕਾ ਬੀਬੀ ਜੋਤ ਰਣਜੀਤ, ਗਾਇਕਾ ਰੂਬੀ, ਗਾਇਕ ਜੀਤਾ ਗਿੱਲ, ਕਮਲਜੀਤ ਬੈਨੀਪਾਲ ਅਤੇ ਰਾਜ ਬਰਾੜ ਯਮਲਾ ਆਦਿ ਨੇ ਇੱਕ ਇੱਕ ਗੀਤ ਗਾਕੇ ਮੇਲੇ ਵਿੱਚ ਹਾਜਰੀ ਲਵਾਈ।

ਇਸ ਮੌਕੇ ਇੰਡੀਆ ਤੋਂ ਵਿਸ਼ੇਸ਼ ਤੌਰ ਤੇ ਡਾ। ਹਰਸਰਨ ਕੌਰ ਬਤੌਰ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਹੋਏ ਸਨ। ਜਿੰਨਾ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਸਮੂੰਹ ਹਾਜ਼ਰੀਨ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਨ ਤੋਂ ਇਲਾਵਾ ਅੱਜ ਦੇ ਸਮੇਂ ਅੰਦਰ ਪੰਜਾਬ ਲੋਕਾ ਦੀ ਤ੍ਰਾਸਦੀ, ਨਸ਼ਿਆਂ ਦਾ ਹੜ, ਔਰਤਾਂ ਦੀ ਸੁਰੱਖਿਆ ਆਦਿਕ ਬਹੁਤ ਸਾਰੇ ਵਿਸ਼ਿਆਂ ਉੱਤੇ ਵਿਚਾਰਾਂ ਦੀ ਸਾਂਝ ਪਾਈ। ਸੰਸਥਾ ਵੱਲੋਂ ਡਾ. ਹਰਸਿੰਦਰ ਕੌਰ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਜੀ। ਐਚ। ਜੀ। ਡਾਂਸ ਐਂਡ ਸੰਗੀਤ ਅਕੈਡਮੀ ਅਤੇ ਪੰਜਾਬੀ ਸਕੂਲ ਦੇ ਬੱਚਿਆ ਨੇ ਗਿੱਧੇ ਭੰਗੜੇ ਦੀ ਪੇਸ਼ਕਾਰੀ ਕਰਕੇ ਦਰਸ਼ਕਾਂ ਦੀ ਖ਼ੂਬ ਵਾਹ-ਵਾਹ ਖੱਟੀ। ਸੰਸਥਾ ਦੇ ਮੈਂਬਰ ਡਾ. ਹਰਮਨਪ੍ਰੀਤ ਗਿੱਲ ਵੱਲੋ ਬੱਚਿਆਂ ਦੇ ਦਿਲਚਸਪ ਪੇਂਟਿੰਗ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ 4.0 ਜੀ ਪੀ ਏ ਵਾਲੇ ਬੱਚਿਆਂ ਨੂੰ ਸੰਸਥਾਂ ਵੱਲੋ ਸਨਮਾਨਿਤ ਕੀਤਾ ਗਿਆ। ਵੀਡੀਓ ਅਤੇ ਫੋਟੋਗ੍ਰਾਫੀ ਦੀ ਸੇਵਾ ਸ਼ਿਆਰਾ ਸਿੰਘ ਢੀਂਡਸਾ ‘ਉਮਨੀ ਵੀਡੀਓ’ ਬੇਕਰਸ਼ਫੀਲਡ ਨੇ ਕੀਤੀ। ਸਟੇਜ਼ ਸੰਚਾਲਨ ਬੀਬੀ ਆਸ਼ਾ ਸ਼ਰਮਾ ਅਤੇ ਹਰਜਿੰਦਰ ਢੇਸੀ ਨੇ ਬਾਖ਼ੂਬੀ ਕੀਤਾ।

ਸਮੁੱਚੇ ਪ੍ਰੋਗਰਾਮ ਦੇ ਪ੍ਰਬੰਧ ਬਹੁਤ ਵਧੀਆ ਤਰੀਕੇ ਨਾਲ ਕੀਤੇ ਹੋਏ ਸਨ। ਸਥਾਨਕ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸੰਸਥਾ ਦੇ ਸਰਗਰਮ ਮੈਂਬਰ ਸੁਰਿੰਦਰ ਸਿੰਘ ਮੰਢਾਲੀ ਨੇ ਸਾਰੇ ਭਾਈਚਾਰੇ ਦਾ ਸਹਿਯੋਗ ਅਤੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਪ੍ਰਬੰਧਕ ਵਧਾਈ ਦੇ ਪਾਤਰ ਹਨ। ਮੇਲੇ ਦੌਰਾਨ ਹਾਜ਼ਰੀਨ ਲਈ ਚਾਹ ਪਕੌੜਿਆ ਦੇ ਲੰਗਰ ਅਤੁੱਟ ਵਰਤਿਆ। ਅੰਤ ਹਾਜ਼ਰੀਨ ਦੇ ਭਾਰੀ ਇਕੱਠ ਦੌਰਾਨ ਇਹ ਮੇਲਾ ਅਮਿੱਟ ਪੈੜ੍ਹਾ ਛੱਡਦਾ ਯਾਦਗਾਰੀ ਹੋ ਨਿਬੜਿਆ।

# ਤਿੰਨ ਜੱਜਾਂ ਦੀ ਕਮੇਟੀ ਵੱਲੋਂ ਜਾਂਚ ਸ਼ੁਰੂ, ਜਸਟਿਸ ਯਸ਼ਵੰਤ ਵਰਮਾ ਦੀ ਰਿਹਾਇਸ਼ ਦਾ ਦੌਰਾ

**ਨਵੀਂ ਦਿੱਲੀ-** ਭਾਰਤ ਦੇ ਚੀਫ਼ ਜਸਟਿਸ ਸੰਜੀਵ ਖੰਨਾ ਵੱਲੋਂ ਬਣਾਈ ਤਿੰਨ ਮੈਂਬਰੀ ਅੰਦਰੂਨੀ ਕਮੇਟੀ ਨੇ ਦਿੱਲੀ ਹਾਈ ਕੋਰਟ ਦੇ ਮੌਜੂਦਾ ਜੱਜ ਜਸਟਿਸ ਯਸ਼ਵੰਤ ਵਰਮਾ ਦੀ ਰਿਹਾਇਸ਼ ਤੋਂ ਮਿਲੀ ਨਕਦੀ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਸ਼ੀਲ ਨਾਗੂ, ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਚੀਫ਼ ਜਸਟਿਸ ਜੀਐੱਸ ਸੰਧਾਵਾਲੀਆ ਤੇ ਕਰਨਾਟਕ ਹਾਈ ਕੋਰਟ ਦੇ ਜਸਟਿਸ ਅਨੂ ਸ਼ਿਵਰਮਨ ਦੀ ਸ਼ਮੂਲੀਅਤ ਵਾਲੀ ਕਮੇਟੀ ਨੇ ਦੁਪਹਿਰ ਵੇਲੇ ਜਸਟਿਸ ਵਰਮਾ ਦੀ 30 ਤੁਗਲਕ ਕ੍ਰੀਸੈਂਟ ਸਥਿਤ ਸਰਕਾਰੀ ਰਿਹਾਇਸ਼ ਦਾ ਦੌਰਾ ਕੀਤਾ। ਟੀਮ ਉਥੇ 30 ਤੋਂ 35 ਮਿੰਟ ਦੇ ਕਰੀਬ ਰੁਕੀ।

ਉਂਝ ਇਹ ਪਤਾ ਨਹੀਂ ਲੱਗ ਸਕਿਆ ਕਿ ਜਸਟਿਸ ਵਰਮਾ ਇਸ ਮੌਕੇ ਆਪਣੀ ਰਿਹਾਇਸ਼ ’ਤੇ ਮੌਜੂਦ ਸੀ ਜਾਂ ਨਹੀਂ।

ਤਿੰਨ ਜੱਜਾਂ ਦੀ ਕਮੇਟੀ ਜੇਕਰ ਜਸਟਿਸ ਵਰਮਾ ਨੂੰ ਦੋਸ਼ੀ ਠਹਿਰਾਉਂਦੀ ਹੈ, ਤਾਂ ਸੀਜੇਆਈ ਉਸ ਨੂੰ ਅਸਤੀਫਾ ਦੇਣ ਜਾਂ ਸਵੈ-ਇੱਛਤ ਸੇਵਾਮੁਕਤੀ ਲੈਣ ਦੀ ਸਲਾਹ ਦੇ ਸਕਦੇ ਹਨ। ਹਾਲਾਂਕਿ, ਜੇ ਸਬੰਧਤ ਜੱਜ ਸੀਜੇਆਈ ਦੀ ਸਲਾਹ ਨੂੰ ਨਜ਼ਰਅੰਦਾਜ਼ ਕਰਦਾ ਹੈ, ਤਾਂ ਉਹ (ਸੀਜੇਆਈ) ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਕਮੇਟੀ ਦੀਆਂ ਲੱਭਤਾਂ ਤੋਂ ਜਾਣੂ ਕਰਵਾ ਕੇ, ਉਸ ਨੂੰ ਹਟਾਉਣ ਲਈ ਕਾਰਵਾਈ ਸ਼ੁਰੂ ਕਰ ਸਕਦੇ ਹਨ। ਚੇਤੇ ਰਹੇ ਕਿ ਸੀਜੇਆਈ ਦੀ ਅਗਵਾਈ ਵਾਲੇ ਕੌਲਿਜੀਅਮ ਨੇ ਸੋਮਵਾਰ ਨੂੰ ਜਸਟਿਸ ਵਰਮਾ ਨੂੰ ਅਲਾਹਾਬਾਦ ਹਾਈ ਕੋਰਟ ਵਿੱਚ ਤਬਦੀਲ ਕਰਨ ਦੀ ਸਿਫਾਰਸ਼ ਕੀਤੀ ਸੀ।

*****




KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kamaljit Kaur Bhatia & Kashmiri Bhatia

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

ਦੇਸ਼ ਦੁਆਬਾ

# ਜੋ ਹਮ ਸਹਰੀ ਸੋ ਮੀਤ ਹਮਾਰਾ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ।।

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।। ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰੀਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ।। ਜੋ ਹਮ ਸਹਰੀ ਸੋ ਮੀਤ ਹਮਾਰਾ।। ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪਾਵਨ ਆਗਮਨ ਪੁਰਬ ਮਨਾਏ ਜਾਣ ਦੀਆਂ "ਅਦਾਰਾ ਅੰਬੇਦਕਰ ਟਾਈਮਜ਼" ਤੇ "ਦੇਸ਼ ਦੁਆਬਾ" ਦੇ ਮਾਣਯੋਗ ਪਾਠਕਾਂ, ਇਸ਼ਤਿਹਾਰ ਦਾਤਾ ਅਤੇ ਹੋਰ ਸਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਨ੍ਹਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾਂ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਸਾਹਿਬਾਨ ਜੀ ਦੇ ਅਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਅਵਾਜ਼ ਬੁਲੰਦ ਕਰਦਾ ਰਹੇਗਾ।

**– ਪ੍ਰੇਮ ਕੁਮਾਰ ਚੁੰਬਰ**

# ਹਿਰਾਸਤੀ ਤਸ਼ੱਦਦ ਅਤੇ ਮੌਤਾਂ ਬਾਰੇ ਚੁੱਪ ਕਿਉਂ

**ਅਸ਼ਵਨੀ ਕੁਮਾਰ**

ਸੰਜੇ ਭੰਡਾਰੀ ਹਵਾਲਗੀ ਕੇਸ (28 ਫਰਵਰੀ) ਵਿੱਚ ਲੰਡਨ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਵੱਲੋਂ ਹਵਾਲਗੀ ਖ਼ਿਲਾਫ਼ ਭਗੌੜੇ ਦੀ ਬਚਾਓ ਅਰਜ਼ੀ ਨੂੰ ਯੋਗ ਠਹਿਰਾਉਣਾ ਤੇ ਅਮਰੀਕੀ ਸੁਪਰੀਮ ਕੋਰਟ 'ਚ ਤਹੱਵੁਰ ਰਾਣਾ ਦੀ ਹਵਾਲਗੀ ਦੇ ਹੁਕਮ ਵਿਰੁੱਧ ਦਾਇਰ ਅਪੀਲ 'ਤੇ ਜਾਰੀ ਸੁਣਵਾਈ ਵੱਡੇ ਨਿਆਂਇਕ ਘਟਨਾਕ੍ਰਮ ਹਨ ਜਿਨ੍ਹਾਂ ਦੇ ਮੁਲਕ 'ਤੇ ਅਸਰ ਇਨ੍ਹਾਂ ਘਟਨਾਵਾਂ ਨਾਲੋਂ ਵੀ ਵੱਡੇ ਹਨ। ਉਮੀਦ ਹੈ ਕਿ ਇਹ ਮੁਕੱਦਮੇ ਸਰਕਾਰ ਨੂੰ ਹਲੂਣਾ ਦੇਣਗੇ ਕਿ ਉਹ ਤਸ਼ੱਦਦ ਵਿਰੁੱਧ ਵਿਆਪਕ ਕਾਨੂੰਨ ਬਣਾ ਕੇ ਮਾਨਵੀ ਹੱਕਾਂ ਦੇ ਰਖਵਾਲੇ ਵਜੋਂ ਭਾਰਤ ਦੇ ਦਾਅਵੇ ਨੂੰ ਪੱਕਾ ਕਰੇ ਅਤੇ ਦੇਸ਼ ਨੂੰ ਤਸ਼ੱਦਦ ਵਿਰੁੱਧ ਸੰਯੁਕਤ ਰਾਸ਼ਟਰ ਦੀ ਸੰਧੀ (ਯੂਐੱਨਸੀਏਟੀ/ਕਨਵੈਨਸ਼ਨ) ਪ੍ਰਵਾਨ ਕਰਨ ਲਈ ਪ੍ਰੇਰੇ।

ਸੰਜੇ ਭੰਡਾਰੀ ਟੈਕਸ ਚੋਰੀ ਤੇ ਮਨੀ ਲਾਂਡਰਿੰਗ ਦੇ ਦੋਸ਼ਾਂ 'ਚ ਭਾਰਤੀ ਸਰਕਾਰੀ ਵਕੀਲਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਤਹੱਵੁਰ ਰਾਣਾ ਦੀ 26/11 ਦੇ ਮੁੰਬਈ ਹਮਲਿਆਂ 'ਚ ਸਾਜ਼ਿਸ਼ਕਾਰ ਵਜੋਂ ਸ਼ਮੂਲੀਅਤ ਲਈ ਹਵਾਲਗੀ ਮੰਗੀ ਜਾ ਰਹੀ ਹੈ, ਰਾਣਾ ਦਾ ਬਚਾਅ ਦਰਅਸਲ ਭਾਰਤ 'ਚ ਹੁੰਦੇ ਹਿਰਾਸਤੀ ਤਸ਼ੱਦਦ ਦੇ ਭਰੋਸੇਯੋਗ ਸਬੂਤ ਪੇਸ਼ ਕਰ ਕੇ ਕੀਤਾ ਜਾ ਰਿਹਾ ਹੈ। ਭੰਡਾਰੀ ਦੇ ਕੇਸ ਵਿੱਚ ਜਸਟਿਸ ਹੋਲਰੋਇਡ ਤੇ ਸਟੇਨ ਨੇ ਹਵਾਲਗੀ ਬਾਰੇ ਭਾਰਤ ਸਰਕਾਰ ਦੀ ਅਰਜ਼ੀ ਪੜ੍ਹਦਿਆਂ ਦੇਖਿਆ ਕਿ ਭੰਡਾਰੀ ਨੂੰ ਭਾਰਤੀ ਜੇਲ੍ਹਾਂ ਵਿੱਚ ਹਿਰਾਸਤੀ ਤਸ਼ੱਦਦ ਦਾ ਗੰਭੀਰ ਖ਼ਤਰਾ ਹੈ ਤੇ ਇਹ ਕਿ ਭਾਰਤ ਨੇ ਅਜੇ ਤੱਕ ਯੂਐੱਨਸੀਏਟੀ ਨੂੰ ਨਹੀਂ ਸਵੀਕਾਰਿਆ। ਜੱਜਾਂ ਨੇ ਆਪਣੇ ਆਦੇਸ਼ 'ਚ ਜਿਹੜੇ ਸਬੂਤ ਜੋੜੇ ਹਨ, ਉਨ੍ਹਾਂ 'ਚ ਰਾਸ਼ਟਰਮੰਡਲ ਮਨੁੱਖੀ ਹੱਕਾਂ ਬਾਰੇ ਕਾਰਵਾਈ ਰਿਪੋਰਟ (ਅਕਤੂਬਰ 2018), ਐੱਨਸੀਏਟੀ ਦੀ ਭਾਰਤ ਵਿਚ ਤਸ਼ੱਦਦ 'ਤੇ 2020 ਦੀ ਸਾਲਾਨਾ ਰਿਪੋਰਟ, ਇੱਕਪਾਸੜ ਗ੍ਰਿਫ਼ਤਾਰੀ 'ਤੇ ਸੰਯੁਕਤ ਰਾਸ਼ਟਰ ਵਰਕਿੰਗ ਗਰੁੱਪ (ਯੂਐੱਨਡਬਲਿਊਜੀਏਡੀ) ਦਾ ਬਿਆਨ ਤੇ ਡੀਕੇ ਬਾਸੂ ਕੇਸ ਵਿੱਚ ਸੁਪਰੀਮ ਕੋਰਟ ਦਾ ਫ਼ੈਸਲਾ (1997) ਸ਼ਾਮਿਲ ਹਨ।



ਆਪਣੀ ਹਵਾਲਗੀ 'ਤੇ ਰੋਕ ਲਈ ਰਾਣਾ ਨੇ ਨਵੇਂ ਸਿਰਿਓਂ ਲਾਈ ਅਰਜ਼ੀ 'ਚ ਬਰਤਾਨੀਆ ਦੇ ਫ਼ੈਸਲੇ ਤੇ ਇਸ ਦੇ ਤਰਕਾਂ ਦਾ ਹਵਾਲਾ ਦਿੱਤਾ ਹੈ, ਭਾਰਤ ਨੂੰ ਹਵਾਲਗੀ ਵਿਰੁੱਧ ਪਾਈ ਉਸ ਦੀ ਹੈਬੀਅਸ ਕਾਰਪਸ ਪਟੀਸ਼ਨ 'ਤੇ ਸੁਣਵਾਈ ਅਜੇ ਚੱਲ ਰਹੀ ਹੈ। ਭਾਰਤੀ ਕਾਨੂੰਨ ਤੋਂ ਭਗੌੜੇ ਹੋਏ ਮੁਲਜ਼ਮਾਂ ਜਿਨ੍ਹਾਂ 'ਚ ਕਿਮ ਡੈਵੀ, ਜਗਤਾਰ ਜੌਹਲ, ਕ੍ਰਿਸਟੀਅਨ ਮਿਸ਼ੇਲ, ਮੇਹੁਲ ਚੋਕਸੀ ਤੇ ਨੀਰਵ ਮੋਦੀ ਸ਼ਾਮਿਲ ਹਨ, ਨੇ ਕਾਫੀ ਹੱਦ ਤੱਕ ਇਨ੍ਹਾਂ ਹੀ ਆਧਾਰਾਂ 'ਤੇ ਭਾਰਤ ਸਰਕਾਰ ਦੀਆਂ ਹਵਾਲਗੀ ਅਰਜ਼ੀਆਂ ਨੂੰ ਚੁਣੌਤੀ ਦਿੱਤੀ ਹੈ। ਇਸ ਨਾਲ ਕਾਨੂੰਨੀ ਖਲਾਅ ਉਜਾਗਰ ਹੋਇਆ ਹੈ, ਜਿਸ ਨੇ ਦੇਸ਼ ਦੇ ਅਪਰਾਧਕ ਨਿਆਂ ਢਾਂਚੇ ਦੀ ਪ੍ਰਭਾਵਸ਼ੀਲਤਾ ਨੂੰ ਦਾਅ ਉੱਤੇ ਲਾ ਦਿੱਤਾ ਹੈ।

ਸੰਧੀ ਨੂੰ ਅੰਗੀਕਾਰ ਕਰਨ 'ਚ ਭਾਰਤ ਸਰਕਾਰ ਦੀ ਨਾਕਾਮੀ 'ਤੇ ਸੰਯੁਕਤ ਰਾਸ਼ਟਰ ਦੀਆਂ ਵਿਸ਼ਵਵਿਆਪੀ ਮਿਆਦੀ ਸਮੀਖਿਆ ਬੈਠਕਾਂ 'ਚ ਤਿੱਖੀਆਂ ਟਿੱਪਣੀਆਂ ਕੀਤੀਆਂ ਗਈਆਂ ਹਨ, ਖ਼ਾਸ ਤੌਰ 'ਤੇ ਸਰਕਾਰ ਵੱਲੋਂ ਇਸ ਨੂੰ ਸਵੀਕਾਰਨ ਦਾ ਭਰੋਸਾ ਦੇ ਕੇ ਵੀ ਨਾ ਪ੍ਰਵਾਨ ਕਰਨ 'ਤੇ ਆਲੋਚਨਾਤਮਕ ਪ੍ਰਤੀਕਿਰਿਆ ਆਈ ਹੈ। ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਤਸ਼ੱਦਦ ਵਿਰੁੱਧ ਸਭ ਤੋਂ ਪੁਰਾਣੇ ਕੁਝ ਐਲਾਨਨਾਮੇ ਭਾਰਤ ਵੱਲੋਂ ਆਰੰਭੇ ਗਏ ਸਨ ਤੇ ਇਸ ਨੇ ਤਸ਼ੱਦਦ ਵਿਰੁੱਧ ਕਈ ਹੋਰ ਕੌਮਾਂਤਰੀ ਸੰਧੀਆਂ ਨੂੰ ਸਵੀਕਾਰਿਆ ਵੀ ਹੈ, ਜਿਨ੍ਹਾਂ 'ਚ ਮਾਨਵੀ ਹੱਕਾਂ 'ਤੇ ਵਿਸ਼ਵਵਿਆਪੀ ਐਲਾਨਨਾਮਾ (1948) ਤੇ ਨਾਗਰਿਕ ਅਤੇ ਸਿਆਸੀ ਹੱਕਾਂ ਬਾਰੇ ਕੌਮਾਂਤਰੀ ਇਕਰਾਰਨਾਮਾ (1976) ਸ਼ਾਮਿਲ ਹਨ। ਯੂਐੱਨਸੀਏਟੀ ਨੂੰ ਸਵੀਕਾਰਨ 'ਚ ਸਰਕਾਰ ਦੀ ਦੁਬਿਧਾ ਸਮਝ ਤੋਂ ਪਰ੍ਹੇ ਹੈ। ਸੰਵਿਧਾਨ ਦੀ ਧਾਰਾ 51(ਸੀ) ਤੇ 253 ਉਨ੍ਹਾਂ ਕੌਮਾਂਤਰੀ ਸੰਧੀਆਂ ਲਈ ਸਤਿਕਾਰ ਦੀ ਗੱਲ ਕਰਦੇ ਹਨ ਜਿਨ੍ਹਾਂ 'ਚ ਭਾਰਤ ਇੱਕ ਧਿਰ ਹੈ (ਨਾਲਸਾ 2014, ਵਿਸ਼ਾਖਾ 1997 ਤੇ ਹੋਰ)। ਅਫ਼ਸੋਸ ਕਿ ਮਨੁੱਖੀ ਮਰਿਆਦਾ, ਨਿੱਜਤਾ ਤੇ ਆਜ਼ਾਦੀ ਦੇ ਆਲਮੀ ਮਾਨਤਾ ਪ੍ਰਾਪਤ ਹੱਕਾਂ ਪ੍ਰਤੀ ਸਪੱਸ਼ਟ ਵਚਨਬੱਧਤਾ ਰੱਖਣ ਦੇ ਬਾਵਜੂਦ, ਭਾਰਤ ਅਜੇ ਤੱਕ ਖ਼ੁਦ ਨੂੰ ਸੰਧੀ ਦੀ ਪੁਸ਼ਟੀ ਨਾ ਕਰਨ ਵਾਲੇ ਕਈ ਬਦਨਾਮ ਤੇ ਤਾਨਾਸ਼ਾਹ ਦੇਸ਼ਾਂ ਜਿਵੇਂ ਅੰਗੋਲਾ, ਬਰੂਨੇਈ, ਕੋਮੋਰੋਸ, ਗਾਂਬੀਆ, ਹੈਤੀ ਤੇ ਸੂਡਾਨ ਦੀ ਕਤਾਰ ਵਿੱਚ ਖੜ੍ਹਾ ਦੇਖ ਰਿਹਾ ਹੈ।

ਲੋਕਾਂ ਦੀਆਂ ਸੰਵੇਦਨਾਵਾਂ ਦੇ ਮੱਦੇਨਜ਼ਰ ਤਸ਼ੱਦਦ ਨੂੰ ਗ਼ੈਰ-ਕਾਨੂੰਨੀ ਐਲਾਨਣ ਲਈ ਵਿਆਪਕ ਰਾਜਨੀਤਕ ਸਹਿਮਤੀ ਨੂੰ ਦਰਸਾਉਂਦਿਆਂ ਰਾਜ ਸਭਾ ਦੀ ਚੋਣਵੀਂ ਕਮੇਟੀ ਨੇ 2010 ਵਿੱਚ ਹੀ ਤਸ਼ੱਦਦ ਵਿਰੋਧੀ ਕਾਨੂੰਨ ਬਣਾਉਣ ਦੀ ਸਿਫ਼ਾਰਿਸ਼ ਕੀਤੀ ਸੀ। ਲਾਅ ਕਮਿਸ਼ਨ ਨੇ ਵੀ ਆਪਣੀ 273ਵੀਂ ਰਿਪੋਰਟ (2017) ਵਿੱਚ ਸਰਕਾਰ ਦੇ ਧਿਆਨ ਹਿੱਤ ਤਜਵੀਜ਼ਸ਼ੁਦਾ ਕਾਨੂੰਨ ਦਾ ਖਰੜਾ ਪੇਸ਼ ਕੀਤਾ ਸੀ। ਭਾਰਤ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਤਸ਼ੱਦਦ ਵਿਰੁੱਧ ਇਸੇ ਤਰ੍ਹਾਂ ਦੇ ਵੱਖਰੇ ਕਾਨੂੰਨ ਦਾ ਪੱਖ ਪੂਰਿਆ ਹੈ। ਸੰਵਿਧਾਨ ਦੀ ਧਾਰਾ 21 ਦੀ ਵਿਸਤਾਰ 'ਚ ਵਿਆਖਿਆ ਕਰਦਿਆਂ ਸੁਪਰੀਮ ਕੋਰਟ ਨੇ ਤਾਕੀਦ ਕੀਤੀ ਹੈ ਕਿ ਤਸ਼ੱਦਦ ਕਿਸੇ ਵੀ ਰੂਪ ਵਿੱਚ ਮਰਿਆਦਾ ਤੇ ਨਿੱਜਤਾ ਦੇ ਪਾਵਨ ਹੱਕ ਦੀ ਨਾ-ਮਨਜ਼ੂਰ ਉਲੰਘਣਾ ਹੈ (ਡੀਕੇ ਬਾਸੂ 1997, ਪੁੱਟਾਸਵਾਮੀ 2017, ਨਾਂਬੀ ਨਾਰਾਇਣਨ 2018, ਰੋਮਿਲਾ ਥਾਪਰ 2018 ਕੇਸ)। ਇੱਥੋਂ ਤੱਕ ਕਿ ਅਸ਼ਵਨੀ ਕੁਮਾਰ (2019) ਮਾਮਲੇ 'ਚ, ਸਰਬਉੱਚ ਅਦਾਲਤ ਸਰਕਾਰ ਨੂੰ ਇਸ ਚੀਜ਼ ਲਈ ਵੀ ਹੁੱਝ ਮਾਰਨ ਦੇ ਕਾਬਿਲ ਨਹੀਂ ਬਣ ਸਕੀ ਕਿ ਉਹ ਲੋੜੀਂਦਾ ਕਾਨੂੰਨ ਬਣਾਉਣ 'ਤੇ ਵਿਚਾਰ ਕਰੇ, ਬਾਵਜੂਦ ਇਸ ਦੇ ਕਿ ਕਈ ਫ਼ੈਸਲਿਆਂ ਵਿੱਚ ਇਸ ਨੇ ਵੱਖ-ਵੱਖ ਵਿਸ਼ਿਆਂ ਉੱਤੇ ਢੁੱਕਵੇਂ ਕਾਨੂੰਨ ਬਣਾਉਣ ਦਾ ਸੁਝਾਅ ਦਿੱਤਾ ਹੈ (ਤਹਿਸੀਨ ਪੂਨਾਵਾਲਾ 2018, ਰਣਵੀਰ ਅਲਾਹਾਬਾਦੀਆ 2025 ਕੇਸ ਆਦਿ)। ਅਦਾਲਤ ਇਹ ਸਵੀਕਾਰਨ 'ਚ ਨਾਕਾਮ ਰਹੀ ਹੈ ਕਿ "ਕਾਨੂੰਨ ਦੀ ਘਾਟ ਸ਼ਾਇਦ ਕਾਨੂੰਨੀ ਹਕੀਕਤ ਦੇ ਸਿਧਾਂਤ ਦੇ ਉਲਟ ਹੈ", ਕਿ "ਅਦਾਲਤ ਦਾ ਇਹ ਕੰਮ ਹੈ ਕਿ ਉਹ ਕਾਰਗਰ ਉਪਾਅ ਉਪਲੱਬਧ ਕਰਵਾਏ" ਤੇ ਇਹ ਵੀ ਕਿ "ਸੰਵਿਧਾਨਕ ਅਦਾਲਤਾਂ ਲਈ ਇਹ ਨਿਆਂਸੰਗਤ ਹੈ ਕਿ ਉਹ ਵਿਧਾਨਪਾਲਿਕਾ ਨੂੰ ਵਾਜਿਬ ਕਾਨੂੰਨ ਲਿਆਉਣ 'ਚ ਉਸ ਦੀ ਨਾਕਾਮੀ ਤੋਂ ਖ਼ਬਰਦਾਰ ਕਰਨ।"

ਸਾਇਰਾ ਬਾਨੋ ਕੇਸ (2017) ਵਿੱਚ ਵੀ ਖ਼ਬਰਦਾਰ ਕੀਤਾ ਗਿਆ ਸੀ ਕਿ ਸਰਕਾਰ ਦੇ ਬਾਕੀ ਅੰਗਾਂ ਦੀ ਉਦਾਸੀਨਤਾ ਜਾਂ ਦੁਚਿੱਤੀ ਕਾਰਨ ਸੰਵਿਧਾਨਕ ਹੱਕ ਖ਼ਤਰੇ 'ਚ ਪੈ ਸਕਦੇ ਹਨ, ਤਸ਼ੱਦਦ ਵਿਰੁੱਧ ਵਿਆਪਕ ਕਾਨੂੰਨ ਬਣਾਉਣ ਦਾ ਰਾਹ ਤਿਆਰ ਕਰਨ ਵਿੱਚ ਸਰਕਾਰ ਦੀ ਨਾਕਾਮੀ ਸਵੀਕਾਰਨ ਯੋਗ ਨਹੀਂ।

ਇਨ੍ਹਾਂ ਆਧਾਰਾਂ 'ਤੇ ਹਵਾਲਗੀ ਦੇ ਕੇਸ, ਲੋਕਰਾਜੀ ਮੁਲਕ ਵੱਲੋਂ ਆਪਣੀ ਗਹਿਰੀ ਸੰਵਿਧਾਨਕ ਤੇ ਆਲਮੀ ਵਚਨਬੱਧਤਾ ਪੂਰਨ ਬਾਰੇ ਬਹੁਤ ਮਹੱਤਵਪੂਰਨ ਤੇ ਵੱਡੇ ਸਵਾਲ ਖੜ੍ਹੇ ਕਰਦੇ ਹਨ। ਕੀ ਕਿਸੇ ਜਮਹੂਰੀ ਮੁਲਕ ਵੱਲੋਂ ਕੋਈ ਕਦਮ ਨਾ ਚੁੱਕਣਾ, ਕੌਮੀ ਸਰਬਸੰਮਤੀ ਰੱਖਦੇ ਬੁਨਿਆਦੀ ਮਾਨਵੀ ਮੁੱਦੇ ਪ੍ਰਤੀ ਨਿਰਲੱਜ ਤ੍ਰਿਸਕਾਰ ਦਾ ਮੁਜ਼ਾਹਰਾ ਨਹੀਂ। ਕਈ ਸਾਲਾਂ ਤੋਂ ਤਸ਼ੱਦਦ ਵਿਰੋਧੀ ਭਰੋਸੇਯੋਗ ਕਾਨੂੰਨ ਬਣਾਉਣ ਵਿੱਚ ਸਰਕਾਰ ਦੀ ਅਸਫਲਤਾ, ਜਮਹੂਰੀ ਕਾਰਕਾਂ ਵਜੋਂ ਸਾਡੀ ਰਾਜਨੀਤੀ ਦੀ ਕਮਜ਼ੋਰੀ ਤੇ ਸਿਆਸੀ ਧਿਰਾਂ ਦੀ ਉਦਾਸੀਨਤਾ ਦੀ ਨਿਸ਼ਾਨੀ ਹੈ ਜੋ ਗਣਰਾਜ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਨੂੰ ਅੱਗੇ ਵਧਾਉਣ ਵਾਲੇ ਪ੍ਰਮੁੱਖ ਨੀਤੀਗਤ ਫ਼ੈਸਲੇ ਲੈਣ 'ਚ ਨਾਕਾਮ ਰਹੀਆਂ ਹਨ।

ਇਹ ਤਾਂ ਸਮਾਂ ਹੀ ਦੱਸੇਗਾ ਕਿ ਉੱਪਰ ਬਿਆਨੇ ਕੇਸ ਪ੍ਰੋਫੈਸਰ ਹੈਰਾਲਡ ਲਾਸਕੀ ਦੇ ਡੂੰਘੇ ਨਜ਼ਰੀਏ "ਵਿਚਾਰਾਂ ਨੂੰ ਫੁੱਟਣ ਲਈ ਉਨ੍ਹਾਂ ਘਟਨਾਵਾਂ ਦਾ ਇੰਤਜ਼ਾਰ ਕਰਨਾ ਪੈਂਦਾ ਹੈ ਜਿਹੜੇ ਉਨ੍ਹਾਂ ਨੂੰ ਜਨਮ ਦਿੰਦੇ ਹਨ" ਉੱਤੇ ਢੁੱਕਦੇ ਹਨ ਜਾਂ ਨਹੀਂ। ਗੁਆਂਟਾਨਾਮੋ ਬੇਅ ਦੇ ਮਾਮਲੇ ਤੋਂ ਸਬਕ ਸਿੱਖਦਿਆਂ ਕਿ ਸਰਕਾਰੀ ਹਿਰਾਸਤ ਵਿੱਚ ਤਸੀਹੇ ਲੋਕਤੰਤਰ ਦੀ 'ਸੌਫਟ ਪਾਵਰ' ਨੂੰ ਡੂੰਘੀ ਸੱਟ ਮਾਰ ਸਕਦੇ ਹਨ, ਭਾਰਤ ਸਰਕਾਰ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਸੰਧੀ ਉੱਤੇ ਸਹੀ ਪਾ ਕੇ ਗਣਰਾਜ ਦੇ ਬੁਨਿਆਦੀ ਸਿਧਾਂਤਾਂ ਦੀ ਪੁਸ਼ਟੀ ਕਰੇ। ਲੋਕਤੰਤਰ ਨਾਲ ਬੱਝੇ ਅਤੇ ਸੰਸਾਰ ਦੇ ਨੈਤਿਕ ਸਾਲਸ ਦੀ ਭੂਮਿਕਾ ਨਿਭਾ ਰਹੇ ਮੁਲਕ ਲਈ ਹੁਣ ਸਮਾਂ ਆ ਚੁੱਕਾ ਹੈ ਕਿ ਉਹ ਇਹ ਸਮਝੇ ਕਿ ਅਸਥਿਰ ਲੋਕਤੰਤਰ ਉੱਭਰ ਰਹੇ ਭਾਰਤ ਲਈ ਹਾਨੀਕਾਰਕ ਹੈ ਅਤੇ ਤਸ਼ੱਦਦ ਕਿਸੇ ਵੀ ਰੂਪ ਵਿੱਚ "... ਰੂਹ 'ਤੇ ਹੋਏ ਅਜਿਹੇ ਅਦਿੱਖ ਜ਼ਖ਼ਮ ਵਰਗਾ ਹੈ ਜਿਸ ਦਾ ਕੋਈ ਇਲਾਜ ਨਹੀਂ ਹੈ..."।

# ਕੀ ਬੰਗਲਾਦੇਸ਼ 'ਚ ਮੁੜ ਹੋਵੇਗਾ ਤਖ਼ਤਾਪਲਟ?

ਨਵੀਂ ਦਿੱਲੀ- ਗੁਆਂਢੀ ਬੰਗਲਾਦੇਸ਼ ਵਿੱਚ ਹਾਲਹੀ ਵਿੱਚ ਹੋਏ ਘਟਨਾਕ੍ਰਮ ਤੋਂ ਬਾਅਦ ਦੇਸ਼ ਭਰ ਵਿੱਚ ਫ਼ੌਜੀ ਕਰਮਚਾਰੀਆਂ ਅਤੇ ਸੁਰੱਖਿਆ ਬਲਾਂ ਦੀ ਤਾਇਨਾਤੀ ਵਧਾ ਦਿੱਤੀ ਗਈ ਹੈ। ਬੰਗਲਾਦੇਸ਼ ਵਿੱਚ ਤਖ਼ਤਾਪਲਟ ਦੀਆਂ ਅਫਵਾਹਾਂ ਸੋਸ਼ਲ ਮੀਡੀਆ 'ਤੇ ਬਹੁਤ ਫੈਲੀਆਂ ਹੋਈਆਂ ਹਨ, ਖਾਸ ਕਰਕੇ ਦੇਸ਼ ਦੀ ਰਾਜਧਾਨੀ ਢਾਕਾ ਵਿੱਚ ਫ਼ੌਜੀ ਕਰਮਚਾਰੀਆਂ ਦੀ ਤਾਇਨਾਤੀ ਕਾਰਨ। ਹਾਲਾਂਕਿ, ਇਸ ਤੇਜ਼ੀ ਨਾਲ ਫੈਲ ਰਹੀ ਅਫਵਾਹ ਬਾਰੇ ਅੰਤਰਿਮ ਸਰਕਾਰ ਦੇ ਮੁਖੀ ਪ੍ਰੋਫੈਸਰ ਮੁਹੰਮਦ ਯੂਨਸ ਅਤੇ ਫ਼ੌਜ ਮੁਖੀ ਵਕਾਰ ਉਜ਼ ਜ਼ਮਾਨ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਗਈ ਹੈ। ਮੰਨਿਆ ਜਾਂਦਾ ਹੈ ਕਿ ਫ਼ੌਜ ਮੁਖੀ ਵਕਾਰ-ਉਜ਼-ਜ਼ਮਾਨ ਇਨ੍ਹਾਂ ਕਥਿਤ ਘਟਨਾਵਾਂ ਦੇ ਕੇਂਦਰ ਵਿੱਚ ਹਨ। ਇਹ ਇਸ ਲਈ ਹੈ ਕਿਉਂਕਿ ਬੰਗਲਾਦੇਸ਼ ਦੇ ਅੰਤਰਿਮ ਨੇਤਾ ਮੁਹੰਮਦ ਯੂਨਸ ਨੂੰ ਲਗਾਤਾਰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਬੰਗਲਾਦੇਸ਼ ਵਿੱਚ ਤਖ਼ਤਾਪਲਟ ਦੀਆਂ ਅਟਕਲਾਂ ਤੇਜ਼**

ਗੁਆਂਢੀ ਦੇਸ਼ ਵਿੱਚ ਫ਼ੌਜ ਦੀਆਂ ਮੀਟਿੰਗਾਂ ਦੀਆਂ ਰਿਪੋਰਟਾਂ ਨੇ ਇਨ੍ਹਾਂ ਅਟਕਲਾਂ ਨੂੰ ਹੋਰ ਮਜ਼ਬੂਤੀ ਦਿੱਤੀ ਹੈ। ਇਹ ਮੰਨਿਆ ਜਾਂਦਾ ਹੈ ਕਿ ਫ਼ੌਜ ਮੁਖੀ ਨੂੰ ਦੇਸ਼ ਦੀ ਰਾਜਨੀਤਿਕ ਸਥਿਤੀ ਬਾਰੇ ਲੋੜੀਂਦੀ ਜਾਣਕਾਰੀ ਨਹੀਂ ਹੈ। ਦੱਸਿਆ ਜਾ ਰਿਹਾ ਹੈ ਕਿ ਫ਼ੌਜ ਮੁਖੀ ਨੇ ਦੇਸ਼ ਵਿੱਚ ਅੱਤਵਾਦੀ ਹਮਲਿਆਂ ਵਿਰੁੱਧ ਵੀ ਚੇਤਾਵਨੀ ਦਿੱਤੀ ਹੈ। ਇਸ ਦੇ ਨਾਲ ਹੀ ਦੇਸ਼ ਵਿੱਚ ਚੌਕਸੀ ਅਤੇ ਸੁਰੱਖਿਆ ਵਧਾਉਣ ਦਾ ਸੱਦਾ ਦਿੱਤਾ ਗਿਆ ਹੈ। ਫ਼ੌਜ ਮੁਖੀ ਵਕਾਰ-ਉਜ਼-ਜ਼ਮਾਨ ਨੇ ਪਿਛਲੇ ਹਫ਼ਤੇ ਆਪਣੇ ਉੱਚ ਸਹਿਯੋਗੀਆਂ ਨਾਲ ਇੱਕ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਸੱਤਾਧਾਰੀ ਪਾਰਟੀ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਨੇ ਰਾਜਨੀਤਿਕ ਵਿਸ਼ਲੇਸ਼ਕਾਂ ਨੂੰ ਸਰਕਾਰ ਅਤੇ ਫ਼ੌਜ ਮੁਖੀ ਵਿਚਕਾਰ ਕੁਝ ਮਤਭੇਦਾਂ ਦਾ ਅੰਦਾਜ਼ਾ ਲਗਾਉਣ ਲਈ ਮਜਬੂਰ ਕਰ ਦਿੱਤਾ ਹੈ। ਸੂਤਰਾਂ ਦੀ ਮੰਨੀਏ ਤਾਂ ਮੀਟਿੰਗਾਂ ਵਿੱਚ ਫ਼ੌਜ ਮੁਖੀ ਨੇ ਦੇਸ਼ ਵਿੱਚ ਵਧ ਰਹੇ ਕੱਟੜਵਾਦ ਦੇ ਵਿਚਕਾਰ ਸੁਰੱਖਿਆ ਉਪਾਵਾਂ 'ਤੇ ਚਰਚਾ ਕੀਤੀ।

**ਨਵੀਂ ਅੰਤਰਿਮ ਸਰਕਾਰ ਬਣਾਉਣ ਦੀਆਂ ਤਿਆਰੀਆਂ?**

ਇਹ ਧਿਆਨ ਦੇਣ ਯੋਗ ਹੈ ਕਿ ਵਿਦਿਆਰਥੀ-ਅਗਵਾਈ ਵਾਲੀ ਅਮਰ ਬੰਗਲਾਦੇਸ਼ ਪਾਰਟੀ ਦੇ ਜਨਰਲ ਸਕੱਤਰ ਅਸਦੁਜ਼ਮਾਨ ਫੁਆਦ ਨੇ ਦੋਸ਼ ਲਗਾਇਆ ਕਿ ਫ਼ੌਜ ਮੁਖੀ ਰਾਸ਼ਟਰਪਤੀ ਮੁਹੰਮਦ ਸ਼ਹਾਬੁਦੀਨ ਨਾਲ ਮਿਲ ਕੇ ਨਵੀਂ ਅੰਤਰਿਮ ਸਰਕਾਰ ਬਣਾਉਣ ਦੀ ਸਾਜ਼ਿਸ਼ ਰਚ ਰਹੇ ਹਨ।

ਅਸਦੁਜ਼ਮਾਨ ਫੁਆਦ ਨੇ ਕਿਹਾ ਕਿ ਤੁਸੀਂ ਦੇਖ ਸਕਦੇ ਹੋ ਕਿ ਫ਼ੌਜ ਮੁਖੀ ਕੁਝ ਅਖੌਤੀ ਮੀਟਿੰਗਾਂ ਕਰ ਰਹੇ ਹਨ ਅਤੇ ਇੱਕ ਨਵੀਂ ਸਾਜ਼ਿਸ਼ ਵਿੱਚ ਸ਼ਾਮਲ ਹਨ। ਇਹ ਦੇਖਣ ਲਈ ਕਿ ਰਾਸ਼ਟਰਪਤੀ ਦੀ ਅਗਵਾਈ ਹੇਠ ਇੱਕ ਨਵੀਂ ਅੰਤਰਿਮ ਸਰਕਾਰ ਕਿਵੇਂ ਬਣਾਈ ਜਾ ਸਕਦੀ ਹੈ। ਇਹ ਸਾਬਕਾ ਰਾਸ਼ਟਰਪਤੀ ਸ਼ੇਖ ਹਸੀਨਾ ਦਾ ਗੁਲਾਮ ਕੁੱਤਾ ਹੈ। ਜੇ ਤੁਸੀਂ ਸ਼ਹਾਬੁਦੀਨ ਨਾਲ ਦੇਸ਼ ਚਲਾਉਣ ਦੀ ਕੋਸ਼ਿਸ਼ ਕਰੋਗੇ, ਤਾਂ ਲੱਖਾਂ ਅਬੂ ਸਈਦ ਆਪਣੀਆਂ ਜਾਨਾਂ ਕੁਰਬਾਨ ਕਰ ਦੇਣਗੇ ਅਤੇ ਛਾਉਣੀ ਨੂੰ ਉਡਾ ਦੇਣਗੇ। ਬੰਗਲਾਦੇਸ਼ ਨਾਲ ਕਿਸੇ ਵੀ ਵਿਵਾਦ ਵਿੱਚ ਨਾ ਪਓ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸੰਭਾਵੀ ਜੰਗਬੰਦੀ ਲਈ ਅਮਰੀਕਾ ਵੱਲੋਂ ਯੂਕਰੇਨ ਮਗਰੋਂ ਰੂਸ ਨਾਲ ਗੱਲਬਾਤ



**ਦੁਬਈ–** ਅਮਰੀਕੀ ਵਾਰਤਾਕਾਰਾਂ ਨੇ ਯੂਕਰੇਨ ਵਿੱਚ ਸੰਭਾਵੀ ਜੰਗਬੰਦੀ ਮਾਮਲੇ ਸਬੰਧੀ ਯੂਕਰੇਨੀ ਟੀਮ ਨਾਲ ਵੱਖਰੀ ਗੱਲਬਾਤ ਕਰਨ ਤੋਂ ਇੱਕ ਦਿਨ ਬਾਅਦ ਰੂਸ ਦੇ ਨੁਮਾਇੰਦਿਆਂ ਨਾਲ ਵੀ ਮੁਲਾਕਾਤ ਕੀਤੀ। ਰੂਸ ਅਤੇ ਯੂਕਰੇਨ ਨੇ ਇੱਕ-ਦੂਜੇ 'ਤੇ ਤਿੰਨ ਸਾਲ ਤੋਂ ਚਲੀ ਆ ਰਹੀ ਜੰਗ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਨੂੰ ਕਮਜ਼ੋਰ ਕਰਨ ਦਾ ਦੋਸ਼ ਲਾਇਆ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਰੂਸ ਅਤੇ ਯੂਕਰੇਨ ਦੇ ਆਗੂਆਂ ਨਾਲ ਗੱਲਬਾਤ ਕੀਤੇ ਜਾਣ ਮਗਰੋਂ ਬੁੱਧਵਾਰ ਨੂੰ ਦੋਵੇਂ ਦੇਸ਼ (ਰੂਸ ਅਤੇ ਯੂਕਰੇਨ) ਸੀਮਤ ਜੰਗਬੰਦੀ ਬਾਰੇ ਸਿਧਾਂਤਕ ਤੌਰ 'ਤੇ ਸਹਿਮਤ ਹੋ ਗਏ ਸਨ। ਹਾਲਾਂਕਿ, ਰੂਸ ਅਤੇ ਯੂਕਰੇਨ ਨੇ ਇਸ ਗੱਲ 'ਤੇ ਵੱਖੋ-ਵੱਖਰੇ ਵਿਚਾਰ ਪ੍ਰਗਟ ਕੀਤੇ ਕਿ ਕਿਹੜੇ ਬੁਨਿਆਦੀ ਢਾਂਚਿਆਂ 'ਤੇ ਹਮਲੇ ਕਰਨ ਦੀ ਮਨਾਹੀ ਹੋਵੇਗੀ।

ਰੂਸ ਦੀਆਂ ਸਰਕਾਰੀ ਖ਼ਬਰ ਏਜੰਸੀਆਂ 'ਤਾਸ' ਅਤੇ 'ਆਰਆਈਏ-ਨੋਵੋਸਤੀ' ਨੇ ਦੱਸਿਆ ਕਿ ਅਮਰੀਕਾ ਅਤੇ ਰੂਸ ਦੇ ਨੁਮਾਇੰਦਿਆਂ ਨੇ ਸਵੇਰੇ ਸਾਊਦੀ ਅਰਬ ਦੀ ਰਾਜਧਾਨੀ ਵਿੱਚ ਮੁਲਾਕਾਤ ਕੀਤੀ। ਇਸ ਤੋਂ ਪਹਿਲਾਂ ਅਮਰੀਕਾ ਅਤੇ ਯੂਕਰੇਨ ਦੀਆਂ ਟੀਮਾਂ ਨੇ ਐਤਵਾਰ ਨੂੰ ਰਿਆਧ ਵਿੱਚ ਗੱਲਬਾਤ ਕੀਤੀ ਸੀ। ਯੂਕਰੇਨੀ ਰਾਸ਼ਟਰਪਤੀ ਦੇ ਸਲਾਹਕਾਰ ਸੇਰਹੀ ਲੇਸ਼ਚੈਂਕੋ ਨੇ ਕਿਹਾ ਕਿ ਵਫ਼ਦ ਰਿਆਧ ਵਿੱਚ ਹੀ ਰਹੇਗਾ ਅਤੇ ਅਮਰੀਕੀਆਂ ਨਾਲ ਮੁੜ ਗੱਲਬਾਤ ਦੀ ਉਮੀਦ ਹੈ।

ਇਸੇ ਦੌਰਾਨ ਰੂਸ ਤੇ ਯੂਕਰੇਨ ਦੋਵਾਂ ਵੱਲੋਂ ਇੱਕ-ਦੂਜੇ ਖ਼ਿਲਾਫ਼ ਹਮਲੇ ਜਾਰੀ ਰੱਖੇ ਹੋਏ ਹਨ। ਕ੍ਰੈਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਕਿਹਾ ਕਿ ਰੂਸੀ ਫੌਜ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ 30 ਦਿਨਾਂ ਵਾਸਤੇ ਊਰਜਾ ਢਾਂਚੇ 'ਤੇ ਹਮਲੇ ਰੋਕਣ ਦੇ ਆਦੇਸ਼ ਦੀ ਪਾਲਣਾ ਕਰ ਰਹੀ ਹੈ।

# ਟਰੰਪ ਦਾ ਵੱਡਾ ਐਲਾਨ, ਵੋਟ ਪਾਉਣ ਲਈ ਦੇਣਾ ਪਵੇਗਾ ਨਾਗਰਿਕਤਾ ਦਾ ਸਬੂਤ

ਅਮਰੀਕਾ 'ਚ ਡੋਨਾਲਡ ਟਰੰਪ ਰਾਸ਼ਟਰਪਤੀ ਬਣਨ ਤੋਂ ਬਾਅਦ ਇਕ ਤੋਂ ਬਾਅਦ ਇਕ ਵਾਰ ਕਰ ਰਹੇ ਹਨ। ਹੁਣ ਟਰੰਪ ਨੇ ਮੰਗਲਵਾਰ ਨੂੰ ਇੱਕ ਮਹੱਤਵਪੂਰਨ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ ਹਨ ਜਿਸ ਵਿੱਚ ਅਮਰੀਕੀ ਚੋਣ ਪ੍ਰਕਿਰਿਆ ਵਿੱਚ ਵਿਆਪਕ ਬਦਲਾਅ ਕੀਤੇ ਗਏ ਹਨ। ਇਸ ਤਹਿਤ ਹੁਣ ਅਮਰੀਕਾ ਵਿੱਚ ਸੰਘੀ ਚੋਣਾਂ ਵਿੱਚ ਵੋਟ ਪਾਉਣ ਲਈ ਅਮਰੀਕੀ ਨਾਗਰਿਕਤਾ ਲਾਜ਼ਮੀ ਹੋਵੇਗੀ। ਇਸਦਾ ਮਤਲਬ ਇਹ ਹੋਵੇਗਾ ਕਿ ਫੈਡਰਲ ਚੋਣਾਂ ਵਿੱਚ ਵੋਟ ਪਾਉਣ ਲਈ ਰਜਿਸਟਰ ਕਰਨ ਲਈ ਨਾਗਰਿਕਤਾ ਦੇ ਦਸਤਾਵੇਜ਼ਾਂ ਦੀ ਲੋੜ ਹੋਵੇਗੀ।

ਨਾਗਰਿਕਤਾ ਦਾ ਦਸਤਾਵੇਜ਼ੀ ਸਬੂਤ, ਜਿਵੇਂ ਕਿ ਪਾਸਪੋਰਟ, ਵੋਟਰ ਰਜਿਸਟ੍ਰੇਸ਼ਨ ਲਈ ਲਾਜ਼ਮੀ ਹੋਵੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਚੋਣਾਂ ਵਾਲੇ ਦਿਨ ਤੱਕ ਸਾਰੀਆਂ ਬੈਲਟ ਪ੍ਰਾਪਤ ਹੋ ਜਾਣ। ਟਰੰਪ ਮੁਤਾਬਕ ਇਸ ਹੁਕਮ ਦਾ ਮਕਸਦ ਚੋਣਾਂ 'ਚ ਪਾਰਦਰਸ਼ਤਾ ਅਤੇ ਨਿਰਪੱਖਤਾ ਨੂੰ ਯਕੀਨੀ ਬਣਾਉਣਾ ਹੈ।

ਆਰਡਰ ਤਹਿਤ, ਵੋਟਰ ਹੁਣ ਨਾਗਰਿਕਤਾ ਦੇ ਦਸਤਾਵੇਜ਼ੀ ਸਬੂਤ ਤੋਂ ਬਿਨਾਂ ਸੰਘੀ ਚੋਣਾਂ ਵਿੱਚ ਵੋਟ ਪਾਉਣ ਲਈ ਰਜਿਸਟਰ ਨਹੀਂ ਕਰ ਸਕਣਗੇ। ਇਸ ਤੋਂ ਇਲਾਵਾ, ਚੋਣ ਵਾਲੇ ਦਿਨ ਤੱਕ ਸਾਰੇ ਬੈਲਟ ਪੇਪਰ ਪ੍ਰਾਪਤ ਕਰਨੇ ਜ਼ਰੂਰੀ ਹੋਣਗੇ।

# ਕੈਨੇਡਾ ਨੇ ਇਮੀਗ੍ਰੇਸ਼ਨ ਧੋਖਾਧੜੀ ਨੂੰ ਰੋਕਣ ਲਈ ਚੁੱਕਿਆ ਵੱਡਾ ਕਦਮ

**ਟੋਰਾਂਟੋ–** ਇੱਕ ਮਹੱਤਵਪੂਰਨ ਨੀਤੀਗਤ ਤਬਦੀਲੀ 'ਚ ਕੈਨੇਡਾ ਇਮੀਗ੍ਰੇਸ਼ਨ ਨੇ ਵਾਧੂ ਵਿਆਪਕ ਰੈਂਕਿੰਗ ਸਿਸਟਮ ਅੰਕ ਹਟਾ ਦਿੱਤੇ ਹਨ, ਜੋ ਪਹਿਲਾਂ ਐਕਸਪ੍ਰੈਸ ਐਂਟਰੀ ਉਮੀਦਵਾਰਾਂ ਨੂੰ ਵਰਕ ਪਰਮਿਟ ਨੌਕਰੀ ਦੀਆਂ ਪੇਸ਼ਕਸ਼ਾਂ ਵਾਲੇ ਬਿਨੈਕਾਰਾਂ ਨੂੰ ਦਿੱਤੇ ਜਾਂਦੇ ਸਨ। ਇਨ੍ਹਾਂ 'ਚ ਲੇਬਰ ਮਾਰਕੀਟ ਪ੍ਰਭਾਵ ਮੁਲਾਂਕਣ ਦੁਆਰਾ ਸਮਰਥਤ ਅੰਕ ਵੀ ਸ਼ਾਮਲ ਹਨ। ਬੀਤੇ ਦਿਨੀਂ ਯਾਨੀਕਿ 25 ਮਾਰਚ, 2025 ਤੋਂ ਲਾਗੂ ਇਸ ਬਦਲਾਅ ਦਾ ਉਦੇਸ਼ ਇਮੀਗ੍ਰੇਸ਼ਨ ਧੋਖਾਧੜੀ 'ਤੇ ਸ਼ਿਕੰਜਾ ਕੱਸਣਾ ਅਤੇ ਉਮੀਦਵਾਰਾਂ ਦੇ ਹੱਕ ਨੂੰ ਬਰਾਬਰ ਕਰਨਾ ਹੈ।



ਨਵੇਂ ਮੰਤਰੀ ਪੱਧਰੀ ਨਿਰਦੇਸ਼ਾਂ ਦੇ ਤਹਿਤ, ਐਕਸਪ੍ਰੈਸ ਐਂਟਰੀ ਉਮੀਦਵਾਰਾਂ ਨੂੰ ਹੁਣ ਪ੍ਰਬੰਧਿਤ ਰੁਜ਼ਗਾਰ ਨਾਲ ਜੁੜੇ 50 ਜਾਂ 200 ਬੋਨਸ CRS ਅੰਕ ਨਹੀਂ ਮਿਲਣਗੇ। ਇਸ ਨਾਲ ਬਹੁਤ ਸਾਰੇ ਉਮੀਦਵਾਰਾਂ ਦੇ ਸਕੋਰ ਕਾਫ਼ੀ ਘੱਟ ਜਾਣਗੇ, ਜਿਨ੍ਹਾਂ ਨੂੰ ਪਹਿਲਾਂ ਨੌਕਰੀ ਦੀਆਂ ਪੇਸ਼ਕਸ਼ਾਂ ਦਾ ਲਾਭ ਮਿਲਿਆ ਸੀ।

ਕੈਨੇਡਾ 'ਚ ਸਾਲਾਂ ਤੋਂ ਪ੍ਰਬੰਧਿਤ ਰੁਜ਼ਗਾਰ ਨੇ ਉਮੀਦਵਾਰਾਂ ਨੂੰ ਐਕਸਪ੍ਰੈਸ ਐਂਟਰੀ ਪੂਲ 'ਚ ਇੱਕ ਵੱਡਾ ਫ਼ਾਇਦਾ ਦਿੱਤਾ ਸੀ। ਉਦਾਹਰਣ ਵਜੋਂ, 480 ਦੇ ਬੇਸ ਸਕੋਰ ਵਾਲਾ ਉਮੀਦਵਾਰ LMIA-ਸਮਰਥਿਤ ਨੌਕਰੀ ਦੀ ਪੇਸ਼ਕਸ਼ ਨਾਲ ਆਪਣੇ CRS 'ਚ 50 ਜਾਂ 200 ਅੰਕ ਵਧਾ ਸਕਦਾ ਹੈ, ਜਿਸ ਨਾਲ ਸਥਾਈ ਨਿਵਾਸ ਲਈ ਇਨਵੀਟੇਸ਼ਨ ਟੂ ਅਪਲਾਈ (ITA) ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਬਹੁਤ ਵੱਧ ਜਾਂਦੀਆਂ ਹਨ। ਇਨ੍ਹਾਂ ਨੰਬਰਾਂ ਨੂੰ ਹਟਾਉਣ ਨਾਲ ਅਜਿਹੇ ਉਮੀਦਵਾਰਾਂ ਨੂੰ ਹੁਣ ਕੱਟ-ਆਫ ਨੂੰ ਪੂਰਾ ਕਰਨ ਲਈ ਸੰਘਰਸ਼ ਕਰਨਾ ਪੈ ਸਕਦਾ ਹੈ।

ਸਰਕਾਰ ਨੂੰ ਪਿਛਲੇ ਸਾਲਾਂ 'ਚ ਵਰਕ ਪਰਮਿਟ ਦੇ ਸਿਸਟਮ 'ਚ ਵੱਡੇ ਨਿਘਾਰ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵਰਕ ਪਰਮਿਟ ਅਤੇ ਆਏ ਵਰਕਰਾਂ ਦਾਂ ਉਨ੍ਹਾਂ ਦੀਆ ਕੰਪਨੀਆਂ ਵੱਲੋਂ ਵੱਡੀਆਂ ਰਕਮਾਂ ਲੈਣ ਅਤੇ ਸ਼ੋਸ਼ਣ ਦੀਆਂ ਖ਼ਬਰਾਂ ਆਈਆਂ ਸਨ।

# ਸਾਈਬਰ ਕ੍ਰਾਈਮ ਦਾ ਸ਼ਿਕਾਰ ਹੋਈ ਮਸ਼ਹੂਰ ਅਦਾਕਾਰਾ

**ਨਵੀਂ ਦਿੱਲੀ–** ਸਾਈਬਰ ਕ੍ਰਾਈਮ ਨਾਲ ਜੁੜੀਆਂ ਖ਼ਬਰਾਂ ਰੋਜ਼ਾਨਾ ਸੁਰਖੀਆਂ 'ਚ ਆਉਂਦੀਆਂ ਹਨ। ਇਹ ਖ਼ਬਰਾਂ ਹਰ ਕਿਸੇ ਨੂੰ ਡਰਾਉਣੀਆਂ ਲੱਗਦੀਆਂ ਹਨ ਪਰ ਇਸ ਵਾਰ ਇਸ ਮਾਮਲੇ ਦੀ ਚਪੇਟ 'ਚ 'ਸੈਕਰੇਡ ਗੇਮਜ਼', 'ਤੇਹਰਾਨ', 'ਜੁਗ ਜੁਗ ਜੀ ' ਵਰਗੀਆਂ ਸੀਰੀਜ਼ ਅਤੇ ਫ਼ਿਲਮਾਂ 'ਚ ਨਜ਼ਰ ਆ ਚੁੱਕੀ ਅਦਾਕਾਰਾ ਐਲਨਾਜ ਨੋਰੌਜ਼ੀ ਆ ਗਈ ਹੈ। ਐਲਨਾਜ ਨੇ ਆਪਣੇ ਨਾਲ ਹੋਈ ਇਕ ਹੈਰਾਨ ਕਰਨ ਵਾਲੀ ਘਟਨਾ ਦਾ ਖੁਲਾਸਾ ਕੀਤਾ ਹੈ। ਇਕ ਇੰਟਰਵਿਊ 'ਚ ਅਦਾਕਾਰਾ ਨੇ ਦੱਸਿਆ ਕਿ ਉਸ ਨੂੰ ਇਕ ਧਮਕੀ ਭਰਿਆ ਮੇਲ ਆਇਆ ਸੀ। ਮੇਲ 'ਚ ਮੇਰੀਆਂ ਨਿੱਜੀ ਤਸਵੀਰਾਂ ਨੂੰ ਲੀਕ ਕਰਨ ਦੀ ਗੱਲ ਆਖੀ ਗਈ ਸੀ। ਫ਼ੌਰੀ ਤੌਰ 'ਤੇ ਅਦਾਕਾਰਾ ਨੇ ਇਸ ਦੀ ਸ਼ਿਕਾਇਤ ਸਾਈਬਰ ਕ੍ਰਾਈਮ ਸੈੱਲ ਨੂੰ ਕੀਤੀ।

ਇਕ ਨਿੱਜੀ ਚੈਨਲ ਨੂੰ ਦਿੱਤੇ ਇੰਟਰਵਿਊ 'ਚ ਐਲਨਾਜ ਨੋਰੌਜ਼ੀ ਨੇ ਪੂਰੀ ਘਟਨਾ ਦਾ ਖੁਲਾਸਾ ਕੀਤਾ। ਅਦਾਕਾਰਾ ਦਾ ਕਹਿਣਾ ਸੀ ਕਿ ਉਨ੍ਹਾਂ ਕੋਲ ਇਕ ਮੇਲ ਆਈ ਸੀ। ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਮੇਲ ਦੇ ਵਿਸ਼ੇ 'ਚ ਉਨ੍ਹਾਂ ਦਾ ਪਾਸਵਰਡ ਲਿਖਿਆ ਹੋਇਆ ਸੀ। ਪਾਸਵਰਡ ਦੇਖਦੇ ਹੀ ਐਲਨਾਜ ਬਹੁਤ ਹੈਰਾਨ ਹੋ ਗਈ। ਜਦੋਂ ਉਨ੍ਹਾਂ ਨੇ ਮੇਲ ਖੋਲੀ ਤਾਂ ਉਹ ਕੁਝ ਸਮੇਂ ਲਈ ਸਦਮੇ 'ਚ ਚਲੀ ਗਈ।

ਐਲਨਾਜ ਨੇ ਜਦੋਂ ਇਸ ਮਾਮਲੇ 'ਚ ਸਾਈਬਰ ਕ੍ਰਾਈਮ ਸੈੱਲ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਮੇਲ ਸਵਿਟਜ਼ਰਲੈਂਡ ਸਥਿਤ ਸਰਵਰ ਤੋਂ ਭੇਜਿਆ ਗਿਆ ਸੀ। ਅਧਿਕਾਰੀਆਂ ਨੇ ਮਾਮਲੇ ਦੀ ਕਾਰਵਾਈ ਤੁਰੰਤ ਸ਼ੁਰੂ ਕੀਤੀ ਪਰ ਕਿਸੇ ਦੋਸ਼ੀ ਦਾ ਪਤਾ ਨਹੀਂ ਲੱਗ ਸਕਿਆ ਕਿਉਂਕਿ ਸਰਵਰ 'ਤੇ ਯੂਜ਼ਰ ਦੀ ਜਾਣਕਾਰੀ ਨਹੀਂ ਸੀ। ਉਹ ਖਾਤਾ ਬੰਦ ਕਰ ਦਿੱਤਾ ਗਿਆ ਹੈ। ਅਦਾਕਾਰਾ ਨੂੰ ਚਿੰਤਾ ਹੈ ਕਿ ਬਦਮਾਸ਼ ਕਿਸੇ ਹੋਰ ਖਾਤੇ ਤੋਂ ਮੁੜ ਉਨ੍ਹਾਂ ਨਾਲ ਅਜਿਹੀ ਹਰਕਤ ਕਰਨ ਦੀ ਕੋਸ਼ਿਸ਼ ਨਾ ਕਰਨ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਆਪ ਸਰਕਾਰ ਨੇ 2 ਲੱਖ 36 ਹਜ਼ਾਰ 80 ਕਰੋੜ ਦਾ ਆਪਣਾ ਚੌਥਾ ਬਜਟ ਪੇਸ਼ ਕੀਤਾ

ਚੰਡੀਗੜ੍ਹ- ਇਸ ਵਾਰ ਪੰਜਾਬ ਦਾ ਬਜਟ ਬਦਲਦੇ ਪੰਜਾਬ ਦੇ ਵਿਸ਼ੇ 'ਤੇ ਸੀ। ਸੂਬਾ ਸਰਕਾਰ ਨੇ ਅੱਜ ਆਪਣਾ ਚੌਥਾ ਬਜਟ ਪੇਸ਼ ਕੀਤਾ। ਬਜਟ 11 ਵਜੇ ਸ਼ੁਰੂ ਕੀਤਾ ਗਿਆ ਸੀ। ਇਸ ਵਾਰ ਪੰਜਾਬ ਸਰਕਾਰ 2 ਲੱਖ 36 ਹਜ਼ਾਰ 80 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਸੀ। ਵਿੱਤ ਮੰਤਰੀ ਨੇ ਐਲਾਨ ਕੀਤਾ ਕਿ ਔਰਤਾਂ ਲਈ ਮੁਫ਼ਤ ਬੱਸ ਯਾਤਰਾ ਰਹੇਗੀ ਜਾਰੀ। ਮੁੱਖ ਮੰਤਰੀ ਸਟਰੀਟ ਲਾਈਟ ਯੋਜਨਾ 'ਚ 115 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਜਾਵੇਗਾ। ਪੰਜਾਬ ਸਰਕਾਰ ਨੇ ਸਿੱਖਿਆ ਲਈ ਬਜਟ ਵਿੱਚ 17,975 ਕਰੋੜ ਰੁਪਏ ਅਲਾਟ ਕੀਤੇ ਹਨ। ਸਰਕਾਰ ਦਾ ਧਿਆਨ ਸਿੱਖਿਆ ਤੇ ਖੇਡਾ ਨੂੰ ਉਤਸ਼ਾਹਿਤ ਕਰਨਾ ਹੈ। ਲਗਪਗ 2 ਘੰਟੇ ਬਾਅਦ ਬਜਟ ਭਾਸ਼ਣ ਖਤਮ ਹੋਇਆ। ਸਦਨ ਵੀਰਵਾਰ ਸਵੇਰੇ 10 ਵਜੇ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।

### ਪੰਜਾਬ ਬਜਟ ਦੇ ਮੁੱਖ ਐਲਾਨ

ਪਰਾਲੀ ਨੂੰ ਸਾੜਨ ਤੋਂ ਰੋਕਣ ਲਈ, ਬਾਇਲਰਾਂ ਲਈ 60 ਕਰੋੜ ਰੁਪਏ ਦਾ ਐਲਾਨ। 30 ਲੱਖ ਟਨ ਪਰਾਲੀ ਦਾ ਨਿਪਟਾਰਾ ਕੀਤਾ ਜਾ ਸਕਦਾ ਹੈ।

ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ 110 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਹੈ, ਜਿਸ ਵਿੱਚ ਬੀਐਸਐਫ ਨਾਲ 5,000 ਹੋਮ ਗਾਰਡ ਤਾਇਨਾਤ ਕੀਤੇ ਜਾਣਗੇ ਅਤੇ ਉੱਨਤ ਐਂਟੀ-ਡਰੋਨ ਸਿਸਟਮ ਲਗਾਏ ਜਾਣਗੇ।

ਪਹਿਲੀ ਵਾਰ, ਪੰਜਾਬ ਵਿੱਚ 'ਡਰੱਗ ਜਨਗਣਨਾ' ਕੀਤੀ ਜਾਵੇਗੀ, ਜਿਸ ਲਈ 150 ਕਰੋੜ ਦਾ ਬਜਟ ਅਲਾਟ ਕੀਤਾ ਗਿਆ ਹੈ।

'ਡਾਇਲ 112' ਸੇਵਾ ਨੂੰ ਮਜ਼ਬੂਤ ਕਰਨ ਲਈ 758 ਚਾਰ-ਪਹੀਆ ਵਾਹਨ ਅਤੇ 916 ਦੋ-ਪਹੀਆ ਵਾਹਨ ਖਰੀਦੇ ਜਾਣਗੇ, ਜਿਸ ਨਾਲ ਜਵਾਬ ਸਮਾਂ 8 ਮਿੰਟ ਘੱਟ ਜਾਵੇਗਾ।

ਮੋਹਾਲੀ ਵਿੱਚ ਨਵੇਂ 'ਡਾਇਲ 112' ਹੈ-ਡਕੁਆਰਟਰ ਲਈ 53 ਕਰੋੜ ਰੁਪਏ ਅਲਾਟ ਕੀਤੇ ਗਏ ਹਨ।

ਐਮਰਜੈਂਸੀ ਰਿਸਪਾਂਸ ਵਹੀਕਲ ਲਈ 125 ਕਰੋੜ ਅਲਾਟ ਕੀਤੇ ਗਏ ਹਨ।

ਸਰਕਾਰ ਨੇ ਬਿਜਲੀ ਖੇਤਰ ਲਈ ਰੱਖੇ 7,614 ਕਰੋੜ-ਬਜਟ ਵਿੱਚ ਕੋਈ ਨਵਾਂ ਟੈਕਸ ਨਹੀਂ ਲਗਾਇਆ ਗਿਆ ਹੈ। ਇਸ ਦੇ ਨਾਲ ਹੀ ਔਰਤਾਂ ਲਈ 1000 ਰੁਪਏ ਦਾ ਕੋਈ ਵੱਡਾ ਐਲਾਨ ਨਹੀਂ ਕੀਤਾ ਗਿਆ।

ਸਰਕਾਰ ਨੇ ਬਜਟ ਵਿੱਚ ਗ੍ਰਹਿ, ਨਿਆਂ ਅਤੇ ਜੇਲ੍ਹ ਵਿਭਾਗਾਂ ਲਈ 11,560 ਕਰੋੜ ਰੁਪਏ ਦਾ ਫੰਡ ਅਲਾਟ ਕੀਤਾ ਹੈ।

### ਰੁਜ਼ਗਾਰ ਲਈ 230 ਕਰੋੜ ਦਾ ਫੰਡ

ਪੰਜਾਬ ਸਰਕਾਰ ਨੇ ਰੁਜ਼ਗਾਰ ਪੈਦਾ ਕਰਨ ਲਈ ਬਜਟ ਵਿੱਚ 230 ਕਰੋੜ ਰੁਪਏ ਦਾ ਫੰਡ ਅਲਾਟ ਕੀਤਾ ਹੈ।

ਪੰਜਾਬ ਨੂੰ ਹੁਣ ਬੱਤੀ ਪੂਰਾ ਪੰਜਾਬ ਕਿਹਾ ਜਾਂਦਾ ਹੈ।

ਮੁੱਖ ਮੰਤਰੀ ਸਟਰੀਟ ਲਾਈਟ ਯੋਜਨਾ 'ਚ 115



ਕਰੋੜ ਰੁਪਏ ਦਾ ਪ੍ਰਬੰਧ।

ਇਹ ਪਿਛਲੇ ਸਾਲ ਨਾਲੋਂ 50 ਪ੍ਰਤੀਸ਼ਤ ਵੱਧ ਹੈ।

### ਸਿੱਖਿਆ ਬਜਟ: 17,975 ਕਰੋੜ ਰੁਪਏ

ਪੰਜਾਬ ਸਰਕਾਰ ਨੇ ਸਿੱਖਿਆ ਲਈ ਬਜਟ ਵਿੱਚ 17,975 ਕਰੋੜ ਰੁਪਏ ਅਲਾਟ ਕੀਤੇ ਹਨ। ਇਹ ਕੁੱਲ ਬਜਟ ਦਾ 12 ਪ੍ਰਤੀਸ਼ਤ ਹੈ।

ਸ੍ਰੀ ਆਨੰਦਪੁਰ ਸਾਹਿਬ ਨੂੰ ਈਕੋ-ਟੂਰਿਜ਼ਮ ਲਈ ਵਿਕਸਤ ਕੀਤਾ ਜਾਵੇਗਾ। ਇਹ ਪੰਜਾਬ ਦਾ ਪਹਿਲਾ ਵਾਈਲ-ਡਲਾਈਫ ਸੈਂਚੂਰੀ ਬਣ ਜਾਵੇਗਾ ਜਿੱਥੇ ਤੇਂਦੂਏ ਅਤੇ ਹੋਰ ਜੰਗਲੀ ਜੀਵਾਂ ਨੂੰ ਦੇਖਿਆ ਜਾ ਸਕੇਗਾ।

ਨਵਾਂਸ਼ਹਿਰ ਮੈਡੀਕਲ ਕਾਲਜ ਲਈ ਫੰਡ ਮਨਜ਼ੂਰ ਕੀਤਾ ਗਿਆ। ਮੁੱਖ ਮੰਤਰੀ ਨੇ ਤਿੰਨ ਸੌ ਕਰੋੜ ਰੁਪਏ ਦਾ ਪਹਿਲਾਂ ਹੀ ਕੀਤਾ ਸੀ ਐਲਾਨ।

ਔਰਤਾਂ ਲਈ ਮੁਫ਼ਤ ਬੱਸ ਯਾਤਰਾ ਰਹੇਗੀ ਜਾਰੀ, ਇਸ ਲਈ 450 ਕਰੋੜ ਰੁਪਏ ਦਾ ਹੋਵੇਗਾ ਪ੍ਰਬੰਧ।

ਤਿੰਨ ਜ਼ਿਲ੍ਹਿਆਂ ਵਿੱਚ ਮੱਕੀ ਦੀ ਪੈਦਾਵਾਰ ਲਈ 17,500 ਪ੍ਰਤੀ ਹੈਕਟੇਅਰ ਦਿੱਤੇ ਜਾਣਗੇ।

ਅਨੁਸੂਚਿਤ ਵਲੋਂ 31.3.2020 ਤੱਕ ਦੇ ਕਾਰ-ਪੋਰੇਸ਼ਨਾਂ ਤੋਂ ਲਏ ਗਏ ਸਾਰੇ ਕਰਜ਼ੇ ਮੁਆਫ਼ ਕਰ ਦਿੱਤੇ ਗਏ ਹਨ। 4650 ਲੋਕਾਂ ਨੂੰ ਮਿਲੇਗਾ ਇਸ ਦਾ ਲਾਭ।

ਉਦਯੋਗ ਨੂੰ 250 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਪ੍ਰਬੰਧ।

### ਸਾਰਿਆਂ ਨੂੰ ਹੈਲਥ ਕਾਰਡ ਜਾਰੀ ਕੀਤਾ ਜਾਵੇਗਾ

ਪੰਜਾਬ ਵਿੱਚ ਹਰੇਕ ਨੂੰ ਇੱਕ ਹੈਲਥ ਕਾਰਡ ਜਾਰੀ ਕੀਤਾ ਜਾਵੇਗਾ, ਜਿਸ ਨਾਲ ਸੂਬੇ ਦੇ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਇਲਾਜ ਸੰਭਵ ਹੋਵੇਗਾ। ਪੰਜਾਬ ਵਿੱਚ, ਬੀਮਾ ਕਵਰੇਜ ਹੁਣ 5 ਲੱਖ ਰੁਪਏ ਤੋਂ ਵਧਾ ਕੇ 10 ਲੱਖ ਰੁਪਏ ਕਰ ਦਿੱਤੀ ਗਈ ਹੈ। ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ ਸਿਹਤ ਬੀਣਾ ਯੋਜਨਾ ਅਧੀਨ ਲਿਆਂਦਾ ਜਾਵੇਗਾ। ਰਾਜ ਦੇ ਅਮੀਰ ਅਤੇ ਗਰੀਬ ਪਰਿਵਾਰਾਂ ਨੂੰ ਇਸਦਾ ਲਾਭ ਮਿਲੇਗਾ।

ਪਿਛਲੇ ਬਜਟ ਵਿੱਚ ਵਿੱਤ ਮੰਤਰੀ ਹਰਪਾਲ ਚੀਮਾ ਨੇ ਖੇਡਾਂ ਲਈ 272 ਕਰੋੜ ਰੁਪਏ ਅਲਾਟ ਕੀਤੇ ਸਨ, ਜਿਸ ਨੂੰ ਇਸ ਵਾਰ ਚਾਰ ਗੁਣਾ ਵਧਾ ਕੇ 979 ਕਰੋੜ ਰੁਪਏ ਕਰ ਦਿੱਤਾ ਗਿਆ ਹੈ।

ਹਰੇਕ ਹਲਕੇ ਲਈ 5 ਕਰੋੜ ਰੁਪਏ ਦਾ ਐਲਾਨ। 65 ਲੱਖ ਪਰਿਵਾਰਾਂ ਲਈ ਬੀਮਾ ਕਵਰ 5 ਲੱਖ ਤੋਂ ਵਧਾ ਕੇ 10 ਲੱਖ ਕੀਤਾ ਗਿਆ।

ਸਰਕਾਰ ਪੰਜਾਬ ਵਿੱਚ ਨਸ਼ਿਆਂ ਦੀ ਜਨਗਣਨਾ ਕਰੇਗੀ। ਇਸ 'ਤੇ 150 ਕਰੋੜ ਰੁਪਏ ਖਰਚ ਹੋਣਗੇ। ਸਰਹੱਦ 'ਤੇ ਐਂਟੀ-ਡਰੋਨ ਸਿਸਟਮ ਲਈ 110 ਕਰੋੜ ਰੁਪਏ ਦਾ ਬਜਟ ਪ੍ਰਬੰਧ ਕੀਤਾ ਗਿਆ ਹੈ।

ਚੀਮਾ ਨੇ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਨੇ ਪੰਜਾਬ ਨੂੰ ਨਸ਼ੇ-ਆਦੀ ਅਤੇ ਰਲਿਆ-ਮਿਲਿਆ ਪੰਜਾਬ ਬਣਾ ਕੇ ਧੋਖਾ ਕੀਤਾ ਹੈ। ਸਾਨੂੰ ਪੰਜਾਬ ਵਿੱਚੋਂ ਨਸ਼ਾ ਖਤਮ ਕਰਨਾ ਪਵੇਗਾ।

ਪੰਜਾਬ ਸਰਕਾਰ ਨੇ 2 ਲੱਖ 36 ਹਜ਼ਾਰ 80 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਹੈ। ਸਰਕਾਰ ਨੂੰ ਟੈਕਸ ਮਾਲੀਏ ਵਿੱਚ 14 ਪ੍ਰਤੀਸ਼ਤ ਵਾਧਾ ਹੋਇਆ ਹੈ।

ਇਸ ਸਾਲ ਦੇ ਬਜਟ ਦਾ ਥੀਮ ਬਦਲਦਾ ਪੰਜਾਬ ਰੱਖਿਆ ਗਿਆ ਹੈ। ਇਹ ਪਿਛਲੇ ਤਿੰਨ ਸਾਲਾਂ ਵਿੱਚ ਸੂਬੇ ਦੀ ਬਦਲੀ ਹੋਈ ਤਸਵੀਰ ਪੇਸ਼ ਕਰੇਗਾ।

ਵਿਰੋਧੀ ਪਾਰਟੀਆਂ, ਖਾਸ ਕਰਕੇ ਵਿਰੋਧੀ ਧਿਰ ਦੇ ਨੇਤਾ, ਸਰਕਾਰ ਨੂੰ ਉਸਦੇ ਵਾਅਦਿਆਂ 'ਤੇ ਘੇਰਨ ਦੀ ਤਿਆਰੀ ਕਰ ਰਹੇ ਹਨ। ਸੂਬੇ ਦੀਆਂ ਲਗਪਗ ਇੱਕ ਕਰੋੜ ਔਰਤਾਂ ਨੂੰ ਬਜਟ ਤੋਂ ਸਭ ਤੋਂ ਵੱਧ ਉਮੀਦਾਂ ਹਨ। 2022 ਵਿੱਚ ਸੱਤਾ ਵਿੱਚ ਆਉਣ ਤੋਂ ਪਹਿਲਾਂ, ਮਾਨ ਸਰਕਾਰ ਨੇ ਔਰਤਾਂ ਨੂੰ ਪ੍ਰਤੀ ਮਹੀਨਾ ਇੱਕ ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਸੀ। ਸਰਕਾਰ ਨੇ ਆਪਣਾ ਤਿੰਨ ਸਾਲ ਦਾ ਕਾਰਜਕਾਲ ਪੂਰਾ ਕਰ ਲਿਆ ਹੈ, ਪਰ ਔਰਤਾਂ ਨਾਲ ਕੀਤੇ ਵਾਅਦੇ ਅਜੇ ਤੱਕ ਪੂਰੇ ਨਹੀਂ ਹੋਏ ਹਨ। ਅਜਿਹੇ ਵਿੱਚ ਜੇਕਰ ਇਸ ਵਾਰ ਵੀ ਬਜਟ ਵਿੱਚ ਔਰਤਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਗਏ ਤਾਂ ਵਿਰੋਧੀ ਧਿਰ ਵੱਲੋਂ ਸਰਕਾਰ ਨੂੰ ਨਿਸ਼ਾਨਾ ਬਣਾਇਆ ਜਾਵੇਗਾ।

### ਪੰਜਾਬ ਸਰਕਾਰ ਖਰੀਦੇਗੀ 347 ਈ-ਬੱਸਾਂ

ਪੰਜਾਬ ਸਰਕਾਰ ਸ਼ਹਿਰੀ ਖੇਤਰਾਂ 'ਚ ਨਿੱਜੀ ਵਾਹਨਾਂ 'ਤੇ ਨਿਰਭਰਤਾ ਘਟਾਉਣ ਲਈ 2025-26 ਦੇ ਵਿੱਤੀ ਸਾਲ ਦੌਰਾਨ 347 ਈ-ਬੱਸਾਂ ਖਰੀਦਣ ਜਾ ਰਹੀ ਹੈ। ਇਸ ਦਾ ਐਲਾਨ ਵਿੱਤ ਮੰਤਰੀ ਹਰਪਾਲ ਚੀਮਾ ਨੇ ਬਜਟ ਪੇਸ਼ ਕਰਦੇ ਸਮੇਂ ਕੀਤਾ। 3178 ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਭਾਰ ਹੇਠ ਦੱਬੀ ਪੰਜਾਬ ਦੀ ਆਰਥਿਕਤਾ ਨੂੰ ਦੇਖਦੇ ਹੋਏ ਵਿੱਤ ਮੰਤਰੀ ਸ਼ਹਿਰੀ ਖੇਤਰਾਂ ਲਈ ਕੋਈ ਵੱਡੀ ਐਲਾਨ ਨਹੀਂ ਕਰ ਸਕੇ। ਹਾਲਾਂਕਿ ਸਰਕਾਰ ਨੇ ਲੁਧਿਆਣਾ, ਅੰਮ੍ਰਿਤਸਰ, ਜਲੰਧਰ ਤੇ ਮੋਹਾਲੀ 'ਚ 50 ਕਿਲੋਮੀਟਰ ਲੰਬੀਆਂ ਵਿਸ਼ਵ ਸਤਰ ਦੀਆਂ ਸੜਕਾਂ ਬਣਾਉਣ ਦਾ ਫੈਸਲਾ ਕੀਤਾ ਹੈ। ਵਿਸ਼ਵ ਪੱਧਰੀ ਇਨ੍ਹਾਂ ਸੜਕਾਂ ਨੂੰ ਸਰਕਾਰ ਰੋਲ ਮਾਡਲ ਵਜੋਂ ਪੇਸ਼ ਕਰੇਗੀ। ਵਿੱਤ ਮੰਤਰੀ ਲੁਧਿਆਣਾ ਸ਼ਹਿਰ ਪ੍ਰਤੀ ਖਾਸ ਦਿਆਨ ਦਿੰਦੇ ਨਜ਼ਰ ਆਏ।

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

NEW & USED TIRES WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਦੇਸ਼ ਭਗਤ ਯੂਨੀਵਰਸਿਟੀ ਨੇ ਸਾਲਾਨਾ ਐਥਲੈਟਿਕ ਮੀਟ 2025 ਦੀ ਮੇਜ਼ਬਾਨੀ ਕੀਤੀ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਦੇ ਖੇਡ ਡਾਇਰੈਕਟੋਰੇਟ ਨੇ ਆਪਣੀ ਦੋ ਦਿਨਾਂ ਸਾਲਾਨਾ ਐਥਲੈਟਿਕ ਮੀਟ ਦੀ ਸਫਲਤਾਪੂਰਵਕ ਮੇਜ਼ਬਾਨੀ ਕੀਤੀ। ਇਹ ਦੋ ਦਿਨਾਂ ਪ੍ਰੋਗਰਾਮ ਖੇਡ ਭਾਵਨਾ ਅਤੇ ਐਥਲੈਟਿਕ ਉੱਤਮਤਾ ਦਾ ਜਸ਼ਨ ਸੀ, ਜਿਸ ਵਿੱਚ ਵੱਖ-ਵੱਖ ਵਿਸ਼ਿਆਂ ਦੇ ਵਿਦਿਆਰਥੀਆਂ, ਸਟਾਫ ਅਤੇ ਫੈਕਲਟੀ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ। ਇਹ ਮੀਟ ਯੂਨੀਵਰਸਿਟੀ ਦੇ ਅਕਾਦਮਿਕ ਕੈਲੰਡਰ ਵਿੱਚ ਇੱਕ ਮੁੱਖ ਆਕਰਸ਼ਣ ਸੀ, ਜਿਸਦਾ ਉਦੇਸ਼ ਵਿਦਿਆਰਥੀਆਂ ਵਿੱਚ ਸਰੀਰਕ ਤੰਦਰੁਸਤੀ, ਟੀਮ ਭਾਵਨਾ ਅਤੇ ਸਿਹਤਮੰਦ ਮੁਕਾਬਲੇ ਨੂੰ ਉਤਸ਼ਾਹਿਤ ਕਰਨਾ ਸੀ।



ਸਾਲਾਨਾ ਐਥਲੈਟਿਕ ਮੀਟ ਨਾ ਸਿਰਫ਼ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਅਕਾਦਮਿਕ ਅਤੇ ਸਰੀਰਕ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ, ਸਗੋਂ ਉਨ੍ਹਾਂ ਨੂੰ ਕਲਾਸਰੂਮ ਤੋਂ ਪਰੇ ਉੱਤਮਤਾ ਪ੍ਰਾਪਤ ਕਰਨ ਲਈ ਇੱਕ ਪਲੇਟਫਾਰਮ ਵਜੋਂ ਵੀ ਕੰਮ ਕਰਦੀ ਹੈ।

ਇਸ ਪ੍ਰੋਗਰਾਮ ਵਿੱਚ ਕਈ ਤਰ੍ਹਾਂ ਦੀਆਂ ਐਥਲੈਟਿਕ ਗਤੀਵਿਧੀਆਂ ਸ਼ਾਮਲ ਸਨ, ਜਿਨ੍ਹਾਂ ਵਿੱਚ ਟਰੈਕ ਅਤੇ ਫੀਲਡ ਈਵੈਂਟ, ਰੀਲੇਅ, ਸਪ੍ਰਿੰਟ, ਲੰਬੀ ਛਾਲ, ਉੱਚੀ ਛਾਲ, ਸ਼ਾਟ ਪੁਟ ਅਤੇ ਹੋਰ ਰੋਮਾਂਚਕ ਮੁਕਾਬਲੇ ਸ਼ਾਮਲ ਸਨ। ਵਿਦਿਆਰਥੀਆਂ ਨੇ ਵਿਅਕਤੀਗਤ ਅਤੇ ਟੀਮ ਦੋਵਾਂ ਈਵੈਂਟਾਂ ਵਿੱਚ ਪ੍ਰਭਾਵਸ਼ਾਲੀ ਪ੍ਰਤਿਭਾ ਅਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ।

ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਪਣੇ ਸੰਬੋਧਨ ਵਿੱਚ, ਉਨ੍ਹਾਂ ਨੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਪ੍ਰਸ਼ੰਸਾ ਕੀਤੀ ਅਤੇ ਕੈਂਪਸ ਵਿੱਚ ਫਿਟਨੈਸ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੀ ਮਹੱਤਤਾ 'ਤੇ ਚਾਨਣਾ ਪਾਇਆ।

ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ। ਤੇਜਿੰਦਰ ਕੌਰ ਨੇ ਇੱਕ ਪ੍ਰੇਰਨਾਦਾਇਕ ਭਾਸ਼ਣ ਦਿੱਤਾ ਜਿਸ ਵਿੱਚ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਵਿੱਚ ਸਰੀਰਕ ਤੰਦਰੁਸਤੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ।

ਯੂਨੀਵਰਸਿਟੀ ਦੇ ਵਾਈਸ ਪ੍ਰੈਜ਼ੀਡੈਂਟ ਡਾ। ਹਰਸ਼ ਸਦਾਵਰਤੀ ਨੇ ਹਾਜ਼ਰੀਨ ਨੂੰ ਸੰਬੋਧਨ ਕੀਤਾ ਅਤੇ ਕਿਹਾ ਕਿ ਸਾਲਾਨਾ ਐਥਲੈਟਿਕ ਮੀਟ ਨੇ ਪੂਰੇ ਯੂਨੀਵਰਸਿਟੀ ਭਾਈਚਾਰੇ ਨੂੰ ਸਫਲਤਾਪੂਰਵਕ ਇਕੱਠਾ ਕੀਤਾ ਹੈ।

ਇਹ ਪ੍ਰੋਗਰਾਮ ਇੱਕ ਵਿਸ਼ੇਸ਼ ਪੁਰਸਕਾਰ ਸਮਾਰੋਹ ਨਾਲ ਸਮਾਪਤ ਹੋਇਆ, ਜਿੱਥੇ ਚਾਂਸਲਰ ਦੇ ਸਲਾਹਕਾਰ ਡਾ। ਵਰਿੰਦਰ ਸਿੰਘ ਨੇ ਜੇਤੂਆਂ ਨੂੰ ਮੈਡਲ, ਟਰਾਫੀਆਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਡਾ। ਸਿੰਘ ਨੇ ਜੇਤੂਆਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਦੀ ਸ਼ਲਾਘਾ ਕੀਤੀ ਅਤੇ ਸ਼ਾਮਲ ਸਾਰੇ ਵਿਦਿਆਰਥੀਆਂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।

ਇਸ ਪ੍ਰੋਗਰਾਮ ਦੇ ਨਤੀਜੇ ਇਸ ਪ੍ਰਕਾਰ ਹਨ- ਸਰਵੋਤਮ ਅਥਲੀਟ (ਪੁਰਸ਼): ਇੰਜੀਨੀਅਰਿੰਗ ਅਤੇ ਕੰਪਿਊਟਿੰਗ ਫੈਕਲਟੀ ਤੋਂ ਅਰਜੁਨ

ਸਰਵੋਤਮ ਐਥਲੀਟ (ਮਹਿਲਾ): ਸ਼ਿਵਾਨੀ ਸਮਾਜਿਕ ਵਿਗਿਆਨ ਅਤੇ ਭਾਸ਼ਾਵਾਂ ਦੇ ਫੈਕਲਟੀ ਤੋਂ

ਸਾਲਾਨਾ ਐਥਲੈਟਿਕ ਮੀਟ ਲਈ ਵਰਆਲ ਟਰਾਫੀ: ਸਮਾਜਿਕ ਵਿਗਿਆਨ ਅਤੇ ਭਾਸ਼ਾਵਾਂ ਦੀ ਫੈਕਲਟੀ

ਖੇਡਾਂ 2024-25 ਲਈ ਵਰਆਲ ਟਰਾਫੀ: ਸਮਾਜਿਕ ਵਿਗਿਆਨ ਅਤੇ ਭਾਸ਼ਾਵਾਂ ਦੀ ਫੈਕਲਟੀ

ਸਰਵੋਤਮ ਮਾਰਚ ਪਾਸਟ ਲਈ ਟਰਾਫੀ: ਇੰਜੀਨੀਅਰਿੰਗ ਅਤੇ ਕੰਪਿਊਟਿੰਗ ਫੈਕਲਟੀ। ਖੇਡ ਅਧਿਕਾਰੀ ਡਾ. ਪ੍ਰਵੀਨ ਕੁਮਾਰ ਨੇ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਵਿਖੇ ਸਾਲਾਨਾ ਐਥਲੈਟਿਕ ਮੀਟ 2025 ਇੱਕ ਸ਼ਾਨਦਾਰ ਸਫਲਤਾ ਸੀ, ਜਿਸ ਨੇ ਖੇਡ ਭਾਵਨਾ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਅਤੇ ਸਾਰੇ ਸ਼ਾਮਲ ਲੋਕਾਂ ਲਈ ਸਥਾਈ ਯਾਦਾਂ ਬਣਾਈਆਂ।




ਪੈਗੰਬਰਾਂ ਅਤੇ ਗੁਰੂਆਂ ਦੀਆਂ ਧਰਮ ਖਾਤਰ ਦਿੱਤੀਆਂ ਸ਼ਹੀਦੀਆਂ ਦਾ ਕੋਈ ਸਾਨੀ ਨਹੀਂ, ਪਰ 23 ਮਾਰਚ 1931 ਨੂੰ ਛੋਟੇ ਲਹੌਰ ਸਾਜ਼ਿਸ਼ ਕੇਸ ਵਿੱਚ ਮਨੁੱਖ ਦੀ ਸੰਪੂਰਨ ਆਜ਼ਾਦੀ ਦੇ ਸੁਪਨਸਾਜ਼ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਫਾਂਸੀ ਚੜ੍ਹ ਕੇ ਇਨਸਾਨੀਅਤ ਦੀ ਖ਼ਾਤਰ ਕੁਰਬਾਨ ਹੋ ਜਾਣ ਦਾ ਦਰਜਾ ਸਿਰਮੌਰ ਹੈ। ਸੰਪੂਰਨ ਆਜ਼ਾਦੀ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਯਤਨਸ਼ੀਲ ਰਹਿਣਾ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ । ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਦਿਆਂ ਕੋਟਿ ਕੋਟ ਪ੍ਰਣਾਮ!

– ਮਨਮੋਹਨ ਪੂਨੀ (ਨਿਊਯਾਰਕ)

# ਜ਼ਿਲ੍ਹੇ ਵਿਚ ਅਣ-ਅਧਿਕਾਰਤ ਤੌਰ 'ਤੇ ਧਾਰਮਿਕ ਸਥਾਨਾਂ ਦੀ ਉਸਾਰੀ 'ਤੇ ਰੋਕ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹੇ ਵਿਚ ਕਿਸੇ ਵੀ ਜਨਤਕ ਗਲੀ/ਪਾਰਕ/ ਸਰਕਾਰੀ ਜ਼ਮੀਨ ਉਤੇ ਅਣ-ਅਧਿਕਾਰਤ ਤੌਰ 'ਤੇ ਕਿਸੇ ਵੀ ਮੰਦਰ, ਚਰਚ, ਮਸੀਤ ਜਾਂ ਗੁਰਦੁਆਰੇ ਆਦਿ ਦੀ ਉਸਾਰੀ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਕਿਸੇ ਵਿਭਾਗ ਦੇ ਅਧਿਕਾਰੀ ਵੱਲੋਂ ਜਨਤਕ ਸਥਾਨ 'ਤੇ ਉਸਾਰੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇਗੀ।



ਜ਼ਿਲ੍ਹਾ ਮੈਜਿਸਟ੍ਰੇਟ ਅਨੁਸਾਰ ਮਾਣਯੋਗ ਸੁਪਰੀਮ ਕੋਰਟ ਵੱਲੋਂ ਐਸ।ਐਲ।ਪੀ।(ਸਿਵਲ) 8519/2006 ਭਾਰਤ ਸਰਕਾਰ ਬਨਾਮ ਗੁਜਰਾਤ ਸਰਕਾਰ ਵਿਚ ਸਪੱਸ਼ਟ ਤੌਰ 'ਤੇ ਦਿੱਤੇ ਨਿਰਦੇਸ਼ਾਂ ਵਿਚ ਕਿਸੇ ਵੀ ਜਨਤਕ ਸਥਾਨ, ਪਾਰਕ ਜਾਂ ਗਲੀਆਂ ਆਦਿ ਉਤੇ ਧਾਰਮਿਕ ਸਥਾਨ ਦੀ ਉਸਾਰੀ ਕਰਨ 'ਤੇ ਸਖ਼ਤੀ ਨਾਲ ਰੋਕ ਲਾਈ ਹੈ। ਇਨ੍ਹਾਂ ਹੁਕਮਾਂ ਦੀ ਪਾਲਣਾ ਵਿਚ ਹੀ ਇਹ ਮਨਾਹੀ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਵੱਖੋ-ਵੱਖਰੇ ਵਿਭਾਗਾਂ ਦੇ ਮੁਖੀਆਂ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਨ੍ਹਾਂ ਦੇ ਅਧੀਨ ਪੈਂਦੀ ਕਿਸੇ ਵੀ ਅਜਿਹੀ ਥਾਂ 'ਤੇ ਕਿਸੇ ਵੀ ਤਰ੍ਹਾਂ ਦੇ ਮੰਦਰ, ਚਰਚ, ਮਸੀਤ ਜਾਂ ਗੁਰਦੁਆਰੇ ਦੀ ਉਸਾਰੀ ਨਾ ਹੋਵੇ ਅਤੇ ਉਹ ਇਸ ਦੀ ਬਾਕਾਇਦਾ ਨਜ਼ਰਸਾਨੀ ਕਰਦੇ ਰਹਿਣ। ਉਨ੍ਹਾਂ ਨਗਰ ਕੌਂਸਲਾਂ ਦੇ ਕਾਰਜ ਸਾਧਕ ਅਫ਼ਸਰਾਂ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਨਗਰ ਕੌਂਸਲ/ਪੰਚਾਇਤੀ/ਸ਼ਾਮਲਾਟ/ਮੁਸ਼ਤਰਕਾ ਮਾਲਕਾਂ ਦੀ ਜ਼ਮੀਨ 'ਤੇ ਕਿਸੇ ਵੀ ਧਾਰਮਿਕ ਸਥਾਨ ਦੀ ਅਣ-ਅਧਕਾਰਿਤ ਤੌਰ 'ਤੇ ਉਸਾਰੀ ਨਾ ਹੋਣ ਦੇਣ। ਜੇਕਰ ਕੋਈ ਵਿਅਕਤੀ ਉਲੰਘਣਾ ਕਰਦਾ ਹੈ ਤਾਂ ਉਸ ਬਾਰੇ ਤੁਰੰਤ ਸੰਬੰਧਿਤ ਥਾਣੇ ਦੇ ਮੁੱਖ ਥਾਣਾ ਅਫ਼ਸਰ ਨੂੰ ਸਬੰਧਤ ਵਿਅਕਤੀ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਰਿਪੋਰਟ ਕੀਤੀ ਜਾਵੇ। ਉਨ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਸੀਨੀਅਰ ਪੁਲਿਸ ਕਪਤਾਨ ਨੂੰ ਆਪਣੇ ਇਨ੍ਹਾਂ ਰੋਕ ਦੇ ਹੁਕਮਾਂ ਦੀ ਅਦੂਲੀ ਕਰਨ ਵਾਲੇ ਕਿਸੇ ਵੀ ਵਿਅਕਤੀ ਜਾਂ ਸੰਸਥਾ ਖ਼ਿਲਾਫ਼ ਤੁਰੰਤ ਫ਼ੌਜਦਾਰੀ ਪਰਚਾ ਦਰਜ ਕਰਨ ਅਤੇ ਉਸਾਰੀ ਬੰਦ ਕਰਵਾਉਣ ਲਈ ਵੀ ਆਖਿਆ ਹੈ। ਇਹ ਹੁਕਮ 12 ਮਈ, 2025 ਤੱਕ ਜਾਰੀ ਰਹਿਣਗੇ।


HAPPY BAZAAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212
EMAIL : indiabazaar08@yahoo.com

# ਆਈ ਲੀਗ ਦੇ ਮੁਕਾਬਲੇ ਵਿੱਚ ਦਿੱਲੀ ਕਲੱਬ ਨੇ ਸ਼ਾਨਦਾਰ ਖੇਡ ਦਿਖਾਈ, ਜਿੱਤ ਰੀਅਲ ਕਸ਼ਮੀਰ ਦੀ ਝੋਲੀ ਪਈ

**ਮਾਹਿਲਪੁਰ (ਮਾਨ)** ਮਿਨਰਵਾ ਕਲੱਬ ਦੇ ਸੀਈ ਰਣਜੀਤ ਬਜਾਜ ਵੱਲੋਂ ਮਾਹਿਲਪੁਰ ਦੇ ਕੋਚ ਅਲੀ ਹਸਨ ਸਟੇਡੀਅਮ ਨੂੰ ਆਪਣੀ ਹੋਮ ਗਰਾਊਂਡ ਬਣਾ ਕੇ ਸੀਜ਼ਨ 2024-25 ਦੇ ਇੱਥੇ ਕਰਵਾਏ ਗਏ ਆਈ ਲੀਗ ਦੇ 11 ਮੁਕਾਬਲਿਆਂ ਵਿੱਚ ਅੱਜ ਦੇ ਮੁਕਾਬਲੇ ਵਿੱਚ ਦਿੱਲੀ ਫੁੱਟਬਾਲ ਕਲੱਬ ਨੇ ਅੱਜ ਤੱਕ ਦਾ ਸਭ ਤੋਂ ਬਿਹਤਰ ਪ੍ਰਦਰਸ਼ਨ ਕਰਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਦਿੱਲੀ ਕਲੱਬ ਨੂੰ ਸ਼ਾਨਦਾਰ ਖੇਡ ਅਤੇ ਗੋਲ ਕਰਨ ਦੇ ਮਿਲੇ ਮੌਕਿਆਂ ਦੇ ਬਾਵਜੂਦ ਰੀਅਲ ਕਸ਼ਮੀਰ ਫੁੱਟਬਾਲ ਕਲੱਬ ਦੋ ਇੱਕ ਦੇ ਫਰਕ ਨਾਲ ਇਹ ਮੁਕਾਬਲਾ ਜਿੱਤਣ ਵਿੱਚ ਸਫ਼ਲ ਰਿਹਾ।ਇੱਥੇ ਖੇਡੇ ਗਏ ਦਿਲਚਸਪ ਮੁਕਾਬਲੇ ਵਿੱਚ ਦਿੱਲੀ ਐਫ ਸੀ ਦੇ ਖਿਡਾਰੀਆਂ ਨੇ ਆਪਣੀ ਤਕਨੀਕੀ ਅਤੇ ਸ਼ਾਨਦਾਰ ਖੇਡ ਸਦਕਾ ਆਪਣੇ ਦਮ ਖਮ ਦਾ ਮੁਜ਼ਾਹਰਾ ਕੀਤਾ। ਪ੍ਰੰਤੂ ਮੁਕਾਬਲੇ ਦੇ ਸ਼ੁਰੂ ਹੁੰਦਿਆਂ ਹੀ ਰੀਅਲ ਕਸ਼ਮੀਰ ਦੇ ਖਿਡਾਰੀ ਐਮ ਇਨਾਮ ਨੇ ਪਹਿਲਾ ਗੋਲ ਕਰ ਦਿੱਤਾ। ਪਹਿਲੇ ਅੱਧੇ ਦੇ 26 ਵੇਂ ਮਿੰਟ ਵਿੱਚ ਰੀਅਲ ਕਸ਼ਮੀਰ ਦੇ ਜੀ ਕਰੀਜੋ ਦੂਸਰਾ ਗੋਲ ਕਰਨ ਵਿੱਚ ਸਫ਼ਲ ਹੋ ਗਿਆ। ਦਿੱਲੀ ਐਫ ਸੀ ਨੂੰ 12 ਕਾਰਨਰ ਮਿਲੇ ਪਰ ਉਹਨਾਂ ਵਿੱਚੋਂ ਇੱਕ ਵੀ ਬਾਲ ਨੂੰ ਗੋਲ ਵਿੱਚ ਤਬਦੀਲ ਨਹੀਂ ਕਰ ਸਕੇ। ਮੁਕਾਬਲੇ ਦੇ 53 ਵੇਂ ਮਿੰਟ ਵਿੱਚ ਮਿਲੀ ਪੈਨਾਲਟੀ ਨੂੰ ਦਿੱਲੀ ਫੁਟਬਾਲ ਕਲੱਬ ਦੇ ਐਚ ਜੈਨ ਨੇ ਗੋਲ ਵਿੱਚ ਤਬਦੀਲ ਕਰ ਦਿੱਤਾ।

ਮੁੱਖ ਮਹਿਮਾਨ ਵਜੋਂ ਸ਼ਾਮਿਲ ਹੁੰਦਿਆਂ ਖੇਡ ਵਿਭਾਗ ਪੰਜਾਬ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਸੂਦਨ ਆਈ ਏ ਐਸ ਨੇ ਇਲਾਕੇ ਦੇ ਖੇਡ ਵਿਕਾਸ ਵਿੱਚ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਹਨਾਂ ਪ੍ਰਬੰਧਕਾਂ ਅਤੇ ਮਾਹਿਲਪੁਰ ਦੇ ਫੁੱਟਬਾਲ ਪ੍ਰੇਮੀਆਂ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਫੁੱਟਬਾਲ ਪ੍ਰੇਮ ਨੇ ਮਾਹਿਲਪੁਰ ਨੂੰ ਦਰਸ਼ਕਾਂ ਪੱਖੋਂ



ਭਾਰਤ ਵਿੱਚੋਂ ਪਹਿਲੇ ਨੰਬਰ ਤੇ ਲੈ ਆਂਦਾ ਹੈ। ਪ੍ਰਧਾਨਗੀ ਮੰਡਲ ਵਿੱਚ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ,ਐਸ ਪੀ ਸ਼ਵਿੰਦਰਜੀਤ ਸਿੰਘ ਬੈਂਸ, ਪ੍ਰਿੰ. ਪਰਵਿੰਦਰ ਸਿੰਘ, ਡਾ। ਪਰਮਪ੍ਰੀਤ ਕੈਂਡੋਵਾਲ, ਮਾਸਟਰ ਬਨਿੰਦਰ ਸਿੰਘ, ਰੋਸ਼ਨਜੀਤ ਸਿੰਘ ਪਨਾਮ, ਤਰਲੋਚਨ ਸਿੰਘ ਸੰਧੂ, ਕੁੰਦਨ ਸਿੰਘ ਸੱਜਣ, ਅਮਨ ਖਟਕੜ ਸੀਈ ਪ੍ਰਾਈਮ ਏਸ਼ੀਆ ਟੀਵੀ, ਜੋਇਆ ਸਦੀਕੀ ਡੀ ਡੀ ਐਫ, ਪ੍ਰੀਤ ਕੋਹਲੀ ਅਸਿਸਟੈਂਟ ਡਾਇਰੈਕਟਰ, ਗੁਰਪ੍ਰੀਤ ਸਿੰਘ ਬਾਜਵਾ ਜ਼ਿਲ੍ਹਾ ਖੇਡ ਅਫ਼ਸਰ, ਦਲਜੀਤ ਸਿੰਘ ਸਹੋਤਾ ਯੂਕੇ ਕਨਵੀਨਰ ਇੰਡੀਅਨ ਵਰਸੀਜ਼ ਕਾਂਗਰਸ,ਅੰਮ੍ਰਿਤ ਸ਼ਰਮਾ ਡਾਇਰੈਕਟਰ ਸਪਾਰਟਨ, ਅਦਿਤਿਆ ਮੈਦਾਨ ਪੀ ਏ ਕੈਬਨਟ ਮੰਤਰੀ ਅਤੇ ਮੈਡਮ ਹੀਨਾ ਬਜਾਜ ਸ਼ਾਮਿਲ ਹੋਏ।

ਮੰਚ ਸੰਚਲਨ ਕਰਦਿਆਂ ਖੇਡ ਲੇਖਕ ਬਲਜਿੰਦਰ ਮਾਨ ਨੇ ਇਲਾਕੇ ਵੱਲੋਂ ਰਣਜੀਤ ਬਜਾਜ ਅਤੇ ਮੈਡਮ ਹੀਨਾ ਬਜਾਜ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਕਿ ਉਹਨਾਂ ਨੇ ਮਾਹਿਲਪੁਰ ਵਿੱਚ ਆਈ ਲੀਗ ਦਾ ਪ੍ਰਬੰਧ ਕਰਕੇ ਮਾਹਿਲਪੁਰ ਦੇ ਫੁੱਟਬਾਲ ਦੇ ਪੱਧਰ ਨੂੰ ਉਚੇਰਾ ਕਰਨ ਦਾ ਸ਼ਾਨਦਾਰ ਉਪਰਾਲਾ ਕੀਤਾ ਹੈ। ਮਾਹਿਲਪੁਰੀਆਂ ਦੇ ਫੁੱਟਬਾਲ ਪ੍ਰੇਮ ਨੇ ਪੂਰੇ ਭਾਰਤ ਵਿੱਚੋਂ ਸਭ ਤੋਂ ਵੱਧ ਦਰਸ਼ਕਾਂ ਨਾਲ ਰਿਕਾਰਡ ਕਾਇਮ ਕਰ ਦਿੱਤਾ ਹੈ। ਇਸ ਮੌਕੇ ਆਈ ਲੀਗ ਦੇ ਪ੍ਰਬੰਧਕਾਂ ਅਤੇ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਵੱਲੋਂ ਉੱਘੇ ਫੁੱਟਬਾਲਰ ਹਰਮਨਜੋਤ ਸਿੰਘ ਖਾਬੜਾ, ਵਿਜੇ ਕੁਮਾਰ ਨੰਗਲ ਖਿਡਾਰੀਆਂ, ਮੁਖਤਿਆਰ ਸਿੰਘ ਯੂਕੇ ਸਮੇਤ ਡਾਇਰੈਕਟਰ ਸਪੋਰਟਸ ਅਤੇ ਮਹਿਮਾਨਾਂ ਨੂੰ ਮਾਫਲਰ, ਟੀ ਸ਼ਰਟ, ਮੋਮੈਂਟੋ ਅਤੇ ਬਲਜਿੰਦਰ ਮਾਨ ਦੁਆਰਾ ਰਚਿਤ ਪੁਸਤਕ 'ਮਹਿਲਪੁਰ ਦਾ ਖੇਡ ਸੰਸਾਰ' ਭੇਂਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਪੁੱਜੇ ਦੂਰ ਨੇੜੇ ਦੇ ਫੁੱਟਬਾਲ ਪ੍ਰੇਮੀਆਂ, ਖਿਡਾਰੀਆਂ ਅਤੇ ਪ੍ਰਮੋਟਰਾਂ ਵਿੱਚ ਹਰਨੰਦਨ ਸਿੰਘ ਖਾਬੜਾ, ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ, ਕੋਚ ਜਗਦੀਸ਼ ਸਿੰਘ,ਚੈਂਚਲ ਸਿੰਘ ਬੈਂਸ,ਬੀ ਐਸ ਬਾਗਲਾ, ਪ੍ਰੋਫੈਸਰ ਸਰਵਣ ਸਿੰਘ, ਕੋਚ ਆਸਿਮ ਹਸਨ, ਡਾ. ਰਾਜ ਕੁਮਾਰ, ਤਰਸੇਮ ਭਾਅ ,ਸ਼ਿਰਾਜ ਹਸਨ,ਰਾਮ ਤੀਰਥ ਪਰਮਾਰ, ਸੰਦੀਪ ਸਿੰਘ ਸੋਨਾ ਪੋਸੀ, ਵਨੀਤ, ਜਮਸ਼ੇਰ ਸਿੰਘ ਤੰਬੜ ਸਮੇਤ ਵਿਦਿਆਰਥੀ ਬਹੁ ਗਿਣਤੀ ਵਿੱਚ ਹਾਜ਼ਰ ਹੋਏ। ਮੈਡਮ ਹਿਨਾ ਬਜਾਜ ਨੇ ਸਭ ਸਹਿਯੋਗੀਆਂ ਦਾ ਧੰਨਵਾਦ ਕੀਤਾ।

ਫੋਟੋ: ਮੈਡਮ ਜੋਇਆ ਸਦੀਕੀ ਨੂੰ ਸਨਮਾਨਿਤ ਕਰਦੇ ਹੋਏ ਰਣਜੀਤ ਬਜਾਜ, ਕੁਲਵੰਤ ਸਿੰਘ ਸੰਘਾ, ਐਸ ਪੀ ਸ਼ਵਿੰਦਰਜੀਤ ਸਿੰਘ ਬੈਂਸ, ਬਲਜਿੰਦਰ ਮਾਨ, ਹਰਨੰਦਨ ਸਿੰਘ ਨੰਦਾ, ਡਾ। ਪਰਮਪ੍ਰੀਤ ਕੈਂਡੋਵਾਲ ਆਦਿ।

# ਸਰਹੱਦ ਪਾਰੋਂ ਹਥਿਆਰ ਤੇ ਨਸ਼ੇ ਦੀਆਂ ਡਰੋਨ ਰਾਹੀਂ ਆਉਂਦੀਆਂ ਖੇਪਾਂ ਨੂੰ ਰੋਕਣ ਲਈ ਭਾਰਤ ਨੇ ਤਾਇਨਾਤ ਕੀਤਾ ਐਂਟੀ ਡਰੋਨ ਸਿਸਟਮ

**ਤਰਨਤਾਰਨ-** ਪਾਕਿਸਤਾਨੀ ਸਮਗਲਰਾਂ ਵੱਲੋਂ ਡਰੋਨ ਦੀ ਮਦਦ ਨਾਲ ਭੇਜੇ ਜਾ ਰਹੇ ਹਥਿਆਰਾਂ ਅਤੇ ਨਸ਼ੇ ਦੀਆਂ ਖੇਪਾਂ ਨੂੰ ਰੋਕਣ ਲਈ ਪੰਜਾਬ ਸਰਕਾਰ ਐਂਟੀ ਡਰੋਨ ਸਿਸਟਮ ਅਡਾਪਟ ਕਰਨ ਜਾ ਰਹੀ ਹੈ। ਜਿਸ ਦੇ ਲਈ ਅੱਜ ਅਡਾਨੀ ਗਰੁੱਪ ਦੇ ਬਣਾਏ ਗਏ ਸਿਸਟਮ ਦਾ ਪ੍ਰੀਖਣ ਸਰਹੱਦ ਨਾਲ ਲੱਗਦੇ ਪਿੰਡ ਨੌਸ਼ਹਿਰਾ ਢਾਲਾ ਵਿਖੇ ਕੀਤਾ ਗਿਆ। ਪੰਜਾਬ ਸਰਕਾਰ ਦੇ ਮੰਤਰੀ ਅਮਨ ਅਰੋੜਾ, ਲਾਲਜੀਤ ਸਿੰਘ ਭੁੱਲਰ, ਵਿਧਾਇਕ ਸਰਵਣ ਸਿੰਘ ਧੁੰਨ ਅਤੇ ਪੁਲਿਸ ਦੇ ਉੱਚ ਅਧਿਕਾਰੀ ਇਸ ਪ੍ਰੀਖਣ ਨੂੰ ਨੇਪਰੇ ਚਾੜਨ ਲਈ ਪੁੱਜੇ। ਜਦੋਂ ਕਿ ਅਡਾਨੀ ਗਰੁੱਪ ਦੇ ਅਧਿਕਾਰੀ ਵੀ ਐਂਟਰੀ ਡਰੋਨ ਸਿਸਟਮ ਬਾਰੇ ਜਾਣਕਾਰੀ ਦੇਣ ਵਾਸਤੇ ਸਮਾਗਮ ਵਿੱਚ ਮੌਜੂਦ ਰਹੇ।ਦੱਸਿਆ ਜਾ ਰਿਹਾ ਹੈ ਕਿ ਇਸ ਐਂਟੀ ਡਰੋਨ ਉਸਨੂੰ ਜਾਮ ਕਰਨ ਦੇ





ਨਾਲ-ਨਾਲ ਇਹ ਵੀ ਪਤਾ ਲਗਾਇਆ ਜਾ ਸਕੇਗਾ ਕਿ ਉਸ ਨੂੰ ਕਿੱਥੋਂ ਆਪਰੇਟ ਕੀਤਾ ਜਾ ਰਿਹਾ ਹੈ।

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ੇ ਖਿਲਾਫ ਸਰਕਾਰ ਦਾ ਇਹ ਆਖਰੀ ਤੇ ਵੱਡਾ ਹੱਲਾ ਹੈ। ਇਸ ਦੇ ਨਾਲ ਸਰਹੱਦ ਪਾਰੋਂ ਹੋਣ ਵਾਲੀ ਤਸਕਰੀ ਨੂੰ ਵੀ ਰੋਕਿਆ ਜਾ ਰਿਹਾ ਹੈ ਤੇ ਨਾਲ ਹੀ ਸਮੁੱਚੇ ਪੰਜਾਬ ਵਿੱਚ ਨਸ਼ਾ ਤਸਕਰਾਂ ਵਿਰੁੱਧ ਮੁਹਿੰਮ ਚਲਾਈ ਗਈ ਹੈ। ਜਿਸ ਦੇ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ ਇਹ ਪ੍ਰਗਟਾਵਾ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਤਰਨ ਤਾਰਨ ਦੇ ਪਿੰਡ ਨੌਸ਼ਹਿਰਾ ਢਾਲਾ ਜੋ ਜ਼ੀਰੋ ਲਾਈਨ ਦੇ ਬਿਲਕੁਲ ਨਾਲ ਵਸਿਆ ਹੈ ਵਿਖੇ ਐਂਟੀ ਡੈਰੋਨ ਟੈਕਨੋਲੋਜੀ ਦੇ ਪ੍ਰੀਖਣ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ ਉਹਨਾਂ ਨੇ ਕਿਹਾ ਕਿ ਸਰਕਾਰ ਪੰਜਾਬ ਵਿੱਚੋਂ ਨਸ਼ੇ ਦੇ ਕੋੜ ਨੂੰ ਖਤਮ ਕਰਨ ਲਈ ਪੂਰੀ ਤਰ੍ਹਾਂ ਗੰਭੀਰ ਹੈ ਅਤੇ ਇਸ ਵੱਡੇ ਹੱਲੇ ਨਾਲ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਹੀ ਹਟਿਆ ਜਾਵੇਗਾ। ਉਹਨਾਂ ਨੇ ਕਿਹਾ ਕਿ ਲੋਕਾਂ ਦਾ ਵੀ ਇਸ ਮੁਹਿੰਮ ਨੂੰ ਵੱਡਾ ਸਹਿਯੋਗ ਮਿਲ ਰਿਹਾ ਹੈ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE RETIREMENT
LIFE INSURANCE COLLEGE PLANNING
LONG TERM CARE INS AUTO * HOME
FUNERAL EXPENSE BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਯਾਦ 'ਚ ਇਨਕਲਾਬੀ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ

**ਲਹਿਰਾਗਾਗਾ, (ਦਲਜੀਤ ਕੌਰ)** ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਉਹਨਾਂ ਦੀ ਇਨਕਲਾਬੀ ਵਿਚਾਰਧਾਰਾ ਨੂੰ ਪ੍ਰਫੁੱਲਿਤ ਕਰਨ ਦੇ ਮੰਤਵ ਨਾਲ ਲੋਕ ਚੇਤਨਾ ਮੰਚ, ਲਹਿਰਾਗਾਗਾ ਵੱਲੋਂ ਸ਼ਹਿਰ ਦੀ ਪੁਰਾਣੀ ਅਨਾਜ ਮੰਡੀ ਵਿੱਚ ਇਨਕਲਾਬੀ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਹ ਪ੍ਰੋਗਰਾਮ ਗ਼ਦਰ ਪਾਰਟੀ ਦੀ ਵੀਰਾਂਗਣਾ ਬੀਬੀ ਗੁਲਾਬ ਕੌਰ ਦੀ 100ਵੀਂ ਬਰਸੀ ਨੂੰ ਅਤੇ ਮਰਹੂਮ ਹਰੀ ਸਿੰਘ ਤਰਕ ਦੀ 18ਵੀਂ ਬਰਸੀ ਅਤੇ ਕਵੀ ਪਾਸ਼ ਦੇ ਸ਼ਹਾਦਤ ਦਿਹਾੜੇ ਨੂੰ ਸਮਰਪਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਸ਼ਹਿਰ ਤੇ ਇਲਾਕੇ ਦੇ ਲੋਕਾਂ ਅਤੇ ਜਨਤਕ ਜਥੇਬੰਦੀਆਂ ਦੇ ਵਰਕਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਇਕੱਠ ਸੰਬੋਧਨ ਕਰਦਿਆਂ ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ ਨੇ ਇਲਾਕੇ ਭਰ 'ਚੋਂ ਆਏ ਵੱਖ-ਵੱਖ ਜਥੇਬੰਦੀਆਂ ਦੇ ਵਰਕਰਾਂ, ਆਗੂਆਂ ਅਤੇ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਅਤੇ ਮੰਚ ਵੱਲੋਂ ਪਿਛਲੇ ਲੰਮੇ ਅਰਸੇ ਤੋਂ ਲੋਕ ਹਿੱਤ ਲਈ ਕੀਤੀਆਂ ਸਰਗਰਮੀਆਂ ਦੀ ਚਰਚਾ ਕਰਦਿਆਂ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਇਸ ਸਮਾਗਮ ਦੌਰਾਨ ਲੋਕ ਕਲਾ ਮੰਚ, ਮੁੱਲਾਂਪੁਰ ਦੀ ਟੀਮ ਨੇ ਨਸ਼ਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਦੇ ਨਾਟਕ 'ਇਹਨਾਂ ਜ਼ਖ਼ਮਾਂ ਦਾ ਕੀ ਕਰੀਏ' ਅਤੇ 'ਛਿਪਣ ਤੋਂ ਪਹਿਲਾਂ' ਦਾ ਬਾਖ਼ੂਬੀ ਮੰਚਨ ਕੀਤਾ।





ਪ੍ਰੋਗਰਾਮ ਵਿੱਚ ਪ੍ਰਸਿੱਧ ਇਨਕਲਾਬੀ ਗਾਇਕ ਅਜਮੇਰ ਅਕਲੀਆ ਵੱਲੋਂ ਬਿਨਾਂ ਕਿਸੇ ਸਾਜ਼ ਤੋਂ ਬੁਲੰਦ ਆਵਾਜ਼ ਵਿੱਚ ਗਾਏ ਗੀਤਾਂ ਨੇ ਮਰਹੂਮ ਸੰਤ ਰਾਮ ਉਦਾਸੀ ਦੀ ਯਾਦ ਤਾਜ਼ਾ ਕਰਵਾ ਦਿੱਤੀ। ਮਾਲਵਾ ਹੇਕ ਵੱਲੋਂ ਡਾ। ਜਗਦੀਸ਼ ਪਾਪੜਾ ਅਤੇ ਸਾਥੀਆਂ ਨੇ ਸ਼ਹੀਦਾਂ ਦੀਆਂ ਵਾਰਾਂ ਅਤੇ ਲੋਕਪੱਖੀ ਗੀਤਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਪ੍ਰੋਗਰਾਮ ਦਾ ਆਗਾਜ਼ ਕੀਤਾ।

ਪ੍ਰੋਗਰਾਮ ਵਿੱਚ ਲੋਕ ਚੇਤਨਾ ਮੰਚ ਵੱਲੋਂ ਇਨਕਲਾਬੀ ਗਾਇਕ ਅਜਮੇਰ ਸਿੰਘ ਅਕਲੀਆ ਨੂੰ ਉਹਦੀ ਗਾਇਕੀ ਅਤੇ ਘਾਲਣਾਵਾਂ ਲਈ ਸਾਥੀ ਹਰੀ ਸਿੰਘ ਤਰਕ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਸਾਹਿਤ-ਪ੍ਰੇਮੀਆਂ ਨੇ ਪੁਸਤਕ ਪ੍ਰਦਰਸ਼ਨੀ ਨੂੰ ਵੀ ਖ਼ੂਬ ਹੁੰਗਾਰਾ ਦਿੱਤਾ। ਮੰਚ ਸੰਚਾਲਨ ਮਾਸਟਰ ਹਰਭਗਵਾਨ ਗੁਰਨੇ ਨੇ ਬਾਖ਼ੂਬੀ ਕੀਤਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਭਾਰਤੀ ਕਿਸਾਨ ਯੂਨੀਅਨ (ਆਜ਼ਾਦ), ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਡੈਮੋਕ੍ਰੇਟਿਕ ਟੀਚਰਜ਼ ਫਰੰਟ, ਸੱਭਿਆਚਾਰਕ ਮੰਚ ਛਾਜਲੀ, ਜਮਹੂਰੀ ਅਧਿਕਾਰ ਸਭਾ,ਪੀ ਡਬਲਿਊ ਡੀ ਫੀਲਡ ਐਂਡ ਵਰਕਸ਼ਾਪ ਯੂਨੀਅਨ, ਕਿਰਤੀ ਕਿਸਾਨ ਯੂਨੀਅਨ, ਸਵਿੱਤਰੀ ਬਾਈ ਫੂਲੇ ਲਾਇਬ੍ਰੇਰੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਦੇ ਨੁਮਾਇੰਦੇ ਵਿਸ਼ੇਸ਼ ਤੌਰ 'ਤੇ ਪਹੁੰਚੇ।

ਪ੍ਰੋਗਰਾਮ ਦੀ ਸਫਲਤਾ ਲਈ ਮੰਚ ਦੇ ਮੈਂਬਰਾਂ ਜਗਜੀਤ ਭੁਟਾਲ, ਮਾਸਟਰ ਜੀਵਨ ਰਾਮ ਚੋਟੀਆਂ, ਰਣਜੀਤ ਲਹਿਰਾ, ਸ਼ਮਿੰਦਰ ਸਿੰਘ, ਮਹਿੰਦਰ ਸਿੰਘ, ਗੁਰਚਰਨ ਸਿੰਘ, ਪੂਰਨ ਖਾਈ, ਰਘਬੀਰ ਭੁਟਾਲ, ਪ੍ਰਵੀਨ ਖੋਖਰ, ਬਲਦੇਵ ਸਿੰਘ, ਵਰਿੰਦਰ ਸਿੰਘ, ਲਛਮਣ ਅਲੀਸ਼ੇਰ, ਹਰੀ ਸਿੰਘ ਅੜਕਵਾਸ, ਜੋਰਾ ਸਿੰਘ ਗਾਗਾ, ਮਾਸਟਰ ਰਤਨਪਾਲ ਡੂਡੀਆਂ, ਸੁਖਜਿੰਦਰ ਲਾਲੀ, ਕੁਲਦੀਪ ਸਿੰਘ, ਭੀਮ ਸਿੰਘ, ਤਰਸੇਮ ਭੋਲੂ, ਮਾਸਟਰ ਪਿਆਰਾ ਲਾਲ, ਬਿੰਦਰ ਚੰਗਾਲੀਵਾਲਾ ਅਤੇ ਰਣਦੀਪ ਸੰਗਤਪੁਰਾ ਨੇ ਯੋਗਦਾਨ ਪਾਇਆ। ਇਸ ਮੌਕੇ ਗੁਰਪਿਆਰ ਸਿੰਘ ਕਾਲਬੰਜਾਰਾ, ਦਰਸ਼ਨ ਸਿੰਘ ਢੀਂਡਸਾ, ਸ਼ੇਰ ਸਿੰਘ ਛਾਜਲੀ, ਜਸਵੀਰ ਲਾਡੀ, ਗੁਰਮੇਲ ਸਿੰਘ ਬਖ਼ਸ਼ੀਵਾਲਾ, ਡਾ। ਬਿਹਾਰੀ ਮੰਡੇਰ, ਗੁਰਸੰਤ ਸਿੰਘ ਭੁਟਾਲ, ਭੀਮ ਮੰਡੇਰ, ਅਮਰੀਕ ਗੁਰਨੇ, ਬਿੱਕਰ ਸਿੰਘ, ਨਿਰਭੈ ਖਾਈ, ਲੀਲਾ ਸਿੰਘ ਚੋਟੀਆਂ, ਸੰਤ ਰਾਮ ਛਾਜਲੀ, ਜਸਵੀਰ ਖੋਖਰ ਅਤੇ ਹਰੀ ਸਿੰਘ ਕੋਟੜਾ ਸਮੇਤ ਵੱਖ-ਵੱਖ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਪੰਜਾਬ ਪੇਅ ਸਕੇਲ ਬਹਾਲੀ ਸਾਂਝੇ ਫਰੰਟ ਵੱਲੋਂ ਸੰਗਰੂਰ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ

**ਸੰਗਰੂਰ, (ਦਲਜੀਤ ਕੌਰ)** ਪੰਜਾਬ ਪੇਅ ਸਕੇਲ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਪੇਅ ਸਕੇਲ ਬਹਾਲੀ ਸਾਂਝਾ ਫਰੰਟ ਦੀ ਅਗਵਾਈ ਹੇਠ ਮੁਲਾਜ਼ਮਾਂ ਵੱਲੋਂ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੰਗਰੂਰ ਕੋਠੀ ਦਾ ਘਿਰਾ ਕੀਤਾ ਗਿਆ। ਪਹਿਲਾਂ ਪਟਿਆਲਾ ਬਾਈਪਾਸ ਪੁਲ ਦੇ ਹੇਠਾਂ ਸੂਬਾ ਪੱਧਰੀ ਰੈਲੀ ਕਰਨ ਤੋਂ ਬਾਅਦ ਇਹਨਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਤੱਕ ਰੋਸ ਮਾਰਚ ਕੱਢਿਆ ਅਤੇ ਕੋਠੀ ਅੱਗੇ ਧਰਨਾ ਦਿੱਤਾ ਗਿਆ। ਇਹ ਮੌਕੇ ਜ਼ਿਲ੍ਹਾ ਸੰਗਰੂਰ ਪ੍ਰਸ਼ਾਸਨ ਵੱਲੋਂ ਜੱਥੇਬੰਦੀ ਦੇ ਆਗੂਆਂ ਦਾ 8 ਅਪ੍ਰੈਲ ਦੀ ਕੈਬਨਿਟ ਸਬ-ਕਮੇਟੀ ਨਾਲ ਮੀਟਿੰਗ ਤੈਅ ਕਰਵਾਉਣ ਤੋਂ ਬਾਅਦ ਮੁਲਜ਼ਮ ਸ਼ਾਂਤ ਹੋਏ ਅਤੇ ਉਨ੍ਹਾਂ ਆਪਣਾ ਧਰਨਾ ਖ਼ਤਮ ਕਰ ਦਿੱਤਾ।

ਇਸ ਮੌਕੇ ਸਰਕਾਰ ਦੀ ਪਿਛਲੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਸੰਬੰਧੀ ਆਪਣੇ ਵਿਚਾਰ ਸਾਂਝੇ ਕਰਦਿਆਂ ਸੂਬਾ ਕਨਵੀਨਰਾਂ ਨੇ ਸਰਕਾਰ ਤੇ ਵਾਅਦਾ ਖਿਲਾਫੀ ਦਾ ਦੋਸ਼ ਲਾਇਆ ਕਿ ਜੋ ਸੱਤਾ ਵਿੱਚ ਆਉਣ ਤੋਂ ਪਹਿਲਾਂ ਸੂਬੇ ਦੀ ਆਮ ਪਾਰਟੀ ਦੀ ਸਰਕਾਰ ਨੇ ਮੁਲਾਜ਼ਮਾਂ ਨਾਲ ਵਾਅਦੇ ਕੀਤੇ ਸੀ ਭਾਵੇਂ ਉਹ ਪੁਰਾਣੀ ਪੈਨਸ਼ਨ ਬਹਾਲੀ ਦਾ ਹੋਵੇ ਜਾਂ ਪੰਜਾਬ ਦੇ ਪੇਅ ਸਕੇਲ ਬਹਾਲ ਕਰਨ ਦੀ ਗੱਲ ਹੋਵੇ ਸਰਕਾਰ ਨੇ ਇਹਨਾਂ ਵਿੱਚੋਂ ਕੋਈ ਵੀ ਵਾਅਦਾ ਤਿੰਨ ਸਾਲ ਬੀਤ ਜਾਣ ਦੇ ਬਾਅਦ ਵੀ ਪੂਰਾ ਨਹੀਂ ਕੀਤਾ। ਜਿਸ ਦੇ ਰੋਸ ਵੱਜੋਂ ਇੱਕ ਪਾਸੇ ਮੁਲਾਜ਼ਮਾਂ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਵੀ ਰੁੱਖ ਕੀਤਾ, ਜਿਸ ਵਿੱਚ ਫ਼ੈਸਲਾ ਮੁਲਾਜ਼ਮਾਂ ਦੇ ਹੱਕ ਵਿੱਚ ਆਇਆ ਤੇ ਸਰਕਾਰ ਨੂੰ ਅਦਾਲਤ ਵੱਲੋਂ ਮੁਲਾਜ਼ਮਾਂ ਉੱਤੇ ਪੰਜਾਬ ਦੇ ਪੇਅ ਸਕੇਲ ਲਾਗੂ ਕਰਨ ਦੀ ਗੱਲ ਕਹੀ ਗਈ। ਇਸ ਤੋਂ ਬਾਅਦ ਵੀ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਰਿੱਟ ਪਟੀਸ਼ਨ ਪਾਈ, ਜੋ ਕਿ ਸਰਕਾਰ ਹਾਰ ਗਈ ਤੇ ਉਸ ਤੋਂ ਬਾਅਦ ਦੁਬਾਰਾ ਰਿਵਿਊ ਪਟੀਸ਼ਨ ਪਾਈ ਗਈ। ਇਸਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਨਾਲ ਪੰਜਾਬ ਪੇਅ ਸਕੇਲ ਬਹਾਲ ਕਰਨ ਦਾ ਵਾਅਦਾ ਪੂਰਾ ਨਹੀਂ ਕਰਨਾ ਚਾਹੁੰਦੀ। ਇਸ ਮੌਕੇ ਸੂਬਾ ਕਮੇਟੀ ਨੇ ਫੈਸਲਾ ਕੀਤਾ ਕਿ ਜੇਕਰ ਆਉਣ। ਵਾਲੇ ਸਮੇਂ ਵਿੱਚ ਜੇਕਰ ਪੰਜਾਬ ਸਰਕਾਰ ਪੰਜਾਬ ਪੇਅ ਸਕੇਲ ਲਾਗੂ ਕਰਨ ਤੋਂ ਇੰਨਕਾਰੀ ਹੁੰਦੀ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਪੰਜ਼ਾਬ ਸਰਕਾਰ ਦੇ ਹਰ ਪ੍ਰੋਗਰਾਮ ਦਾ ਵਿਰੋਧ ਕੀਤਾ ਜਾਵੇਗਾ।



ਇਸ ਸਮੇਂ ਸੂਬਾ ਕਨਵੀਨਰ ਸ਼ਲਿੰਦਰ ਕੰਬੋਜ਼, ਯੁੱਧਜੀਤ ਸਿੰਘ, ਸੰਦੀਪ ਸਿੰਘ, ਤਰਸੇਮ ਸਿੰਘ, ਸੱਸਪਾਲ ਸਿੰਘ, ਅੰਕਿਤ ਵਰਮਾਂ, ਨਵਜੀਵਨ ਸਿੰਘ, ਸੁਰਿੰਦਰ ਸਿੰਘ, ਨਿਰਮਲ ਜ਼ੀਰਾ, ਸੁਮਿਤ ਕੰਬੋਜ਼, ਕੁਲਦੀਪ ਖੋਖਰ ਸਟੇਟ ਕਮੇਟੀ ਮੈਂਬਰ ਹਾਜ਼ਰ ਸਨ। ਇਸ ਤੋਂ ਇਲਾਵਾ ਡੀ। ਟੀ। ਐੱਫ। ਦੇ ਸੂਬਾ ਪ੍ਰਧਾਨ ਵਿਕਰਮ ਦੇਵ, ਸੂਬਾ ਮੀਤ ਪ੍ਰਧਾਨ ਰਘਵੀਰ ਭਵਾਨੀਗੜ੍ਹ, ਜਿਲ੍ਹਾ ਪ੍ਰਧਾਨ ਰਾਜੀਵ ਕੁਮਾਰ, ਸੁਬਾਰਡੀਨੇਟ ਸਰਵਿਸਜ਼ ਯੂਨੀਅਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਮਲਟੀਪਰਪਜ ਹੈਲਥ ਵਰਕਰ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ, ਪੁਰਾਣੀ ਪੈਂਨਸ਼ਨ ਪ੍ਰਾਪਤੀ ਫਰੰਟ ਤੋਂ ਰਣਦੀਪ ਸਿੰਘ ਆਦਿ ਆਗੂ ਵੀ ਹਾਜ਼ਰ ਸਨ



# ਸਾਇਕਲ-ਮੋਟਰਸਾਈਕਲ ਰੈਲੀ ਕੱਢਕੇ ਕੀਤਾ ਸ਼ਹੀਦਾਂ ਨੂੰ ਯਾਦ



**ਚੰਡੀਗੜ੍ਹ (ਸਤਨਾਮ ਸਿੰਘ ਸਹੂੰਗੜਾ)-** ਨੌਜਵਾਨ ਭਾਰਤ ਸਭਾ ਤੇ ਕਾਰਖਾਨਾ ਮਜਦੂਰ ਯੂਨੀਅਨ, ਚੰਡੀਗੜ੍ਹ ਵੱਲੋਂ ਚੰਡੀਗੜ੍ਹ ਵਿਚ ਸ਼ਹੀਦ ਭਗਤ ਸਿੰਘ, ਸ਼ਹੀਦ ਸੁਖਦੇਵ ਤੇ ਸ਼ਹੀਦ ਰਾਜਗੁਰੂ ਦੇ ਸ਼ਹੀਦੀ ਦਿਹਾੜੇ ਦੀ ਯਾਦ ਵਿੱਚ ਸ਼ਹਿਰ ਵਿੱਚ ਸਾਇਕਲ ਮੋਟਰਸਾਈਕਲ ਰੈਲੀ ਕੱਢਕੇ ਸ਼ਰਧਾਂਜਲੀ ਦਿੱਤੀ ਗਈ। ਇਹ ਰੈਲੀ ਮੌਲੀਜਗਰਾਂ ਤੋਂ ਸ਼ੁਰੂ ਹੋ ਕੇ ਵਾਇਆ ਹੱਲੋਮਾਜਰਾ ਤੋਂ ਸੈਕਟਰ 17 ਤੱਕ ਕੱਢੀ ਗਈ। ਸਾਰੇ ਰਾਹ ਨੌਜਵਾਨਾਂ ਨੇ ਸ਼ਹੀਦਾਂ ਨੂੰ ਇਨਕਲਾਬੀ ਨਾਅਰੇ ਗੁੰਜਾ ਕੇ ਯਾਦ ਕੀਤਾ। ਨੌਜਵਾਨ ਭਾਰਤ ਸਭਾ ਦੇ ਮਨੀਸ਼ ਨੇ ਦੱਸਿਆ ਕਿ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਅੱਜ ਵੀ ਨਹੀਂ ਕਾਇਮ ਹੋ ਸਕਿਆ।

ਇਹਨਾਂ ਸਿਰਮੌਰ ਸ਼ਹੀਦਾਂ ਨੇ ਇੱਕ ਅਜਿਹਾ ਸਮਾਜ ਚਾਹਿਆ ਸੀ ਜਿੱਥੇ ਕਿਸੇ ਨਾਲ਼ ਵਿਤਕਰਾ ਨਾ ਹੋਵੇ, ਸਭ ਨੂੰ ਬਰਾਬਰ ਮੌਕੇ ਹਾਸਲ ਹੋਣ ਪਰ 1947 ਵਿੱਚ ਕਾਬਜ ਹੋਏ ਸਰਮਾਏਦਾਰਾ ਹਾਕਮਾਂ ਨੇ ਸਰਮਾਏਦਾਰਾ ਪੱਖੀ ਨੀਤੀਆਂ ਨੂੰ ਅੱਗੇ ਵਧਾਇਆ ਜਿਹਨਾਂ ਕਰਕੇ ਅੱਜ ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ, ਮਹਿੰਗਾਈ, ਬੇਰੁਜ਼ਗਾਰੀ, ਨਸ਼ਾਖੋਰੀ ਜਿਹੀਆਂ ਅਲਾਮਤਾਂ ਨੇ ਆਮ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੈ ਇਸ ਸਭ ਦੇ ਹੱਲ ਲਈ ਅੱਜ ਸਾਨੂੰ ਇਨਕਲਾਬੀ ਜਥੇਬੰਦੀ ਬਣਾਕੇ ਸੰਘਰਸ਼ ਕਰਨ ਦੀ ਲੋੜ ਹੈ। ਬੁਲਾਰੇ ਪੁਸ਼ਪਿੰਦਰ ਨੇ ਨੌਜਵਾਨ ਲਹਿਰ ਦੇ ਇਤਿਹਾਸ ਉੱਪਰ ਚਾਨਣਾ ਪਾਉਂਦਿਆਂ ਕਿਹਾ ਕਿ ਜਿਸ ਤਰ੍ਹਾਂ ਸ਼ਹੀਦ ਭਗਤ ਸਿੰਘ, ਸੁਖਦੇਵ, ਰਾਜਗੁਰੂ ਜਿਹੇ ਸ਼ਹੀਦਾਂ ਨੇ ਜਥੇਬੰਦ ਹੋ ਕੇ ਅੰਗਰੇਜ਼ਾਂ ਖਿਲਾਫ ਲੜਾਈ ਵਿੱਢੀ ਉਸੇ ਤਰ੍ਹਾਂ ਸਾਨੂੰ ਵੀ ਅੱਜ ਜਥੇਬੰਦ ਹੋ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਪੈਣਾ ਹੈ।

ਪੰਜਾਬ ਦੀ ਸੱਤਰਵਿਆਂ ਦੀ ਵਿਦਿਆਰਥੀ, ਨੌਜਵਾਨ ਲਹਿਰ ਦਾ ਇਤਿਹਾਸ ਦੱਸਦਾ ਹੈ ਕਿ ਜਦੋਂ ਵੀ ਨੌਜਵਾਨ ਨੇ ਜੱਥੇਬੰਦ ਹੋ ਕੇ ਲੜਾਈ ਲੜੀ ਹੈ ਤਾਂ ਇਸ ਨੇ ਆਪਣੇ ਹੱਕ ਹਾਸਲ ਕੀਤੇ ਹਨ। ਅੱਜ ਨੌਜਵਾਨਾਂ ਵਿੱਚ ਬੇਰੁਜਗਾਰੀ ਵੱਡੀ ਸਮੱਸਿਆ ਹੈ ਜਿਸਦੇ ਹੱਲ ਲਈ ਉਹਨਾਂ ਨੂੰ ਜਥੇਬੰਦ ਹੋਣ ਦੀ ਲੋੜ ਹੈ। ਇਸ ਤੋਂ ਬਿਨਾਂ ਕਾਰਖਾਨਾ ਮਜਦੂਰ ਯੂਨੀਅਨ ਦੇ ਸਕੱਤਰ ਮਾਨਵ ਨੇ ਵੀ ਸੰਬੋਧਨ ਕੀਤਾ। ਸੈਕਟਰ 17 ਦੇ ਮੰਚ ਸੰਚਾਲਨ ਦੀ ਜੁੰਮੇਵਾਰੀ ਹਰਸ਼ ਨੇ ਸੰਭਾਲੀ।

# ਮਾਪੇ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਾਉਣ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ 'ਚ ਨਰਸਰੀ ਤੋਂ ਬਾਰ੍ਹਵੀਂ ਜਮਾਤਾਂ ਤੱਕ ਦੇ ਦਾਖ਼ਲਿਆਂ ਨੂੰ ਭਰਵਾਂ ਹੁੰਗਾਰਾ ਦੇਣ ਲਈ ਮੁੱਖ ਮੰਤਰੀ ਪੰਜਾਬ ਸ। ਭਗਵੰਤ ਮਾਨ ਅਤੇ ਸਿੱਖਿਆ ਮੰਤਰੀ ਪੰਜਾਬ ਸ। ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਵਿਸ਼ੇਸ਼ ਮੁਹਿੰਮ ਅਰੰਭੀ ਗਈ ਹੈ। ਇਸ ਮੁਹਿੰਮ ਤਹਿਤ ਸਿੱਖਿਆ ਵਿਭਾਗ ਪਠਾਨਕੋਟ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਢਾਕੀ ਤੋਂ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਅਤੇ ਡਿਪਟੀ ਕਮਿਸ਼ਨਰ ਪਠਾਨਕੋਟ ਸ੍ਰੀ ਅਦਿੱਤਿਆ ਉੱਪਲ ਦੀ ਅਗਵਾਈ ਹੇਠ ਦਾਖ਼ਲਾ ਪ੍ਰਚਾਰ ਵੈਨ ਨੂੰ ਰਵਾਨਾ ਕੀਤਾ ਗਿਆ। ਦੂਜੇ ਦਿਨ ਦੀ ਦਾਖ਼ਲਾ ਪ੍ਰਚਾਰ ਵੈਨ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ, ਜਿਲ੍ਹਾ ਸਿਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਸ੍ਰੀ ਡੀਜੀ ਸਿੰਘ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਦਾਖ਼ਲਾ ਪ੍ਰਚਾਰ ਵੈਨ ਵੱਲੋਂ ਜ਼ਿਲ੍ਹੇ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਜਾ ਕੇ ਸਰਕਾਰੀ ਸਕੂਲਾਂ ਦੀਆਂ ਪ੍ਰਾਪਤੀਆਂ ਦੱਸ ਕੇ ਮਾਪਿਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਾਉਣ ਲਈ ਪ੍ਰੇਰਿਤ ਕੀਤਾ ਗਿਆ।



ਇਸ ਮੌਕੇ ਤੇ ਜਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ ਅਤੇ ਜਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਰਾਜ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਵਚਨਬੱਧ ਹੈ ਅਤੇ ਰਾਜ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਦਿਨ ਰਾਤ ਉਪਰਾਲੇ ਕੀਤੇ ਜਾ ਰਹੇ ਹਨ। ਸਰਕਾਰ ਦਾ ਮੁੱਖ ਮਨੋਰਥ ਪੰਜਾਬ ਅੰਦਰ ਲੋਕਾਂ ਨੂੰ ਵਧੀਆ ਸਿੱਖਿਆ ਪ੍ਰਣਾਲੀ ਦੀਆਂ ਸਹੂਲਤਾਂ ਪ੍ਰਦਾਨ ਕਰਨਾ ਹੈ ਤਾਂ ਜੋ ਕੋਈ ਵੀ ਬੱਚਾ ਸਿੱਖਿਆ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਪੰਜਾਬ ਦੇ ਰੌਸ਼ਨ ਭਵਿੱਖ ਲਈ ਸਿੱਖਿਆ ਢਾਂਚੇ ਨੂੰ ਕੌਮਾਂਤਰੀ ਪੱਧਰ 'ਤੇ ਲਿਜਾਣ ਲਈ ਵਚਨਬੱਧ ਹੈ ਅਤੇ ਇਸ ਤਹਿਤ ਸੂਬੇ ਵਿੱਚ 117 ਸਕੂਲ ਆਫ ਐਮੀਨੈਂਸ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ 2 ਸਕੂਲ ਆਫ ਐਮੀਨੈਂਸ ਜ਼ਿਲ੍ਹਾ ਪਠਾਨਕੋਟ ਵਿੱਚ ਵੀ ਚੱਲ ਰਹੇ ਹਨ। ਵਿਦੇਸ਼ਾਂ ਦੀ ਤਰਜ਼ ਤੇ ਸਕੂਲ ਆਫ਼ ਹੈਪੀਨੈਂਸ ਵੀ ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਬੇਹਤਰ ਭਵਿੱਖ ਲਈ ਉਨ੍ਹਾਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਵਾਉਣ। ਸਰਕਾਰੀ ਸਕੂਲਾਂ ਵਿਚ ਉੱਚ ਯੋਗਤਾ ਵਾਲੇ ਅਧਿਆਪਕ ਅਤੇ ਉੱਤਮ ਦਰਜੇ ਦਾ ਬੁਨਿਆਦੀ ਢਾਂਚਾ ਹੈ ਜਿੱਥੋਂ ਵਿੱਦਿਆਰਥੀ ਸਮੇਂ ਦੇ ਹਾਣੀ ਹੋਣ ਦੀ ਸਿੱਖਿਆ ਗ੍ਰਹਿਣ ਕਰ ਸਕਦੇ ਹਨ।

ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਕਿਹਾ ਕਿ ਇਸ ਵੈਨ ਦੇ ਜਰੀਏ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਅਤੇ ਸਰਕਾਰੀ ਸਕੂਲਾਂ ਵਿੱਚ ਡਿਜ਼ੀਟਲ ਢੰਗ ਨਾਲ ਹੋ ਰਹੀ ਪੜ੍ਹਾਈ ਬਾਰੇ ਦੱਸਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਸਾਰੇ ਸਕੂਲ ਲਗਪਗ ਇੰਟਰਨੈਂਟ ਨਾਲ ਜੁੜ ਚੁੱਕੇ ਹਨ, ਜਿਸ ਕਰ ਕੇ ਡਿਜ਼ੀਟਲ ਤਰੀਕੇ ਨਾਲ ਪੜ੍ਹਾਈ ਸ਼ੁਰੂ ਹੋ ਗਈ ਹੈ। ਇਸ ਲਈ ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਵਾਉਣ ਅਤੇ ਸਰਕਾਰੀ ਸਹੂਲਤਾਂ ਦਾ ਲਾਭ ਲੈਣ। ਉਨ੍ਹਾਂ ਦੱਸਿਆ ਕਿ ਦਾਖਲਾ ਪ੍ਰਚਾਰ ਵੈਨ ਵੱਲੋਂ ਬਲਾਕ ਪਠਾਨਕੋਟ -3, ਪਠਾਨਕੋਟ -1 ਅਤੇ ਪਠਾਨਕੋਟ -2 ਦੇ ਪਿੰਡਾਂ ਵਿੱਚ ਮਾਪਿਆਂ ਨੂੰ ਜਾਗਰੂਕ ਕਰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਵਾਉਣ ਲਈ ਪ੍ਰੇਰਿਤ ਕੀਤਾ ਹੈ।

ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਵੱਲੋਂ ਘਰ-ਘਰ ਜਾ ਕੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਦੀਆਂ ਉਪਲੱਬਧੀਆਂ ਨੂੰ ਗਿਣਾਇਆ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਵੱਲੋਂ ਸ਼ਾਮ ਸਮੇਂ ਸਰਨਾ ਪਿੰਡ ਵਿੱਚ ਅਧਿਆਪਕਾਂ ਅਤੇ ਬੱਚਿਆਂ ਨਾਲ ਘਰ ਘਰ ਜਾ ਕੇ ਪ੍ਰਚਾਰ ਕੀਤਾ ਗਿਆ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਸਰਨਾ ਦੇ ਬੱਚਿਆਂ ਵੱਲੋਂ ਪਿੰਡ ਵਿੱਚ ਦਾਖ਼ਲੇ ਸਬੰਧੀ ਨੁੱਕੜ ਨਾਟਕ ਪੇਸ਼ ਕੀਤਾ ਗਿਆ। ਇਸ ਮੌਕੇ ਤੇ ਸੀਐਚਟੀ ਰਵੀ ਕਾਂਤ, ਸੀਐਚਟੀ ਹਰਪ੍ਰੀਤ ਕੌਰ, ਸੁਮਨ ਬਾਲਾ, ਸੁਜਾਤਾ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਬਲਕਾਰ ਅੱਤਰੀ, ਜੋਤੀ ਮਹਾਜਨ ਆਦਿ ਹਾਜ਼ਰ ਸਨ।

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834



"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਮਹਾਰਾਜਾ ਰਣਜੀਤ ਸਿੰਘ ਤੇ ਸ਼ਾਹਜਹਾਂ ਦੀਆਂ ਯਾਦਾਂ ਨਾਲ ਜੁੜੀ ਇਤਿਹਾਸਕ ਨਹਿਰ ਗੰਦਗੀ ਦੀ ਭੇਟ ਚੜ੍ਹੀ

ਪਠਾਨਕੋਟ ਸ਼ਹਿਰ ਦੀ ਸਰਕੂਲਰ ਰੋਡ ਦੇ ਨਾਲ ਵਹਿੰਦੀ ਪ੍ਰਾਚੀਨ ਖੱਢੀ ਨਹਿਰ ਇੱਕ ਸਮੇਂ ਸ਼ਹਿਰ ਦੀ ਸੁੰਦਰਤਾ ਅਤੇ ਕੁਦਰਤੀ ਸਰੋਤਾਂ ਦੀ ਅਹਿਮ ਨਿਸ਼ਾਨੀ ਸੀ। ਪਰ ਆਧੁਨਿਕਤਾ ਦੇ ਰਫ਼ਤਾਰ ਭਰੇ ਦੌਰ ਨੇ ਇਸ ਰੋਡ ਨੂੰ ਪਿਛਲੇ ਕਈ ਸਾਲਾ ਤੋਂ ਗੰਦਗੀ ਦੇ ਢੇਰਾਂ ਵਿੱਚ ਬਦਲ ਦਿੱਤਾ ਹੈ। ਮੌਸਮ ਦੀ ਬਦਲਦੀ ਰੰਗਤ, ਖ਼ਾਸ ਕਰਕੇ ਮੀਂਹ ਦੇ ਦਿਨ, ਇਸ ਦੀ ਤਸਵੀਰ ਨੂੰ ਹੋਰ ਭਿਆਨਕ ਬਣਾ ਦਿੰਦੀ ਹੈ, ਜਦੋਂ ਪਠਾਨਕੋਟ ਅਤੇ ਇਸ ਦੇ ਨਾਲ ਲੱਗਦੇ ਪਹਾੜੀ ਇਲਾਕਿਆਂ ਵਿੱਚ ਭਾਰੀ ਵਰਖਾ ਇਸ ਖੱਢੀ ਨਹਿਰ ਵਿੱਚ ਅਜਿਹੇ ਦ੍ਰਿਸ਼ ਪੈਦਾ ਕਰ ਦਿੰਦੀ ਹੈ, ਜੋ ਖ਼ਤਰਨਾਕ ਵੀ ਹੁੰਦੇ ਹਨ ਅਤੇ ਚਿੰਤਾਜਨਕ ਵੀ। ਉਹ ਇਹ ਕਿ ਸ਼ਹਿਰ ਦੀ ਗੰਦਗੀ ਭਰੇ ਢੇਰ, ਪਲਾਸਟਿਕ ਦੇ ਲਿਫਾਫੇ, ਅਤੇ ਅਣਗਿਣਤ ਬੇਫ਼ਿਕਰ ਸੁੱਟੀਆਂ ਜਾਂਦੀਆਂ ਕੂੜੇ-ਕਰਕਟ ਦੀਆਂ ਪੰਡਾਂ ਆਦਿ ਇਸ ਖੱਢੀ ਨਹਿਰ ਦੇ ਪਾਣੀ ਵਿੱਚ ਮਿਲਕੇ ਪਾਣੀ ਗੰਧਲਾ ਕਰ ਰਹੀਆਂ ਹਨ। ਪਰ ਦੁੱਖ ਭਰੀ ਗੱਲ ਇਹ ਹੈ ਕਿ ਇਹ ਸਮੱਸਿਆ ਇੱਥੇ ਹੀ ਖਤਮ ਨਹੀਂ ਹੁੰਦੀ, ਬਲਕਿ ਇਹ ਕੂੜੇ-ਕਰਕਟ ਦੇ ਢੇਰ ਇੱਕ-ਦੋ ਕਿਲੋਮੀਟਰ ਅੱਗੇ ਜਾ ਕੇ ਇਤਿਹਾਸਕ ਮਾਧੋਪੁਰ ਵਾਲੀ ਅਪਰ ਬਾਰੀ ਦੁਆਬ ਨਹਿਰ ਵਿੱਚ ਮਿਲ ਜਾਂਦੇ ਹਨ। ਇਹ ਅਪਰ ਬਾਰੀ ਦੁਆਬ ਨਹਿਰ ਜ਼ੋ ਪਿਛੋਂ ਦਰਿਆ ਰਾਵੀ ਤੋਂ ਨਿਕਲ ਕੇ ਆ ਰਹੀ ਹੈ ਇਹ ਪੰਜਾਬ ਦੇ ਹਜ਼ਾਰਾਂ ਏਕੜ ਖੇਤਾਂ ਦੀ ਪਿਆਸ ਬੁਝਾਉਂਦੀ ਹੈ। ਇਹ ਨਹਿਰ ਸਿਰਫ਼ ਇੱਕ ਆਮ ਜਲ-ਸੰਚਾਈ ਪ੍ਰਣਾਲੀ ਨਹੀਂ, ਬਲਕਿ ਇਤਿਹਾਸ ਦੇ ਪੰਨਿਆਂ ਵਿੱਚ ਇੱਕ ਮਹੱਤਵਪੂਰਨ ਅਧਿਆਇ ਵਜੋਂ ਦਰਜ਼ ਹੈ। ਸ਼ਾਹਜਹਾਂ ਦੇ ਸ਼ਾਨਦਾਰ ਸ਼ਾਲੀਮਾਰ ਬਾਗ਼ ਲਈ ਕੱਢਵਾਈ ਗਈ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਨਹਿਰ ਦੀ ਖੁਦਾਈ ਦੀ ਭੂਮਿਕਾ ਨਿਭਾਈ ਤੇ ਇਹ ਨਹਿਰ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਲਈ ਵੀ ਮਹੱਤਵਪੂਰਨ ਬਣੀ ਉੱਥੇ ਇਸ ਨਹਿਰ ਦੇ ਪਾਣੀ ਨੇ ਕਿਸਾਨਾਂ ਦੀ ਜ਼ਿੰਦਗੀ ਵਿੱਚ ਇੱਕ ਨਵਾਂ ਉਜਾਲਾ ਭਰਿਆ, ਖੇਤਾਂ ਨੂੰ ਹਰਿਆਵਲ ਦੀ ਨਵੀਂ ਰਾਹ ਦਿੱਤੀ, ਪਰ ਅੱਜ ਇਹ ਗੰਦਗੀ, ਬਦਬੂ ਅਤੇ ਵਾਤਾਵਰਣੀ ਹਲਾਤਾ ਦਾ ਇੱਕ ਅਹਿਮ ਕਾਰਨ ਬਣੀ ਹੋਈ ਹੈ।

ਇਸ ਖੱਢੀ ਨਹਿਰ 'ਚ ਵਧ ਰਹੀ ਅੱਤ ਦੀ ਬਦਬੂ ਨਾ ਸਿਰਫ਼ ਇੱਥੋਂ ਲੰਘਣ ਵਾਲਿਆਂ ਦੀ ਨੱਕ ਵਿੱਚ ਦਮ ਕਰਦੀ ਹੈ, ਬਲਕਿ ਇਹ ਵਿਸ਼ੈਲਾ ਹੋ ਚੁੱਕਿਆ ਹਵਾ-ਪਾਣੀ ਇੱਕ ਅਜਿਹੀ ਚੁੱਪ ਜ਼ਹਿਰੀਲੀ ਸਾਝ ਪੈਦਾ ਕਰ ਰਿਹਾ ਹੈ, ਜੋ ਸਿਰਫ਼ ਦੂਰੋਂ ਵੇਖਣ ਵਾਲਿਆਂ ਲਈ ਨਹੀਂ, ਸਗੋਂ ਜੀਵ-ਜੰਤੂਆਂ ਲਈ ਵੀ ਇਕ ਅਣਬੋਲ੍ਹੀ ਅਣਗਹਿਲੀ ਦਾ ਮੰਜ਼ਰ ਬਣ ਗਿਆ ਹੈ।

ਇਸ ਤੋਂ ਇਲਾਵਾ, ਖੱਡੀ ਨਹਿਰ ਸਰਕਲਰ ਰੋਡ, ਪਠਾਨਕੋਟ ਦੇ ਐਨ ਨੇੜੇ, ਲੋਕਾਂ ਦੀ ਸੰਘਣੀ ਆਬਾਦੀ ਫੈਲੀ ਹੋਈ ਹੈ। ਇਥੇ ਅਨੇਕਾਂ ਮੁਹੱਲੇ, ਨਵੀਆਂ ਤੇ ਪੁਰਾਣੀਆਂ ਕਲੋਨੀਆਂ, ਪਰਵਾਸੀਆਂ ਦੀਆਂ ਅਣਗਿਣਤ ਝੁੱਗੀਆਂ-ਝੌਂਪੜੀਆਂ, ਅਤੇ ਆਰਮੀ ਦੀ ਵਿਸ਼ਾਲ ਕਲੋਨੀ ਮੌਜੂਦ ਹਨ। ਜਿੰਦਗੀ ਦੀ ਹਰ ਰੌਣਕ ਇਥੇ ਨਜ਼ਰ ਆਉਂਦੀ ਹੈ—ਵੱਖ-ਵੱਖ ਖਾਣ-ਪੀਣ ਵਾਲੀਆਂ ਦੁਕਾਨਾਂ, ਖਿਡਾਰੀਆਂ ਲਈ ਜਿਮ ਅਤੇ ਬੋਕਸਿੰਗ ਸੈਂਟਰ, ਬੱਚਿਆਂ ਦੇ ਮਨੋਰੰਜਨ ਲਈ ਝੂਲਿਆਂ ਵਾਲਾ ਪਾਰਕ—ਇਹ ਸਭ ਇਲਾਕੇ ਦੀ ਰੌਣਕ ਵਧਾਉਂਦੇ ਹਨ। ਪਰ ਇਸ ਰੌਣਕ ਦੇ ਨਾਲ-ਨਾਲ, ਇੱਕ ਤਸਵੀਰ ਹੋਰ ਵੀ ਉਭਰਦੀ ਹੈ, ਜਿਸ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ।

ਇਸੇ ਇਲਾਕੇ ਵਿੱਚ ਇੱਕ ਵਿਸ਼ਾਲ ਸ਼ਮਸ਼ਾਨ ਘਾਟ ਵੀ ਮੌਜੂਦ ਹੈ, ਜੋ ਜ਼ਿੰਦਗੀ ਤੇ ਮੌਤ ਦੇ ਬਚਪਣ ਅਤੇ ਅੰਤ ਦੇ ਦਰਸ਼ਨ ਕਰਵਾਉਂਦਾ ਹੈ। ਪਰ ਅਸਲ ਸਮੱਸਿਆ ਉਸ ਗੰਦੇ ਨਾਲੇ ਦੀ ਹੈ, ਜੋ ਖਾਨਪੁਰ ਖੇਤਰ ਦੇ ਇੱਕ ਮਹੱਲੇ ਵਿੱਚੋਂ ਨਿਕਲ ਰਿਹਾ ਹੈ ਅਤੇ ਇਸੀ ਕੱਢੀ ਨਹਿਰ ਵਿੱਚ ਮਿਲ ਕੇ ਪਾਣੀ ਨੂੰ ਹੋਰ ਵੀ ਗੰਧਲਾ ਤੇ ਬਦਬੂਦਾਰ ਬਣਾ ਰਿਹਾ ਹੈ। ਇਹ ਉਹੀ ਨਹਿਰ ਹੈ, ਜਿਸ ਨੂੰ ਕਦੇ ਸ਼ਹਿਰ ਦੀ ਸੁੰਦਰਤਾ ਵਧਾਉਣ ਵਾਲਾ ਸਰੋਤ ਮੰਨਿਆ ਜਾਂਦਾ ਸੀ, ਪਰ ਹੁਣ ਇਹ ਇੱਕ ਅਜਿਹੀ ਪਸਾਰ ਬਣ




ਚੁੱਕੀ ਹੈ, ਜਿਸ ਵਿੱਚ ਪੂਰੇ ਸ਼ਹਿਰ ਦੀ ਗੰਦਗੀ ਆ ਰਹੀ ਹੈ।

ਇਹ ਨਹਿਰ ਹੁਣ ਸਿਰਫ਼ ਇੱਕ ਗੰਦੇ ਪਾਣੀ ਦਾ ਚੈਨਲ ਨਹੀਂ, ਸਗੋਂ ਇੱਕ ਜੀਉਂਦੀ-ਜਾਗਦੀ ਮਿਸਾਲ ਹੈ ਕਿ ਕਿਵੇਂ ਕਿਸੇ ਸ਼ਹਿਰ ਦੀ ਲਾਪਰਵਾਹੀ, ਵਿਕਾਸ ਦੀ ਅਣਗਹਿਲੀ, ਅਤੇ ਪਰਯਾਵਰਣ ਪ੍ਰਤੀ ਅਣਗੰਭੀਰਤਾ, ਇੱਕ ਕਦੇ ਸੁੰਦਰ ਧਾਰਾ ਨੂੰ ਮੰਦ-ਬੂ ਵੀਹਦੇ, ਸੜਦੇ, ਤੇ ਦੁਖਾਂ ਦੀ ਗੱਲ੍ਹੀ ਬਣਾ ਸਕਦੀ ਹੈ। ਕੋਈ ਆਉਂਦੇ-ਜਾਂਦੇ ਵੀ ਇਸ ਵੱਲ ਨਹੀਂ ਤੱਕਦਾ, ਜਿਵੇਂ ਇਹ ਮੌਜੂਦ ਹੀ ਨਾ ਹੋਵੇ। ਪਰ ਹਕੀਕਤ ਇਹ ਹੈ ਕਿ ਇਹ ਨਹਿਰ ਸ਼ਹਿਰ ਦੀ ਤਸਵੀਰ ਦਾ ਇੱਕ ਭਾਗ ਹੈ—ਜੋ ਕੁਝ ਆਖ ਰਹੀ ਹੈ, ਪਰ ਸੁਣਨ ਵਾਲਾ ਕੋਈ ਨਹੀਂ।

ਚੰਦ ਰੁਪਏ ਦੀ ਖਾਤਰ, ਕੁਝ ਲੋਕ ਗੰਦ ਦੇ ਢੇਰ ਨੇੜੇ ਕਾਪਰ ਦੀਆਂ ਤਾਰਾਂ ਨੂੰ ਅੱਗ ਲਗਾ ਕੇ ਉਨ੍ਹਾਂ ਵਿਚੋਂ ਧਾਤੂ ਕੱਢਣ ਲੱਗਦੇ ਹਨ। ਇਹ ਲੋਕ ਆਪਣਾ ਕੰਮ ਨਿਭਾ ਕੇ ਆਪਣੀ ਰਾਹ ਪੈ ਜਾਂਦੇ ਹਨ, ਪਰ ਉਹ ਪਿੱਛੇ ਇੱਕ ਐਸੀ ਅਣਡਿੱਠੀ ਤਬਾਹੀ ਛੱਡ ਜਾਂਦੇ ਹਨ, ਜੋ ਹੌਲੀ-ਹੌਲੀ ਵਾਤਾਵਰਣ ਅਤੇ ਮਨੁੱਖੀ ਜੀਵਨ ਨੂੰ ਜ਼ਹਿਰੀਲਾ ਬਣਾਉਂਦੀ ਰਹਿੰਦੀ ਹੈ। ਤਾਰਾਂ ਨੂੰ ਲੱਗੀ ਅੱਗ ਵਿਚੋਂ ਨਿਕਲਣ ਵਾਲਾ ਧੂੰਆਂ ਨਾ ਸਿਰਫ਼ ਹਵਾ ਨੂੰ ਵਿਸ਼ੈਲਾ ਬਣਾਉਂਦਾ ਹੈ, ਸਗੋਂ ਉਹਨਾਂ ਗੈਸਾਂ ਦਾ ਮਿਲਾਪ ਕਰ ਜਾਂਦਾ ਹੈ, ਜੋ ਸਾਹ ਲੈਣ ਵਾਲੇ ਹਰ ਜੀਵ ਲਈ ਖਤਰਾ ਬਣ ਸਕਦਾ ਹੈ। ਇਸ ਦੇ ਨਾਲ, ਜਦ ਕੂੜੇ ਦੇ ਢੇਰ ਨੂੰ ਅੱਗ ਲਗ ਜਾਂਦੀ ਹੈ, ਤਾਂ ਅਣਗਿਣਤ ਜ਼ਹਿਰੀਲੇ ਰਸਾਇਣਕ ਤੱਤ ਹਵਾ ਵਿੱਚ ਫੈਲ ਜਾਂਦੇ ਹਨ। ਇਹ ਹਮਲਾ ਸਿਰਫ਼ ਵਾਤਾਵਰਣ ਤੱਕ ਸੀਮਤ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੀ ਸਿਹਤ ਅਤੇ ਜੀਵਨਸ਼ੈਲੀ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ ਉੱਥੇ ਹੀ, ਪਾਣੀ ਦੀ ਗੁਣਵੱਤਾ 'ਤੇ ਵੀ ਵਿਘਾਤਮਕ ਅਸਰ ਛੱਡ ਸਕਦਾ ਹੈ। ਗੰਦੇ ਪਾਣੀ ਦੀ ਵਧ ਰਹੀ ਮਿਲਾਵਟ ਕਰਕੇ, ਧਰਤੀ ਹੇਠਲਾ ਪਾਣੀ ਵੀ ਦਿਨੋਂ-ਦਿਨ ਜ਼ਹਿਰੀਲਾ ਬਣਨ ਦਾ ਖ਼ਤਰਾ ਪੈਦਾ ਕਰ ਰਿਹਾ ਹੈ।

ਇਸ ਤੋਂ ਇਲਾਵਾ ਇਹ ਖੇਤਰ ਆਪਣੀ ਪ੍ਰਸਿੱਧ




ਇਤਿਹਾਸਕ ਧਰੋਹਰ ਨਾਲ ਪੰਜਾਬ, ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੇ ਕੁੰਜੀ ਦਰਵਾਜ਼ੇ ਵਜੋਂ ਜਾਣਿਆ ਜਾਂਦਾ ਹੈ। ਇਹ ਸ਼ਹਿਰ ਨਾ ਕੇਵਲ ਭੂ-ਸਿਧਾਂਤਕ ਤੌਰ 'ਤੇ ਮਹੱਤਵ ਰੱਖਦਾ ਹੈ, ਬਲਕਿ ਗੁਰਮਤਿ ਅਤੇ ਆਤਮਿਕਤਾ ਦੇ ਮਹਾਨ ਕੇਂਦਰਾਂ ਨਾਲ ਵੀ ਨੱਥੀ ਹੋਇਆ ਹੈ। ਗੁਰਦੁਆਰਾ ਬਾਰਠ ਸਾਹਿਬ, ਜੋ ਕਿ ਬਾਬਾ ਸ੍ਰੀ ਚੰਦ ਜੀ ਦੀ ਯਾਦ ਵਿੱਚ ਅਰਪਿਤ ਹੈ, ਇਥੇ ਆਉਣ ਵਾਲੇ ਯਾਤਰੀਆਂ ਨੂੰ ਸ਼ਾਂਤੀ ਅਤੇ ਧਾਰਮਿਕ ਚੇਤਨਾ ਪ੍ਰਦਾਨ ਕਰਦਾ ਹੈ। ਇਹ ਗੁਰਦੁਆਰਾ ਉਹ ਪਵਿੱਤਰ ਧਰਤੀ ਹੈ, ਜਿੱਥੇ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਚਰਨ ਧਰ ਕੇ ਇਸ ਥਾਂ ਨੂੰ ਹੋਰ ਵੀ ਵਿਸ਼ੇਸ਼ ਬਣਾ ਦਿੱਤਾ। ਕਾਲੀ ਮਾਤਾ ਮੰਦਰ, ਸ਼ਨੀ ਦੇਵ ਮੰਦਰ, ਲਕਸ਼ਮੀ ਨਰਾਇਣ ਮੰਦਰ ਅਤੇ ਆਸ਼ਾ ਪੂਰਣੀ ਮੰਦਰ, ਇਹ ਸਭ ਇਥੋਂ ਦੀ ਆਤਮਿਕ ਸ਼ਕਤੀ ਦਾ ਪ੍ਰਤੀਕ ਹਨ। ਇਹ ਮੰਦਿਰ ਨਾ ਕੇਵਲ ਆਸਥਾ ਦਾ ਕੇਂਦਰ ਹਨ, ਬਲਕਿ ਇਨ੍ਹਾਂ ਨਾਲ ਜੁੜੀਆਂ ਪ੍ਰਾਚੀਨ ਕਹਾਣੀਆਂ ਪੁਰਾਣਕਾਲ ਦੀ ਸਿਦਕ ਅਤੇ ਸੰਸਕ੍ਰਿਤੀ ਦੀ ਛਵੀ ਵੀ ਪੇਸ਼ ਕਰਦੀਆਂ ਹਨ।

ਪਠਾਨਕੋਟ ਮਹਾਰਾਜਾ ਰਣਜੀਤ ਸਿੰਘ ਅਤੇ ਸ਼ਹੀਦ ਰਾਮ ਸਿੰਘ ਪਠਾਨੀਆ ਦੀਆਂ ਗਾਥਾਵਾਂ ਨੂੰ ਵੀ ਆਪਣੇ ਅੰਦਰ ਸਮੇਟਿਆ ਹੋਇਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਸ਼ਕਤੀਸ਼ਾਲੀ ਹਕੂਮਤ ਅਤੇ ਸ਼ਹੀਦ ਰਾਮ ਸਿੰਘ ਪਠਾਨੀਆ ਦੀ ਵਿਰਾਸਤੀ ਬਹਾਦਰੀ, ਦੋਵੇਂ ਹੀ ਇਸ ਸ਼ਹਿਰ ਦੀ ਮਿੱਟੀ ਵਿੱਚ ਰਮੇ ਹੋਏ ਹਨ। ਇਸ ਇਲਾਕੇ ਦਾ ਭੂ-ਰੂਪ ਦਿੱਲਚਸਪ ਹੈ, ਕਿਉਂਕਿ ਇਥੇ ਰਣਜੀਤ ਸਾਗਰ ਡੈਮ, ਜੋ ਕਿ ਇੱਕ ਮਹੱਤਵਪੂਰਨ ਹਾਈਡ੍ਰੋ-ਇਲੈਕਟ੍ਰਿਕ ਪ੍ਰਾਜੈਕਟ ਵੱਜੋਂ ਇੱਥੇ ਸਥਿਤ ਹੈ। ਇਹ ਸਿਰਫ਼ ਉਰਜਾ ਉਤਪਾਦਨ ਦਾ ਕੇਂਦਰ ਹੀ ਨਹੀਂ, ਬਲਕਿ ਪ੍ਰਕਿਰਤੀ ਪ੍ਰੇਮੀਆਂ ਅਤੇ ਯਾਤਰੀਆਂ ਲਈ ਵੀ ਇੱਕ ਆਕਰਸ਼ਣਕ ਟਿਕਾਣਾ ਹੈ।



ਰਾਜਿੰਦਰ ਸਿੰਘ ਰਾਜਨ ਪਠਾਨਕੋਟ
91-94174-27656

ਇਤਿਹਾਸਕ ਪੱਖ ਤੋਂ, ਪਠਾਨਕੋਟ ਨੂੰ ਕਿਹਾ ਜਾਂਦਾ ਹੈ ਕਿ ਕੁੰਤੀ ਪੁੱਤਰ ਪਾਂਡਵ ਇਥੇ ਇਕਾਂਤਵਾਸ ਕੱਟਣ ਆਏ ਸਨ। ਇਸੇ ਨਾਲ ਜੁੜਿਆ ਮੁਕਤੇਸ਼ਵਰ ਧਾਮ, ਜੋ ਕਿ ਅੱਜ ਵੀ ਆਪਣੇ ਪੁਰਾਤਨ ਮਹੱਤਵ ਕਾਰਨ ਪ੍ਰਸਿੱਧ ਹੈ, ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ। ਇੱਥੇ ਆਉਣ ਵਾਲੇ ਯਾਤਰੀ ਨਾ ਸਿਰਫ਼ ਧਾਰਮਿਕ ਆਨੰਦ ਲੈਂਦੇ ਹਨ, ਸਗੋਂ ਇਤਿਹਾਸ ਦੀ ਇੱਕ ਜੀਵੰਤ ਛਾਪ ਵੀ ਮਹਿਸੂਸ ਕਰਦੇ ਹਨ।

ਇਸ ਸ਼ਹਿਰ ਦੀ ਆਵਾਜਾਈ ਨੂੰ ਦੇਖਦੇ ਹੋਏ, ਪਠਾਨਕੋਟ ਸਰਕੂਲਰ ਰੋਡ ਦੀ ਮਹੱਤਤਾ ਹੋਰ ਵਧ ਜਾਂਦੀ ਹੈ, ਕਿਉਂਕਿ ਇਹ ਰੋਡ ਸਿਰਫ਼ ਸ਼ਹਿਰ ਦੇ ਆਵਾਜਾਈ ਸੰਚਾਰ ਦਾ ਕੇਂਦਰ ਹੀ ਨਹੀਂ, ਸਗੋਂ ਭਾਰਤ ਦੇ ਕਈ ਮਹੱਤਵਪੂਰਨ ਸੈਲਾਨੀ ਕੇਂਦਰਾਂ ਜਿਵੇਂ ਕਿ ਡਲਹੌਜ਼ੀ ਅਤੇ ਰਣਜੀਤ ਸਾਗਰ ਡੈਮ, ਸ਼ਹੀਦ ਰਾਮ ਸਿੰਘ ਪਠਾਨੀਆ, ਮੁਕਤੇਸ਼ਵਰ ਧਾਮ ਆਦਿ ਅਸਥਾਨਾ ਨੂੰ ਵੀ ਜੋੜਦਾ ਹੈ, ਪਰ ਵਿਰੋਧ ਪੂਰਨ ਹਾਲਾਤ ਇਹ ਹਨ ਕਿ, ਜੋ ਸ਼ਹਿਰ ਇੱਕ ਵਕਤ ਆਪਣੀ ਸੁੰਦਰਤਾ ਅਤੇ ਇਤਿਹਾਸਕ ਮਹੱਤਵ ਲਈ ਪ੍ਰਸਿੱਧ ਹੈ, ਉਹ ਅੱਜ ਪ੍ਰਸ਼ਾਸਨ ਦੀ ਲਾਪ੍ਰਵਾਹੀ ਅਤੇ ਲੋਕਾਂ ਦੀ ਬੇਹਿਸੀ ਕਾਰਨ ਗੰਦਗੀ ਦਾ ਕੇਂਦਰ ਬਣ ਗਿਆ ਹੈ। ਹਰ ਬਦਲਦੀ ਸਰਕਾਰ ਨੇ, ਹਰ ਨਵੀਂ ਪ੍ਰਸ਼ਾਸਨਿਕ ਟੀਮ ਨੇ, ਕਰਮਾਂ ਦੀ ਮਾਰੀ ਇਸ ਖੱਢੀ ਨਹਿਰ ਵੱਲ ਕੋਈ ਧਿਆਨ ਨਹੀਂ ਦਿੱਤਾ। ਵਾਅਦੇ ਹੁੰਦੇ ਰਹੇ, ਪਰ ਹਕੀਕਤ ਕਦੇ ਨਹੀਂ ਬਦਲੀ। ਸਤਾ ਦੀਆਂ ਲਹਿਰਾਂ ਆਉਂਦੀਆਂ-ਜਾਂਦੀਆਂ ਰਹੀਆਂ, ਪਰ ਇਹ ਨਹਿਰ ਅਜੇ ਵੀ ਆਪਣੇ ਹੀ ਗੰਦ ਵਿੱਚ ਡੂੰਘੀ ਸਮਾਈ ਪਈ ਹੈ।

ਸਵਾਲ ਇਹ ਵੀ ਉਠਦਾ ਹੈ ਕਿ ਆਖ਼ਿਰ ਇੰਨੇ ਮਹੱਤਵਪੂਰਣ ਅਤੇ ਇਤਿਹਾਸਕ ਸ਼ਹਿਰ ਦੀ ਸੰਭਾਲ ਕੌਣ ਕਰੇ ? ਸਾਨੂੰ ਆਪਣੇ ਸ਼ਹਿਰ, ਆਪਣੀ ਵਿਰਾਸਤ ਅਤੇ ਆਪਣੇ ਵਾਤਾਵਰਣ ਨੂੰ ਬਚਾਉਣ ਲਈ ਅੱਗੇ ਆਉਣਾ ਪਵੇਗਾ। ਸਾਡੇ ਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਅਸੀਂ ਸਮਾਜਿਕ ਜ਼ਿੰਮੇਵਾਰੀ ਨਿਭਾਈਏ, ਪ੍ਰਸ਼ਾਸਨ ਨਾਲ ਮਿਲ ਕੇ ਕੰਮ ਕਰੀਏ, ਅਤੇ ਲੋਕਾਂ ਵਿੱਚ ਜਾਗਰੂਕਤਾ ਫੈਲਾਈਏ ਤਾਂ ਕਿ ਪਠਾਨਕੋਟ ਦੀ ਇਹ ਪ੍ਰਾਚੀਨ ਵਿਰਾਸਤ, ਜੋ ਅੱਜ ਗੰਦਗੀ ਵਿੱਚ ਡੁੰਘੀ ਹੋ ਚੁੱਕੀ ਹੈ, ਮੁੜ ਆਪਣੀ ਪੁਰਾਣੀ ਸ਼ੋਭਾ ਪ੍ਰਾਪਤ ਕਰ ਸਕੇ। ਸਾਨੂੰ ਆਪਣੇ ਸ਼ਹਿਰ ਨੂੰ ਅਜੇ ਵੀ ਸੰਵਾਰਨ ਦਾ ਮੌਕਾ ਹੈ ! ਹਾਲਾਤ ਬਦਲ ਸਕਦੇ ਹਨ, ਪਰ ਸਿਰਫ਼ ਜਦੋਂ ਅਸੀਂ ਆਪ ਸੋਚੀਏ ਕਿ ਇਹ ਜ਼ਿੰਮੇਵਾਰੀ ਸਾਡੀ ਵੀ ਹੈ।

# ਅਰਪਨ ਸੋਸਾਇਟੀ ਨੇ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਪ੍ਰੋਗਰਾਮ ਦਾ ਆਯੋਜਨ ਕੀਤਾ

ਅਰਪਨ ਸੋਸਾਇਟੀ ਵਲੋਂ ਨੈਸ਼ਨਲ ਕੌਂਸਲ ਫਾਰ ਸਾਇੰਸ ਐਂਡ ਟੈਕਨੌਲੌਜੀ ਕਮਿਊਨੀਕੇਸ਼ਨ, ਡਿਪਾਰਟਮੈਂਟ ਆਫ ਸਾਇੰਸ ਐਂਡ ਟੈਕਨੌਲੌਜੀ ਭਾਰਤ ਸਰਕਾਰ ਅਤੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨੌਲੌਜੀ ਚੰਡੀਗੜ੍ਹ ਦੇ ਸਹਿਯੋਗ ਨਾਲ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਇੱਕ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ''ਯੰਗ ਡਾਕਟਰਜ਼ ਫਾਰ ਸੋਸਾਇਟੀ''_ ਆਗੂ ਡਾਕਟਰ ਨਾਯੋਮੀ ਮਾਂਗਟ ਵਿਸ਼ੇਸ਼ ਤੋਰ ਤੇ ਪਹੁੰਚੇ ਅਤੇ ਵਿਗਿਆਨ ਦੀ ਮਹੱਤਤਾ ਬਾਰੇ ਦੱਸਿਆ ਅਤੇ ਕਿਹਾ ਕਿ ਵਿਗਿਆਨ ਦੀਆਂ ਕਾਢਾਂ ਕਾਰਨ ਹੀ ਦੁਨੀਆਂ ਤਰੱਕੀ ਕਰ ਰਹੀ ਹੈ ਅਤੇ ਸਾਨੂੰ ਸਭਨੂੰ ਵਿਗਿਆਨਕ ਸੋਚ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਿਗਿਆਨ ਦਾ ਦੇਸ਼ ਦੇ ਵਿਕਾਸ ਲਈ ਅਹਿਮ ਯੋਗਦਾਨ ਹੈ ਅਤੇ ਵਿਗਿਆਨ ਦੀ ਸਹਾਇਤਾ ਨਾਲ ਹੀ ਅਸੀਂ ਕਈ ਤਰਾਂ ਦੀਆਂ ਸਮਸਿਆਵਾਂ ਤੇ ਕਾਬੂ ਪਾਇਆ ਹੈ। ਉਨ੍ਹਾਂ ਨੇ ਵਿਗਿਆਨ ਦੁਆਰਾ ਸਿਹਤ ਅਤੇ ਮੈਡੀਕਲ ਖੇਤਰ ਵਿੱਚ ਕੀਤੀਆਂ ਗਈਆਂ ਕਾਢਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿਤੀ ਅਤੇ ਕਿਹਾ ਕਿ ਕੰਪਿਊਟਰ, ਸੈਟੇਲਾਈਟ, ਐਕਸ-ਰੇ, ਰੇਡੀਅਮ, ਪਲਾਸਟਿਕ ਸਰਜਰੀ, ਫੋਨ, ਬਿਜਲੀ, ਇੰਟਰਨੈੱਟ, ਫੋਟੋਗ੍ਰਾਫੀ ਆਦਿ ਵਿਗਿਆਨਕ ਕਾਢਾਂ ਸਾਡੇ ਲਈ ਬਹੁਤ ਲਾਭਦਾਇਕ ਸਾਬਤ ਹੋਈਆਂ ਹਨ ਅਤੇ ਅਸੀਂ ਕਈ ਬੀਮਾਰੀਆਂ ਦਾ ਬਿਹਤਰ ਢੰਗ ਨਾਲ ਮੁਕਾਬਲਾ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਿਮ-ਾਰੀਆਂ ਤੋਂ ਬਚਾਉਣ ਅਤੇ ਸਿਹਤਮੰਦ ਰੱਖਣ ਲਈ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੋਸ਼ਣ ਤੋਂ ਬਚਾਉਣ ਲਈ ਜਾਗਰੁਕਤਾਂ ਕੈਂਪਾਂ ਰਾਹੀਂ ਲੋਕਾਂ ਨੂੰ ਮੈਡੀਕਲ ਖੇਤਰ ਨਾਲ ਸਬੰਧਿਤ ਸਹੀ ਜਾਣਕਾਰੀ ਦਿਤੀ ਜਾਂਦੀ ਹੈ ਅਤੇ ਕੈਂਪ ਲਈ ਮੈਂਬਰਾਂ ਨਾਲ ਸੰਪਰਕ ਕੀਤਾ ਜਾਵੇ। ਇਸ ਮੌਕੇ ਪੂਨਮ, ਮੰਨਤ, ਅੰਜਲੀ, ਚਿਤਰਾਕਸ਼ੀ, ਨੀਨਾ, ਨੇਹਾ, ਅਨੁਰਾਧਾ, ਜਲਸਾ, ਪੂਨਮ ਕੁਮਾਰੀ, ਪੂਜਾ, ਕੋਮਲ, ਰਸ਼ਮੀ ਆਦਿ ਨੇ ਵਿਗਿਆਨ ਸਬੰਧੀ ਪ੍ਰਤੀਯੋਗਤਾ ਵਿੱਚ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇੰਜਨੀਅਰ ਤਰਸੇਮ ਸਹੋਤਾ ਨੇ



ਵਿਗਿਆਨ ਨਾਲ ਮਨੁਖੀ ਜੀਵਨ ਵਿੱਚ ਆਏ ਬਦਲਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਵਿਗਿਆਨ ਦੀਆਂ ਖੋਜਾਂ ਕਾਰਨ ਹੀ ਦੇਸ਼ ਵਿੱਚ ਕਈ ਪ੍ਰਜੈਕਟ ਚੱਲ ਰਹੇ ਹਨ। ਉਨ੍ਹਾਂ ਨੇ ਵਿਗਿਆਨ ਕਾਰਨ ਹੋਈਆਂ ਪ੍ਰਾਪਤੀਆਂ ਦਾ ਵਿਸਥਾਰ ਵਿੱਚ ਵਰਣਨ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਬਹੁਤ ਸਾਰੀਆਂ ਮਸ਼ੀਨਾਂ ਦੀ ਵਰਤੋਂ ਕਰਦੇ ਹਾਂ ਜੋ ਵਿਗਿਆਨ ਦੇ ਸਰਲ ਤਰੀਕੇ ਨਾਲ ਕੰਮ ਕਰਦੀਆਂ ਹਨ। ਮੈਡਮ ਪੂਨਮ ਨੇ ਵਿਗਿਆਨ ਨਾਲ ਮਨੁਖੀ ਜੀਵਨ ਵਿੱਚ ਆਏ ਬਦਲਾ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਆਧੁਨਿਕ ਸਮਾਜ ਵਿੱਚ ਵਿਗਿਆਨ ਅਤੇ ਤਕਨਾਲੋਜੀ ਇੰਨੀ ਆਮ ਹੈ ਕਿ ਵਿਦਿਆਰਥੀਆਂ ਨੂੰ ਵਿਗਿਆਨ ਦੀਆਂ ਮੁੱਖ ਧਾਰਨਾਵਾਂ, ਉਲਝਣਾਂ ਅਤੇ ਉਪਯੋਗਾਂ ਵਿੱਚ ਚੰਗੀ ਸਿੱਖਿਆ ਦੀ ਲੋੜ ਹੁੰਦੀ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਦਿਨ ਦਾ ਮੁੱਖ ਉਦੇਸ਼ ਲੋਕਾਂ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਵਿਗਿਆਨਕ ਤਰੀਕਿਆਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਸੁਵਿਧਾਜਨਕ ਅਤੇ ਆਰਾਮਦਾਇਕ ਬਣਾਇਆ ਜਾ ਸਕੇ। ਮੈਡਮ ਮਧੂ ਮਾਲਾ ਨੇ ਅਰਪਨ ਸੰਸਥਾ ਵਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਦੱਸਿਆ। ਉਨ੍ਹਾਂ ਨੇ ਵਿਗਿਆਨ ਦੀ ਮਹੱਤਤਾ ਬਾਰੇ ਦੱਸਿਆ ਅਤੇ ਕਿਹਾ ਕਿ ਵਿਗਿਆਨ ਦੀਆਂ ਕਾਢਾਂ ਕਾਰਨ ਹੀ ਅੱਜ ਪੂਰੀ ਦੁਨੀਆਂ ਤਰੱਕੀ ਕਰ ਰਹੀ ਹੈ ਅਤੇ ਸਾਨੂੰ ਸਭਨੂੰ ਵਿਗਿਆਨਕ ਸੋਚ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੀਵਨ ਦਾ ਕੋਈ ਖੇਤਰ ਅਜਿਹਾ ਨਹੀਂ ਹੈ ਜਿੱਥੇ ਵਿਗਿਆਨ ਨੇ ਸਾਡੀ ਮੱਦਦ ਨਾ ਕੀਤੀ ਹੋਵੇ। ਅਰਪਨ ਸੰਸਥਾ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਵਿਗਿਆਨ ਦਿਵਸ ਦੀ ਮਹੱਤਤਾ ਅਤੇ ਸਾਲ 2025 ਦੇ ਉਦੇਸ਼ ''ਵਿਕਸਿਤ ਭਾਰਤ ਲਈ ਵਿਗਿਆਨ ਅਤੇ ਨਵੀਨਤਾ ਵਿੱਚ ਗਲੋਬਲ ਲੀਡਰਸ਼ਿਪ ਲਈ ਭਾਰਤੀ ਨੌਜਵਾਨਾਂ ਨੂੰ ਸਸ਼ਕਤ ਬਣਾਉਣਾ'' ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਰਾਸ਼ਟਰੀ ਵਿਗਿਆਨ ਦਿਵਸ ਡਾਕਟਰ ਸੀ।ਵੀ। ਰਮਨ ਦੁਆਰਾ ਪ੍ਰਕਾਸ਼ ਫੈਲਾਉਣ ਦੀ ਇੱਕ ਘਟਨਾ ਦੀ ਖੋਜ 'ਰਮਨ ਪ੍ਰਭਾਵ' ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਦਿਨ ਦਾ ਉਦੇਸ਼ ਰਮਨ ਪ੍ਰਭਾਵ ਵਰਗੀਆਂ ਵਿਗਿਆਨਕ ਪ੍ਰਾਪਤੀਆਂ ਦਾ ਸਨਮਾਨ ਕਰਨਾ ਅਤੇ ਨੌਜਵਾਨਾਂ ਵਿੱਚ ਨਵੀਨਤਾ ਨੂੰ ਪ੍ਰੇਰਿਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਰਾਸ਼ਟਰੀ ਵਿਗਿਆਨ ਦਿਵਸ ਮਨਾਕੇ ਭਾਰਤ ਵਿਗਿਆਨਕ ਸੋਚ ਅਤੇ ਨਵੀਨਤਾ ਪ੍ਰਤੀ ਆਪਣੀ ਬਚਨਵੱਧਤਾ ਦੀ ਪੁਸ਼ਟੀ ਕਰਦਾ ਹੈ। ਉਨ੍ਹਾਂ ਦੱਸਿਆ ਕਿ ਇਹ ਦਿਵਸ ਸਮਾਜ ਦੀ ਤਰੱਕੀ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੁਆਰਾ ਕੀਤੇ ਗਏ ਵਿਸ਼ਾਲ ਯੋਗਦਾਨ ਦੀ ਇੱਕ ਸ਼ਕਤੀਸ਼ਾਲੀ ਯਾਦ ਦਿਵਾਉਂਦਾ ਹੈ। ਇਸ ਸਬੰਧੀ ਕਰਵਾਈ ਗਈ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਅਰਪਨ ਸੋਸਾਇਟੀ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੂਨਮ, ਮੰਨਤ, ਦੀਪਿਕਾ, ਸ਼ਵੇਤਾ, ਮਮਤਾ, ਨਿਹਾਰਿਕਾ, ਰਜਨੀ, ਮੋਨਿਕਾ, ਅੰਜਲੀ, ਚਿਤਰਾਕਸ਼ੀ, ਰੀਨਾ ਰਾਣੀ, ਰਿੰਕੂ, ਪੂਜਾ, ਕੰਚਨ, ਰੀਨਾ ਕੁਮਾਰੀ, ਸ਼ਵੇਤਾ, ਰੀਨਾ, ਰੀਮਾ, ਆਦਿ ਹਾਜ਼ਰ ਸਨ। ਇਨ੍ਹਾਂ ਨੇ ਦੱਸਿਆ ਕਿ ਅੱਜ ਦੇ ਇਸ ਪ੍ਰੋਗਰਾਮ ਵਿੱਚ ਉਨ੍ਹਾਂ ਨੂੰ ਕਾਫੀ ਮਹੱਤਵਪੂਰਨ ਜਾਣਕਾਰੀ ਹਾਸਲ ਹੋਈ ਹੈ।

# ਸਮੇਂ ਦੀ ਲੋੜ ਹੈ ਕਿ ਸਾਰੀਆਂ ਰਾਜ ਸਰਕਾਰਾਂ ਆਪਣੇ ਸਿਵਲ ਸੇਵਾ ਆਚਰਣ ਨਿਯਮਾਂ ਵਿੱਚ ਸੋਧ ਕਰਨ

ਵਿਸ਼ਵ ਪੱਧਰ 'ਤੇ ਲਗਭਗ ਹਰ ਦੇਸ਼ ਦੇ ਨਾਗਰਿਕਾਂ ਵਿੱਚ ਇਹ ਭਾਵਨਾ ਹੁੰਦੀ ਹੈ ਕਿ ਉਨ੍ਹਾਂ ਨੂੰ ਆਪਣੇ ਦੇਸ਼ ਦੀ ਸੇਵਾ ਦੇ ਤੌਰ 'ਤੇ ਸਰਕਾਰੀ ਨੌਕਰੀ ਕਰਨੀ ਚਾਹੀਦੀ ਹੈ, ਅਸੀਂ ਇਹ ਜਾਣਦੇ ਹਾਂ ਅਤੇ ਅਮਲੀ ਤੌਰ 'ਤੇ ਇਹ ਵੀ ਦੇਖਿਆ ਹੈ ਕਿ ਇੱਕ ਚਪੜਾਸੀ ਤੋਂ ਲੈ ਕੇ ਉੱਚ ਅਧਿਕਾਰੀ ਤੱਕ, ਉਹ ਆਪਣੇ ਆਚਰਣ ਵਿਵਹਾਰ, ਦੇਸ਼ ਦੀ ਸੇਵਾ, ਲੋਕ ਸੇਵਕ ਆਦਿ ਨੂੰ ਭੁੱਲ ਜਾਂਦੇ ਹਨ ਅਤੇ ਹੋਰ ਬਹੁਤ ਸਾਰੇ ਫਰਜ਼ਾਂ ਅਤੇ ਜ਼ਿੰਮੇਵਾਰੀਆਂ 'ਤੇ ਨਿਰਭਰ ਕਰਦੇ ਹਨ, ਪਰ ਹਰ ਕੋਈ ਅਜਿਹੇ ਅਹੁਦੇ 'ਤੇ ਨਿਰਭਰ ਨਹੀਂ ਹੈ। ਉਹ ਤੁਹਾਨੂੰ ਸਰਕਾਰ ਦਾ ਜਵਾਈ ਸਮਝਣ ਲੱਗ ਪਏ ਹਨ। ਵੈਸੇ ਵੀ ਸਰਕਾਰੀ ਮੁਲਾਜ਼ਮਾਂ ਨੂੰ ਸਰਕਾਰੀ ਜਵਾਈ ਕਿਹਾ ਜਾਂਦਾ ਹੈ। ਆਪਣੇ ਕਾਨੂੰਨੀ ਕੈਰੀਅਰ ਵਿੱਚ, ਮੈਂ ਬਹੁਤ ਸਾਰੇ ਦਫਤਰਾਂ ਵਿੱਚ ਦੇਖਿਆ ਹੈ ਕਿ ਸਰਕਾਰੀ ਅਧਿਕਾਰੀ ਆਪਣੇ ਅਹੁਦੇ ਦਾ ਰੁਤਬਾ ਦਿਖਾਉਂਦੇ ਹਨ। ਗੱਲ ਸਿਰਫ ਇੱਥੇ ਤੱਕ ਹੀ ਸੀਮਤ ਨਹੀਂ ਹੈ, ਅੱਜਕੱਲ੍ਹ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਲੋਕ ਮੀਡੀਆ ਪੋਸਟਾਂ ਵਿੱਚ ਰੀਲਾਂ ਜਾਂ ਕੋਈ ਸੁਨੇਹਾ ਜਾਂ ਟਿੱਪਣੀ ਕਰਕੇ ਆਪਣੀ ਸਥਿਤੀ ਅਤੇ ਪਛਾਣ ਦਰਸਾਉਣ ਵਿੱਚ ਅੱਗੇ ਹਨ ਤਾਂ ਜੋ ਲੋਕ ਉਨ੍ਹਾਂ ਨੂੰ ਧਿਆਨ ਨਾਲ ਸੁਣਨ ਜਾਂ ਉਨ੍ਹਾਂ ਦੇ ਦਬਾਅ ਦੇ ਤੰਤਰ ਨੂੰ ਮਹੱਤਵ ਦੇਣ, ਸ਼ਾਇਦ ਇਨ੍ਹਾਂ ਕਮੀਆਂ ਕਾਰਨ ਜੰਮੂ-ਕਸ਼ਮੀਰ ਅਤੇ ਗੁਜਰਾਤ ਸਰਕਾਰਾਂ ਨੇ ਪਹਿਲਾਂ ਹੀ ਆਪਣੇ ਸਿਵਲ ਸੇਵਾ ਆਚਰਣ ਨਿਯਮਾਂ ਵਿੱਚ ਸੋਧ ਕਰਕੇ ਉਨ੍ਹਾਂ ਲਈ ਸਖ਼ਤ ਕਾਨੂੰਨ ਬਣਾਏ ਹਨ। ਹੁਣ ਮਹਾਰਾਸ਼ਟਰ ਸਰਕਾਰ ਨੇ ਵੀ 19 ਮਾਰਚ 2025 ਨੂੰ ਵਿਧਾਨ ਸਭਾ ਦੇ ਸੈਸ਼ਨ ਵਿੱਚ ਐਲਾਨ ਕੀਤਾ ਹੈ ਕਿ ਮਹਾਰਾਸ਼ਟਰ ਸਿਵਲ ਸਰਵਿਸ ਕੰਡਕਟ ਰੂਲਜ਼ 1979 ਨੂੰ ਤਿੰਨ ਮਹੀਨਿਆਂ ਦੇ ਅੰਦਰ ਸੋਧ ਕੇ ਇੰਨਾ ਸਖ਼ਤ ਕਰ ਦਿੱਤਾ ਜਾਵੇਗਾ ਕਿਉਂਕਿ 1979 ਵਿੱਚ ਸੋਸ਼ਲ ਮੀਡੀਆ ਨਹੀਂ ਸੀ, ਇਸ ਲਈ ਇਹ ਨਿਯਮ ਉਸ ਸਮੇਂ ਦੇ ਆਚਰਣ ਲਈ ਠੀਕ ਲੱਗਦੇ ਸਨ, ਪਰ ਹੁਣ ਡਿਜ਼ੀਟਲ ਦੀ ਦੁਨੀਆਂ ਵਿੱਚ ਸਖ਼ਤ ਨਿਯਮ ਬਣਾਏ ਜਾਣੇ ਚਾਹੀਦੇ ਹਨ ਸਖ਼ਤ, ਤਾਂ ਜੋ ਹਰ ਸਮੇਂ ਆਪਣੇ ਆਪ ਨੂੰ ਸਰਕਾਰ ਦੇ ਜਵਾਈ ਸਮਝਣ ਦੀ ਬਜਾਏ, ਆਪਣੇ ਆਪ ਨੂੰ ਜਨਤਾ ਦਾ ਸੇਵਕ ਸਮਝਣ ਦੀ ਬਜਾਏ, ਨਿਮਾਣੇ ਅਤੇ ਨਿਮਾਣੇ ਹੋ ਕੇ ਹਰ ਜਗ੍ਹਾ ਜਨਤਾ ਦੀ ਸੇਵਾ ਕਰਨ, ਤਾਂ ਇਹ ਧਰਤੀ ਸਵਰਗ ਤੋਂ ਵਧੀਆ ਨਹੀਂ ਹੋਵੇਗੀ। ਕਿਉਂਕਿ ਮਹਾਰਾਸ਼ਟਰ ਸਰਕਾਰ ਨੇ ਤਿੰਨ ਮਹੀਨਿਆਂ ਵਿੱਚ ਸੋਧਾਂ ਕਰਨ ਦਾ ਵਾਅਦਾ ਕੀਤਾ ਹੈ, ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇੱਕ ਲੇਖ ਰਾਹੀਂ ਚਰਚਾ ਕਰਾਂਗੇ, ਇਹ ਸਮੇਂ ਦੀ ਲੋੜ ਹੈ ਕਿ ਸਾਰੇ ਰਾਜਾਂ ਨੂੰ ਆਪਣੇ ਸਿਵਲ ਸੇਵਾ ਆਚਰਣ ਨਿਯਮਾਂ ਵਿੱਚ ਤੁਰੰਤ ਸੋਧਾਂ ਕਰਨੀਆਂ ਚਾਹੀਦੀਆਂ ਹਨ।

ਦੋਸਤੋ, ਜੇਕਰ ਅਸੀਂ ਮਹਾਰਾਸ਼ਟਰ ਵਿੱਚ ਸਿਵਲ ਸਰਵਿਸਿਜ਼ ਕੰਡਕਟ ਰੂਲਜ਼ 2025 ਦੇ ਲਾਗੂ ਹੋਣ ਦੀ ਗੱਲ ਕਰੀਏ ਤਾਂ ਜਿਵੇਂ ਹੀ ਉਨ੍ਹਾਂ ਨੂੰ ਸਰਕਾਰੀ ਅਹੁਦੇ ਮਿਲਦੇ ਹਨ, ਕੁਝ ਲੋਕ ਦੇਸ਼ ਦੀ ਸੇਵਾ ਘੱਟ ਅਤੇ ਕੈਮਰੇ ਨੂੰ ਜ਼ਿਆਦਾ ਪਿਆਰ ਕਰਨ ਲੱਗ ਪੈਂਦੇ ਹਨ। ਕਦੇ ਕੁਰਸੀ 'ਤੇ ਬੈਠ ਕੇ ਹੌਲੀ ਮੋਸ਼ਨ ਐਂਟਰੀ, ਕਦੇ ਹਥਿਆਰਾਂ ਨਾਲ ਸੰਵਾਦ, ਹੁਣ ਇਹ ਸਭ ਆਮ ਗੱਲ ਹੋ ਗਈ ਹੈ। ਤਨਖ਼ਾਹ ਸਰਕਾਰੀ ਹੈ, ਪਰ ਸ਼ੌਕ ਪੂਰੇ ਸਮੇਂ ਦੇ ਰੀਲ ਸਟਾਰ ਵਰਗੇ ਹਨ। ਮਹਾਰਾਸ਼ਟਰ ਸਰਕਾਰ ਹੁਣ ਅਜਿਹੇ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ 'ਤੇ ਸਖਤ ਪਾਬੰਦੀਆਂ ਲਗਾਉਣ ਜਾ ਰਹੀ ਹੈ, ਇਸਦੇ ਲਈ ਸਰਕਾਰ ਸਿਵਲ ਸਰਵਿਸਿਜ਼ ਕੰਡਕਟ ਰੂਲਜ਼ 1979 ਵਿੱਚ ਸੋਧ ਕਰਕੇ ਨਵੇਂ ਨਿਯਮ ਲਾਗੂ ਕਰੇਗੀ, ਤਾਂ ਜੋ ਸਰਕਾਰੀ ਕਰਮਚਾਰੀਆਂ ਦੇ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਕੰਟਰੋਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਸਿਵਲ ਸਰਵਿਸਿਜ਼ ਕੰਡਕਟ ਰੂਲਜ਼ 1979 ਵਿੱਚ ਸੋਧ ਕਰਕੇ ਨਵੇਂ ਨਿਯਮ ਲਾਗੂ ਕੀਤੇ ਜਾਣਗੇ, ਜਿਸ ਨਾਲ ਸਰਕਾਰੀ ਮੁਲਾਜ਼ਮਾਂ ਦੇ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਕੰਟਰੋਲ ਕੀਤਾ ਜਾਵੇਗਾ। ਉਨ੍ਹਾਂ ਉਨ੍ਹਾਂ ਅਧਿਕਾਰੀਆਂ ਨੂੰ ਵੀ ਤਾੜਨਾ ਕੀਤੀ ਜੋ ਸਰਕਾਰ ਵਿਰੋਧੀ ਸਮੂਹਾਂ ਵਿੱਚ ਸਰਗਰਮ ਹਨ ਅਤੇ ਸਰਕਾਰੀ ਨੀਤੀਆਂ ਵਿਰੁੱਧ ਸੋਸ਼ਲ ਮੀਡੀਆ 'ਤੇ ਪੋਸਟ ਕਰਦੇ ਹਨ। ਦੋ ਮੈਂਬਰਾਂ ਨੇ ਵਿਧਾਨ ਪ੍ਰੀਸ਼ਦ ਵਿੱਚ ਅਧਿਕਾਰੀਆਂ ਦੇ ਸੋਸ਼ਲ ਮੀਡੀਆ 'ਤੇ ਸਰਗਰਮ ਹੋਣ ਦਾ ਮੁੱਦਾ ਉਠਾਇਆ ਸੀ, ਉਨ੍ਹਾਂ ਕਿਹਾ ਕਿ ਰੀਲਾਂ ਬਣਾ ਕੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪੁਲਿਸ ਅਧਿਕਾਰੀ 'ਸਿੰਘਮ' ਵਰਗੀਆਂ ਫਿਲਮਾਂ ਤੋਂ ਪ੍ਰੇਰਿਤ ਹੋ ਕੇ ਰੀਲਾਂ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ 'ਤੇ ਸਖ਼ਤ ਪਾਬੰਦੀ ਲਗਾਉਣ ਦੀ ਲੋੜ ਹੈ, ਜਿਸ ਤੋਂ ਬਾਅਦ ਉਨ੍ਹਾਂ ਸਵਾਲ ਕੀਤਾ ਕਿ ਕੀ ਸਰਕਾਰ ਇਸ ਸਬੰਧੀ ਕਾਨੂੰਨ 'ਚ ਸੋਧ ਕਰੇਗੀ? ਇਸ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਮਹਾਰਾਸ਼ਟਰ ਸਿਵਲ ਸਰਵਿਸਿਜ਼ ਕੰਡਕਟ ਰੂਲਜ਼ 1979 ਵਿੱਚ ਬਣਾਏ ਗਏ ਸਨ, ਕਿਉਂਕਿ 1989 ਵਿੱਚ ਕੋਈ ਸੋਸ਼ਲ ਮੀਡੀਆ ਨਹੀਂ ਸੀ, ਇਸ ਲਈ ਉਸ ਸਮੇਂ ਦੇ ਨਿਯਮ ਸਿਰਫ ਉਦੋਂ ਉਪਲਬਧ ਮੀਡੀਆ 'ਤੇ ਲਾਗੂ ਹੁੰਦੇ ਸਨ, ਉਨ੍ਹਾਂ ਕਿਹਾ ਕਿ ਫਿਲਹਾਲ ਸੋਸ਼ਲ ਮੀਡੀਆ ਨੂੰ ਲੈ ਕੇ ਕੋਈ ਸਖਤ ਵਿਵਸਥਾ ਨਹੀਂ ਹੈ, ਪਰ ਅੱਜ ਕੁਝ ਅਧਿਕਾਰੀ ਸੋਸ਼ਲ ਮੀਡੀਆ ਦੀ ਦੁਰਵਰਤੋਂ ਕਰ ਰਹੇ ਹਨ, ਕੁਝ ਆਪਣੇ ਅਹੁਦੇ ਦੇ ਖਿਲਾਫ ਪੋਸਟਿੰਗ ਕਰਨ ਲਈ ਅਜਿਹੇ ਨਿਯਮ ਬਣਾ ਰਹੇ ਹਨ। ਸੋਧ ਲਾਜ਼ਮੀ ਹੈ।




ਉਨ੍ਹਾਂ ਅੱਗੇ ਕਿਹਾ ਕਿ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸੋਸ਼ਲ ਮੀਡੀਆ 'ਤੇ ਸਰਗਰਮ ਹੋਣਾ ਚਾਹੀਦਾ ਹੈ, ਪਰ ਉਨ੍ਹਾਂ ਦੇ ਆਚਰਣ ਬਾਰੇ ਕੁਝ ਉਮੀਦਾਂ ਹਨ, ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੋਸ਼ਲ ਮੀਡੀਆ ਦੀ ਵਰਤੋਂ ਨਾਗਰਿਕਾਂ ਨਾਲ ਗੱਲਬਾਤ ਕਰਨ ਲਈ ਹੋਣੀ ਚਾਹੀਦੀ ਹੈ ਨਾ ਕਿ ਰੀਲਾਂ ਬਣਾ ਕੇ ਪ੍ਰਸਿੱਧੀ ਕਮਾਉਣ ਲਈ। ਇਸ ਦੌਰਾਨ ਉਨ੍ਹਾਂ ਸਪੱਸ਼ਟ ਕਿਹਾ ਕਿ ਸਰਕਾਰੀ ਸੇਵਾਵਾਂ ਵਿਚ ਅਨੁਸ਼ਾਸਨਹੀਣਤਾ ਨੂੰ ਕਿਸੇ ਵੀ ਰੂਪ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਤੁਹਾਨੂੰ ਦੱਸ ਦੇਈਏ ਕਿ ਜੰਮੂ-ਕਸ਼ਮੀਰ ਅਤੇ ਗੁਜਰਾਤ ਸਰਕਾਰਾਂ ਪਹਿਲਾਂ ਹੀ ਅਜਿਹੇ ਕਾਨੂੰਨ ਲਾਗੂ ਕਰ ਚੁੱਕੀਆਂ ਹਨ, ਹੁਣ ਮਹਾਰਾਸ਼ਟਰ ਸਰਕਾਰ ਵੀ ਸਿਵਲ ਸੇਵਾ ਆਚਰਣ ਨਿਯਮਾਂ ਵਿੱਚ ਸੋਧ ਕਰਕੇ ਸੋਸ਼ਲ ਮੀਡੀਆ ਦੀ ਵਰਤੋਂ, ਵਿਹਾਰ ਅਤੇ ਭਾਗੀਦਾਰੀ ਨੂੰ ਲੈ ਕੇ ਇੱਕ ਕਾਨੂੰਨ ਬਣਾਉਣ ਜਾ ਰਹੀ ਹੈ।

ਦੋਸਤੋ, ਜੇਕਰ ਅਸੀਂ ਸਰਕਾਰੀ ਮੁਲਾਜ਼ਮਾਂ ਅਤੇ ਅਫਸਰਾਂ ਨੂੰ ਮੁਲਾਜ਼ਮਾਂ ਦੀ ਸਰਕਾਰ ਦੇ ਜਵਾਈ ਹੋਣ ਦੇ ਅਕਸ ਤੋਂ ਦੁਖੀ ਹੋਣ ਦੀ ਗੱਲ ਕਰੀਏ ਤਾਂ ਹਰ ਦੇਸ਼ ਨੂੰ ਇਸ ਨੂੰ ਚਲਾਉਣ ਲਈ ਇੱਕ ਸਰਕਾਰ ਦੀ ਲੋੜ ਹੁੰਦੀ ਹੈ ਅਤੇ ਉਸ ਸਰਕਾਰ ਨੂੰ ਚਲਾਉਣ ਲਈ ਸਰਕਾਰੀ ਮੁਲਾਜ਼ਮਾਂ ਦੀ ਲੋੜ ਹੁੰਦੀ ਹੈ ਜੋ ਜਨਤਾ ਦੀ ਸੇਵਾ ਕਰਦੇ ਹੋਣ। ਪਰ ਸਾਡੇ ਦੇਸ਼ ਵਿੱਚ ਜਿਨ੍ਹਾਂ ਲੋਕਾਂ ਨੂੰ ਸਰਕਾਰ ਸਰਕਾਰੀ ਮੁਲਾਜ਼ਮ ਕਹਿ ਕੇ ਭਰਤੀ ਕਰਦੀ ਹੈ, ਉਹ ਨੌਕਰਾਂ ਨਾਲੋਂ ਮਾਲਕਾਂ ਵਰਗਾ ਵਿਹਾਰ ਕਰਦੇ ਹਨ। ਨੌਕਰ ਦਾ ਕੰਮ ਆਪਣੇ ਮਾਲਕ ਦੀ ਸੇਵਾ ਕਰਨਾ ਹੈ ਅਤੇ ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਉਸਨੂੰ ਆਪਣੀ ਨੌਕਰੀ ਤੋਂ ਹੱਥ ਧੋਣੇ ਪੈਂਦੇ ਹਨ। ਪਰ ਸਾਡੇ ਲੋਕਤੰਤਰੀ ਦੇਸ਼ ਵਿੱਚ ਸਰਕਾਰੀ ਨੌਕਰ ਬਿਲਕੁਲ ਵੀ ਨੌਕਰ ਨਹੀਂ ਲੱਗਦਾ। ਉਹ ਕੰਮ ਕਰੇ ਜਾਂ ਨਾ ਕਰੇ, ਉਹ ਪੂਰੀ ਤਨਖਾਹ ਚਾਹੁੰਦਾ ਹੈ ਕਿਉਂਕਿ ਇਹ ਉਸਦਾ ਹੱਕ ਹੈ। ਇੱਕ ਸਰਕਾਰੀ ਨੌਕਰ ਇੱਕ ਨੌਕਰ ਹੁੰਦਾ ਹੈ, ਜੋ ਇੱਕ ਵਾਰ ਮਾਲਕ ਦੁ-ਆਰਾ ਨਿਯੁਕਤ ਕੀਤਾ ਜਾਂਦਾ ਹੈ, ਉਸਦਾ ਨੌਕਰ ਬਣ ਜਾਂਦਾ ਹੈ। ਹਰ ਵਾਰ ਇਹ ਨੌਕਰ ਹੜਤਾਲ ਦੀ ਧਮਕੀ ਦਿੰਦਾ ਹੈ ਅਤੇ ਤਨਖਾਹ ਤੋਂ ਇਲਾਵਾ ਕਈ ਤਰ੍ਹਾਂ ਦੀਆਂ ਸਹੂਲਤਾਂ ਵੀ ਚਾਹੁੰਦਾ ਹੈ। ਉਸਦੀ ਅਤੇ ਉਸਦੇ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੈ। ਸਰਕਾਰ ਉਸਦੀ ਮੌਤ ਤੱਕ ਉਸਦੇ ਪਰਿਵਾਰ ਦੀ ਸਹਾਇਤਾ ਕਰਦੀ ਰਹੀ।ਸਾਡਾ ਦੇਸ਼ ਬਹੁਤ ਗ਼ਰੀਬ ਦੇਸ਼ ਹੈ, ਪਰ ਸਾਡੇ ਰਾਜਸੀ ਸੇਵਕਾਂ ਨੂੰ ਦੇਖੀਏ ਤਾਂ ਆਪਣੀਆਂ ਸੱਤ ਪੀੜ੍ਹੀਆਂ ਨੂੰ ਭੁੱਲ ਕੇ ਇੰਨੀ ਦੌਲਤ ਇਕੱਠੀ ਕਰ ਲਈ ਹੈ ਕਿ ਜਿੰਨਾ ਚਿਰ ਉਨ੍ਹਾਂ ਦੇ ਬੱਚੇ ਇਸ ਧਰਤੀ 'ਤੇ ਰਹਿਣਗੇ, ਉਨ੍ਹਾਂ ਨੂੰ ਐਸ਼ੋ-ਆਰਾਮ ਦੀ ਜ਼ਿੰਦਗੀ ਜਿਊਣ ਲਈ ਬਾਂਹ ਜਾਂ ਪੈਰ ਹਿਲਾਉਣ ਦੀ ਲੋੜ ਨਹੀਂ ਪਵੇਗੀ। ਸਿਆਸੀ ਸੇਵਕ ਹੀ ਜਨਤਾ ਦੇ ਅਸਲ ਮਾਲਕ ਹਨ ਅਤੇ ਧਰਮ ਅਤੇ ਜਾਤ ਦੇ ਨਾਂ 'ਤੇ ਰਾਜਨੀਤੀ ਕਰਕੇ ਪੈਸਾ ਕਮਾਉਣਾ ਹੀ ਉਨ੍ਹਾਂ ਦਾ ਧਰਮ ਹੈ। ਮੇਰਾ ਮੰਨਣਾ ਹੈ ਕਿ ਸਿਆਸਤਦਾਨਾਂ ਦਾ ਕੋਈ ਧਰਮ ਜਾਂ ਜਾਤ ਨਹੀਂ ਹੁੰਦਾ, ਉਹ ਉਸ ਦਿਸ਼ਾ ਵਿੱਚ ਅੱਗੇ ਵਧਦੇ ਹਨ ਜਿਸ ਵਿੱਚ ਉਨ੍ਹਾਂ ਨੂੰ ਫਾਇਦਾ ਹੁੰਦਾ ਹੈ।

ਦੋਸਤੋ, ਜੇਕਰ ਸਰਕਾਰ ਦੇ ਜਵਾਈ ਦੀ ਸਭ ਤੋਂ ਵੱਡੀ ਉਦਾਹਰਨ ਦੀ ਗੱਲ ਕਰੀਏ ਤਾਂ ਰੇਲਵੇ ਵਿਭਾਗ ਵਿੱਚ ਸਭ ਤੋਂ ਵੱਧ ਸਰਕਾਰੀ ਕਰਮਚਾਰੀ ਹਨ, ਜੋ ਰੇਲਵੇ ਨੂੰ ਆਪਣਾ ਪਹਿਲਾ ਅਧਿਕਾਰ ਸਮਝਦੇ ਹਨ, ਜਿਸ ਤਰ੍ਹਾਂ ਉਹ ਅਤੇ ਉਸਦਾ ਪਰਿਵਾਰ ਸਾਰੀ ਉਮਰ ਰੇਲ ਗੱਡੀਆਂ ਵਿੱਚ ਮੁਫਤ ਸਫਰ ਕਰਨਾ ਆਪਣਾ ਅਧਿਕਾਰ ਸਮਝਦੇ ਹਨ, ਉਸੇ ਤਰ੍ਹਾਂ ਸਾਰੇ ਵਿਭਾਗਾਂ ਦੇ ਕਰਮਚਾਰੀ ਆਪਣੇ ਵਿਭਾਗਾਂ ਦੁਆਰਾ ਦਿੱਤੀਆਂ ਜਾਂਦੀਆਂ ਸਹੂਲਤਾਂ 'ਤੇ ਜਨਤਾ ਦੇ ਸਾਹਮਣੇ ਆਪਣਾ ਅਧਿਕਾਰ ਸਮਝਦੇ ਹਨ, ਮੇਰਾ ਅੰਦ-ਾਜ਼ਾ ਹੈ ਕਿ ਜੇਕਰ ਉਨ੍ਹਾਂ ਦੇ ਵਿਭਾਗ ਦੀ ਸੇਵਾ ਕੀਤੀ ਗਈ ਹੈ ਤਾਂ ਉਨ੍ਹਾਂ ਦੇ ਵਿਭਾਗ ਤੋਂ ਵੱਧ ਸੇਵਾ ਕੀਤੀ ਜਾਵੇਗੀ। ਜਨਤਕ, ਸ਼ਾਇਦ। ਸਰਕਾਰ ਇਹ ਵੀ ਮੰਨਦੀ ਹੈ ਕਿ ਸਰਕ-ਾਰੀ ਕਰਮਚਾਰੀ ਕੰਮ ਨਹੀਂ ਕਰਦੇ, ਇਸ ਲਈ ਉਹ ਹੌਲੀ-ਹੌਲੀ ਰੈਗੂਲਰ ਪੋਸਟਾਂ ਨੂੰ ਖਤਮ ਕਰਕੇ ਆਰਜ਼ੀ ਕਰਮਚਾਰੀਆਂ ਨਾਲ ਕੰਮ ਚਲਾ ਰਹੇ ਹਨ, ਕਿਉਂਕਿ ਜਨਤਾ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਦੀ ਲੋੜ ਹੈ, ਕਿਉਂਕਿ ਉਹ ਨੌਕਰਾਂ ਤੋਂ ਕੰਮ ਲੈਣਾ ਨਹੀਂ ਜਾਣਦੇ ਹਨ, ਜੋ ਕਰਮਚਾਰੀ ਕੰਮ ਨਹੀਂ ਕਰਦਾ, ਉਸ ਨੂੰ ਨੌਕਰੀ 'ਤੇ ਰਹਿਣ ਦਾ ਅਧਿਕਾਰ ਕਿਵੇਂ ਹੈ ਅਤੇ ਜੇਕਰ ਅਸੀਂ ਕਿਸੇ ਨੂੰ ਕੰਮ ਨਹੀਂ ਦਿੱਤਾ ਤਾਂ ਉਸ ਨੂੰ ਕੰਮ 'ਤੇ ਕਿਉਂ ਰੱਖਿਆ ਜਾ ਸਕਦਾ ਹੈ ਉਸਦਾ ਕੰਮ? ਉਹ ਪੈਸੇ ਦਿੰਦੇ ਹਨ, ਪਰ ਸਾਡੇ ਦੇਸ਼ ਵਿੱਚ ਅਜਿਹਾ ਹੁੰਦਾ ਹੈ?


ਕ੍ਰਿਸ਼ਨ ਸਨਮੁਖਦਾਸ ਭਵਾਨੀ

ਹੁਣ ਸਮਾਂ ਆ ਗਿਆ ਹੈ ਜਦੋਂ ਸਾਨੂੰ ਸਰਕਾਰੀ ਨੇਤਾਵਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਦਿੱਤੀਆਂ ਜਾਂਦੀਆਂ ਤਨਖਾਹਾਂ ਅਤੇ ਭੱਤਿਆਂ ਦੇ ਬਦਲੇ ਪੂਰਾ ਕੰਮ ਕਰਨ ਦਾ ਫ਼ਰਜ਼ ਪੈਦਾ ਕਰਨਾ ਹੋਵੇਗਾ। ਜੇਕਰ ਕੋਈ ਨੇਤਾ ਆਪਣਾ ਕੰਮ ਨਹੀਂ ਕਰਦਾ ਤਾਂ ਜਨਤਾ ਨੂੰ ਉਸ ਨੂੰ ਵਾਪਸ ਬੁਲਾਉਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਇਸ ਵਿੱਚ ਕੋਈ ਤੁਕ ਨਹੀਂ ਕਿ ਜੇਕਰ ਕੋਈ ਨੇਤਾ ਜਨਤਾ ਨਾਲ ਝੂਠੇ ਵਾਅਦੇ ਕਰਕੇ ਚੁਣਿਆ ਜਾਵੇ ਤਾਂ ਉਸ ਨੇਤਾ ਦੇ ਧੋਖੇ ਦਾ ਸ਼ਿਕਾਰ ਹੋ ਕੇ ਕੀਤੀ ਗਈ ਗਲਤੀ ਦੀ ਸਜ਼ਾ ਜਨਤਾ ਨੂੰ ਪੂਰੇ ਪੰਜ ਸਾਲ ਭੁਗਤਣੀ ਪਵੇ, ਇਸੇ ਤਰ੍ਹਾਂ ਜੇਕਰ ਕੋਈ ਭ੍ਰਿਸ਼ਟ ਅਤੇ ਆਲਸੀ ਵਿਅਕਤੀ ਸਰਕਾਰ ਵਿੱਚ ਅਧਿਕਾਰੀ ਜਾਂ ਕਰਮਚਾਰੀ ਨਿਯੁਕਤ ਹੋ ਜਾਂਦਾ ਹੈ ਤਾਂ ਉਸ ਨੂੰ ਸਾਰੀ ਉਮਰ ਦੁੱਖ ਝੱਲਣਾ ਪੈਂਦਾ ਹੈ, ਜੇਕਰ ਕਿਸੇ ਸਮੇਂ ਇਹ ਮਹਿਸੂਸ ਹੁੰਦਾ ਹੈ ਕਿ ਉਹ ਇਹ ਕੰਮ ਨਹੀਂ ਕਰਦਾ ਜਾਂ ਉਸ ਨੂੰ ਸਰਕਾਰੀ ਨੌਕਰੀ ਨਹੀਂ ਕਰਨੀ ਚਾਹੀਦੀ ਨੂੰ ਤੁਰੰਤ ਨੌਕਰੀ ਤੋਂ ਕੱਢ ਦੇਣਾ ਚਾਹੀਦਾ ਹੈ। ਕੁਝ ਲੋਕ ਕਹਿੰਦੇ ਹਨ ਕਿ ਅਜਿਹਾ ਕਰਨ ਨਾਲ ਉਸਦਾ ਪਰਿਵਾਰ ਮੁਸੀਬਤ ਵਿੱਚ ਪੈ ਜਾਂਦਾ ਹੈ, ਪਰ ਇਹ ਸੋਚਣਾ ਸਾਡਾ ਕੰਮ ਨਹੀਂ ਹੈ, ਇਹ ਕੰਮ ਕਰਨ ਵਾਲੇ ਦਾ ਕੰਮ ਹੈ।ਜਦੋਂ ਉਸਨੂੰ ਆਪਣੇ ਪਰਿਵਾਰ ਦੀ ਚਿੰਤਾ ਨਹੀਂ ਹੈ ਤਾਂ ਅਸੀਂ ਉਸਦੇ ਪਰਿਵਾਰ ਦੀ ਚਿੰਤਾ ਕਿਉਂ ਕਰੀਏ? ਹੁਣ ਸਰਕਾਰੀ ਸੇਵਾਵਾਂ ਦੇ ਨਿਯਮਾਂ ਵਿੱਚ ਬਦਲਾਅ ਕਰਨਾ ਜ਼ਰੂਰੀ ਹੋ ਗਿਆ ਹੈ, ਤਾਂ ਜੋ ਸਹੀ ਕੰਮ ਨਾ ਕਰਨ ਵਾਲਿਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਜਾ ਸਕੇ।

ਇਸ ਲਈ ਜੇਕਰ ਅਸੀਂ ਉਪਰੋਕਤ ਪੂਰੇ ਵੇਰਵਿਆਂ ਦਾ ਅਧਿਐਨ ਕਰੀਏ ਅਤੇ ਵਿਸ਼ਲੇਸ਼ਣ ਕਰੀਏ ਤਾਂ ਇਹ ਸਮੇਂ ਦੀ ਲੋੜ ਹੈ ਕਿ ਸਾਰੀਆਂ ਰਾਜ ਸਰਕਾਰਾਂ ਨੂੰ ਆਪਣੇ ਸਿਵਲ ਸੇਵਾ ਆਚਰਣ ਨਿਯਮਾਂ ਨੂੰ ਤੁਰੰਤ ਸੋਧਣਾ ਚਾਹੀਦਾ ਹੈ, ਜੋ ਕਿ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਅਨੁਸ਼ਾਸਨਹੀਣਤਾ ਦੇ ਦਾਇਰੇ ਵਿੱਚ ਲਿਆਉਣਾ ਜ਼ਰੂਰੀ ਹੈ।

*-ਕੰਪਾਈਲਰ ਲੇਖਕ - ਟੈਕਸ ਮਾਹਿਰ ਕਾਲਮਨਵੀਸ ਸਾਹਿਤਕ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ (ਏ.ਟੀ.ਸੀ.) ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ ਗੋਂਡੀਆ ਮਹਾਰਾਸ਼ਟਰ 9284141425*

# ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ 'ਚ ਨਵੇਂ ਮੀਲ ਪੱਥਰ ਸਥਾਪਤ ਕੀਤੇ - ਬ੍ਰਹਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਸ਼ੇਰਗੜ੍ਹ ਅਤੇ ਸਰਕਾਰੀ ਐਲੀਮੈਂਟਰੀ ਸਮਾਰਟ ਅਸਲਾਮਾਬਾਦ ਵਿਖੇ ਸਿੱਖਿਆ ਵਿਭਾਗ ਦੀ ਸਰਕਾਰੀ ਸਕੂਲਾਂ ਵਿਚ ਦਾਖਲਾ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਿੱਖਿਆ ਦੇ ਖੇਤਰ ਵੱਲ ਵਿਸ਼ੇਸ਼ ਤਵੱਜੋਂ ਦੇ ਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਅਨੇਕਾਂ ਅਹਿਮ ਫੈਸਲੇ ਲਏ ਗਏ ਹਨ। ਦੋਵਾਂ ਸਕੂਲਾਂ ਦੇ ਅਧਿਆਪਕਾਂ ਅਤੇ ਇਲਾਕੇ ਦੇ ਪਤਵੰਤਿਆਂ ਸਮੇਤ ਦਾਖਲਾ ਮੁਹਿੰਮ ਦੀ ਸ਼ੁਰੂਆਤ ਮੌਕੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਵਿਚ ਹਰ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ ਜਿਨ੍ਹਾਂ ਵਿਚ ਮੁਫ਼ਤ ਕਿਤਾਬਾਂ, ਮੁਫਤ ਵਰਦੀਆਂ, ਮਿਡ-ਡੇ-ਮੀਲ, ਵਿਦਿਅਕ ਟੂਰ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੇ 6 ਬੈਚ ਸਿੰਘਾਪੁਰ ਅਤੇ ਫਿਨਲੈਂਡ ਵਿਖੇ ਟਰੇਨਿੰਗ ਹਾਸਲ ਕਰ ਚੁੱਕੇ ਹਨ ਜੋ ਕਿ ਸੂਬਾ ਸਰਕਾਰ ਦਾ ਇਤਿਹਾਸਕ ਫੈਸਲਾ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਪੰਜਾਬ ਸਰਕਾਰ ਵਲੋਂ 72 ਪ੍ਰਾਇਮਰੀ ਕਾਡਰ ਦੇ ਅਧਿਆਪਕਾਂ ਨੂੰ 10 ਦਿਨ ਦੀ ਟਰੇਨਿੰਗ ਲਈ ਫਿਨਲੈਂਡ ਦੀ ਯੂਨੀਵਰਸਿਟੀ ਆਫ਼ ਟੂਰਕੂ ਵਿਖੇ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਟਰੇਨਿੰਗ ਸੈਸ਼ਨ ਵਿਦਿਆਰਥੀਆਂ ਦੇ ਭਵਿੱਖ ਨੂੰ ਹੋਰ ਵੀ ਸੁਨਹਿਰਾ ਬਣਾਉਣ ਵਿਚ ਸਹਾਈ ਹੋਣਗੇ। ਸਰਕਾਰੀ ਸਕੂਲਾਂ ਵਿਚ ਸਹੂਲਤਾਂ ਦੀ ਗੱਲ ਕਰਦਿਆਂ ਵਿਧਾਇਕ ਜਿੰਪਾ ਨੇ ਕਿਹਾ ਕਿ ਮੌਜੂਦਾ ਸਮੇਂ ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚਾ ਅਤੇ ਸਿੱਖਿਆ ਦਾ ਪੱਧਰ ਬਾਕਮਾਲ ਹੈ ਜਿਸ ਲਈ ਲੋਕਾਂ ਨੂੰ ਆਪਣੇ ਬੱਚੇ ਇਨ੍ਹਾਂ ਸਕੂਲਾਂ ਵਿਚ ਪੜ੍ਹਾਉਣੇ ਚਾਹੀਦੇ ਹਨ ਜਿਥੇ ਲਗਭਗ ਸਾਰੀਆਂ ਸਹੂਲਤਾਂ ਮੁਫ਼ਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਕੂਲਾਂ ਵਿਚ ਸੁਰੱਖਿਆ ਅਤੇ ਸਫ਼ਾਈ ਪ੍ਰਬੰਧਾਂ ਲਈ 145.75 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਅਤੇ ਸਕੂਲਾਂ ਵਿਚ 1900 ਤੋਂ ਵੱਧ ਕੈਂਪਸ ਮੈਨੇਜਰਾਂ ਦੀ ਭਰਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ 118 ਸਕੂਲਾਂ ਨੂੰ ਸਕੂਲ ਆਫ਼ ਐਮੀਨੈਂਸ ਵਿਚ ਤਬਦੀਲ ਕੀਤਾ ਗਿਆ ਹੈ ਅਤੇ 2024-25 ਦੌਰਾਨ ਇਨ੍ਹਾਂ ਸਕੂਲਾਂ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਲਈ 143 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਸ਼ੇਰਗੜ੍ਹ ਵਿਖੇ ਵਿਧਾਇਕ ਜਿੰਪਾ ਨੇ ਝੰਡੀ ਦੇ ਕੇ ਜਾਗਰੂਕਤਾ ਗੱਡੀ ਨੂੰ ਰਵਾਨਾ ਕੀਤਾ। ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਅਸਲਾਮਾਬਾਦ ਵਿਖੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਕੂਲਾਂ ਦੇ ਵਿਕਾਸ ਅਤੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਵਿਚ ਕਿਸੇ ਤਰ੍ਹਾਂ ਦੀ ਕਮੀ ਨਹੀਂ ਰਹਿਣ ਦੇਵੇਗੀ।



# ਪ੍ਰਸਿੱਧ ਸਾਹਿਤਕਾਰਾ 'ਮੀਨਾ ਮਹਿਰੋਕ' ਯਾਦਗਾਰੀ ਐਵਾਰਡ ਨਾਲ ਸਨਮਾਨਿਤ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)-**ਜਲਾਲਾਬਾਦ ਦੇ ਪੰਜਾਬੀ ਅਤੇ ਉਰਦੂ ਸਾਹਿਤਕਾਰਾ ਮੀਨਾ ਮਹਿਰੋਕ ਨੂੰ ਉਹਨਾਂ ਦੀਆਂ ਸਾਹਿਤਕ ਸੇਵਾਵਾਂ ਲਈ "ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ" ਵਲੋਂ 16 ਮਾਰਚ ਨੂੰ ਕਰਵਾਏ ਗਏ ਯਾਦਗਾਰ ਸਾਹਿਤਕ ਸਮਾਗਮ ਦਰਮਿਆਨ "ਪ੍ਰੋ. ਅਨੂਪ ਵਿਰਕ ਕਵਿਤਾ ਪੁਰਸਕਾਰ" ਨਾਲ ਸਨਮਾਨਿਤ ਕੀਤਾ ਗਿਆ। ਹੁਣ ਤੱਕ ਮੀਨਾ ਮਹਿਰੋਕ ਦੀਆਂ 5 ਕਿਤਾਬਾਂ ਆ ਚੁੱਕੀਆਂ ਹਨ ਅਤੇ ਇਸ ਤੋਂ ਪਹਿਲਾਂ ਵੀ ਉਹ ਦੋ ਐਵਾਰਡਾਂ ਨਾਲ ਸਨਮਾਨਿਤ ਹੋ ਚੁੱਕੇ ਹਨ। ਇਸ ਯਾਦਗਾਰੀ ਸਨਮਾਨ ਲਈ ਸਾਰੇ ਹੀ ਖੇਤਰ ਦੇ ਸਾਹਿਤਕਾਰਾਂ ਬੁੱਧੀਜੀਵੀਆਂ, ਕਲਮਾਂ ਦੇ ਵਾਰਿਸਾਂ ਵਲੋਂ ਮੀਨਾ ਮਹਿਰੋਕ ਨੂੰ ਦਿਲੀ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।



# ਹੌਸਲੇ ਤੇ ਹਿੰਮਤ ਦੀ ਮਿਸਾਲ : ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼



ਉਜਾਗਰ ਸਿੰਘ
91-94178 13072

ਸੁਨੀਤਾ ਵਿਲੀਅਮਜ਼ ਅਤੇ ਬੈਰੀ ਬੁੱਚ ਵਿਲਮੋਰ 9 ਮਹੀਨੇ 14 ਦਿਨ ਅਰਥਾਤ 287 ਦਿਨ ਪੁਲਾੜ ਵਿਚ ਬਿਤਾਉਣ ਤੋਂ ਬਾਅਦ ਬੁੱਧਵਾਰ ਨੂੰ ਧਰਤੀ 'ਤੇ ਆ ਗਏ ਹਨ। ਉਨ੍ਹਾਂ ਦਾ ਡਰੈਗਨ ਪੁਲਾੜ ਯਾਨ ਭਾਰਤੀ ਸਮੇਂ ਅਨੁਸਾਰ 19 ਮਾਰਚ ਨੂੰ ਸਵੇਰੇ 3.27 ਵਜੇ ਪਾਣੀ ਵਿੱਚ ਫਲੋਰੀਡਾ ਦੇ ਸਮੁੰਦਰੀ ਤੱਟ 'ਤੇ ਡੇਲਾਹਾਸੇ ਜਲ ਖੇਤਰ ਵਿੱਚ ਉਤਾਰਿਆ ਗਿਆ। ਉਹ ਮੰਗਲਵਾਰ 18 ਮਾਰਚ ਨੂੰ 08.35 ਵਜੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਰਵਾਨਾ ਹੋਏ ਸਨ। ਜਦੋਂ ਪੁਲਾੜ ਯਾਨ ਧਰਤੀ ਦੇ ਵਾਯੂਮੰਡਲ ਵਿੱਚ ਦਾਖਲ ਹੋਇਆ ਤਾਂ ਇਸਦਾ ਤਾਪਮਾਨ 1650 ਡਿਗਰੀ ਸੈਲਸੀਅਸ ਤੋਂ ਵੱਧ ਗਿਆ ਸੀ ਪ੍ਰੰਤੂ ਕੈਪਸੂਲ ਦੇ ਪੁਲਾੜ ਨਾਲੋਂ ਵੱਖ ਹੋਣ ਸਮੇਂ ਡਰੈਗਨ ਦੀ ਪਲਾਜ਼ਮਾ ਸ਼ੀਲਡ ਦਾ ਤਾਪਮਾਨ ਵੱਧਕੇ 1927 ਸੈਲਸੀਅਸ ਤੱਕ ਪਹੁੰਚ ਗਿਆ ਸੀ, ਜਿਸ ਕਰਕੇ 7 ਮਿੰਟ ਕੈਪਸੂਲ ਨਾਲੋਂ ਸੰਪਰਕ ਟੁੱਟਿਆ ਰਿਹਾ ਸੀ। ਤੁਰੰਤ ਗੋਤਾਖੋਰਾਂ ਨੇ ਕੈਪ-ਸੂਲ ਨੂੰ ਰਿਕਵਰੀ ਸ਼ਿਪ ਤੇ ਚੜ੍ਹਾ ਲਿਆ। ਇੱਕ ਘੰਟੇ ਬਾਅਦ ਪੁਲਾੜ ਯਾਤਰੀਆਂ ਨੂੰ ਬਾਹਰ ਨਿਕਾਲਿਆ ਗਿਆ ਤੇ ਸਟਰੇਚਰ ਤੇ ਪਾ ਕੇ ਲਿਜਾਇਆ ਗਿਆ। ਵਾਪਸ ਆਉਣ ਲਈ ਉਨ੍ਹਾਂ ਨੂੰ 17 ਘੰਟੇ ਸਮਾਂ ਲੱਗਿਆ। ਸੁਨੀਤਾ ਵਿਲੀਅਮਜ਼ ਅਤੇ ਬੈਰੀ ਬੁੱਚ ਵਿਲਮੋਰ ਨੂੰ ਵਾਪਸ ਲਿਆਉਣ ਲਈ ਕਰੂ-9 ਵਿੱਚ ਅਮਰੀਕਾ ਦੇ ਨਿੱਗ ਹੇਗ ਅਤੇ ਰੂਸ ਦੇ ਐਲ-ਗਜ਼ੈਂਡਰ ਗੋਰਬੁਨੋਟ ਗਏ ਸਨ। ਪੁਲਾੜ 27359 ਕਿਲੋਮੀਟਰ ਪ੍ਰਤੀ ਘੰਟਾ ਰਫ਼ਤਾਰ ਨਾਲ ਆਇਆ ਹੈ ਤੇ ਉਸਨੇ 12 ਕਰੋੜ 10 ਲੱਖ ਮੀਲ ਦਾ ਸਫ਼ਰ ਤਹਿ ਕੀਤਾ ਹੈ। ਉਨ੍ਹਾਂ ਦੇ ਸਫਲਤਾ ਪੂਰਬਕ ਜ਼ਮੀਨੀ ਸਤਹ 'ਤੇ ਆਉਣ ਨਾਲ ਸਮੁਚੇ ਸੰਸਾਰ ਅਤੇ ਨਾਸਾ ਦੇ ਵਿਗਿਆਨੀਆਂ ਨੇ ਸੁੱਖ ਦਾ ਸਾਹ ਲਿਆ, ਕਿਉਂਕਿ ਇੱਕ ਵਾਰ ਪਹਿਲਾਂ ਵੀ ਉਨ੍ਹਾਂ ਨੂੰ ਵਾਪਸ ਲਿਆਉਣ ਦੀ ਯੋਜਨਾ ਨੁਕਸ ਪੈ ਜਾਣ ਕਰਕੇ ਅੱਗੇ ਪਾਉਣੀ ਪਈ ਸੀ। ਲੋਕਾਂ ਵਿੱਚ ਉਨ੍ਹਾਂ ਦੀ ਵਾਪਸੀ ਲਈ ਬਹੁਤ ਉਤਸ਼ਾਹ ਅਤੇ ਅਸਥਿਰਤਾ ਬਣੀ ਹੋਈ ਸੀ।





ਬੈਰੀ ਬੁੱਚ ਵਿਲਮੋਰ ਅਤੇ ਸੁਨੀਤਾ ਲੀਨਾ ਪਾਂਡਿਆ ਵਿਲੀਅਮਜ਼ 6 ਜੂਨ 2024 ਨੂੰ ਅੰਤਰਰਾਸ਼ਟਰੀ ਸਪੇਸ ਸਟੇਸ਼ਨ ਲਈ ਸਿਰਫ 8 ਦਿਨ ਠਹਿਰਨ ਵਾਸਤੇ ਗਏ ਸਨ ਅਤੇ ਉਸੇ ਪੁਲਾੜ ਵਿੱਚ ਵਾਪਸ ਆਉਣਾ ਸੀ ਪ੍ਰੰਤੂ ਪੁਲਾੜ ਜ਼ਹਾਜ ਵਿੱਚ ਨੁਕਸ ਪੈਣ ਕਰਕੇ ਉਨ੍ਹਾਂ ਨੂੰ ਉਥੇ ਲੰਬਾ ਸਮਾਂ ਰਹਿਣਾ ਪਿਆ। ਇਕ ਬੋਰਡ ਸਪੇਸ ਕਰਾਫਟ ਐਲਨ ਮਸਕ ਦੇ ਸਪੇਸ ਐਕਸ ਦਾ ਸੀ। ਰਾਸ਼ਟਰਪਤੀ ਟਰੰਪ ਦੇ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਟਰੰਪ ਅਤੇ ਐਲਨ ਮਸਕ ਨੇ ਐਲਾਨ ਕੀਤਾ ਸੀ ਕਿ ਦੋਹਾਂ ਪੁਲਾੜ ਯਾਤਰੀਆਂ ਨੂੰ ਜਲਦੀ ਵਾਪਸ ਲਿਆਂਦਾ ਜਾਵੇਗਾ। ਸਪੇਸ ਐਕਸ ਅਤੇ ਨਾਸਾ ਵਧਾਈ ਦੇ ਪਾਤਰ ਹਨ। ਉਨ੍ਹਾਂ ਨੂੰ ਟੈਕਸਾਸ ਰਾਜ ਦੇ ਹੂਸਟਨ ਵਿੱਚ ਸਥਿਤ ਨਾਸਾ ਦੇ ਜੌਹਨਸਨ ਸਪੇਸ ਸੈਂਟਰ ਵਿੱਚ ਲਿਜਾਇਆ ਗਿਆ ਹੈ। ਇਥੇ ਉਨ੍ਹਾਂ ਦੇ ਵਾਈਟਲ ਅੰਗਾਂ ਦਾ ਮੁਆਇਨਾ ਕੀਤਾ ਜਾਵੇਗਾ। ਉਨ੍ਹਾਂ ਨੂੰ 45 ਦਿਨ ਲਈ ਹਸਪਤਾਲ ਵਿੱਚ ਡਾਕਟਰਾਂ ਦੀ ਵੇਖ-ਰੇਖ ਵਿੱਚ ਰੱਖਿਆ ਜਾਵੇਗਾ ਕਿਉਂਕਿ ਲੰਬਾ ਸਮਾਂ ਪੁਲਾੜ ਵਿੱਚ ਰਹਿਣ ਕਰਕੇ ਉਨ੍ਹਾਂ ਦੇ ਸਰੀਰ ਦੇ ਕਈ ਅੰਗਾਂ ਵਿੱਚ ਥੋੜ੍ਹੀ ਬਹੁਤੀ ਤਬਦੀਲੀ ਆ ਗਈ ਹੋਵੇਗੀ। ਪੂਰੇ ਤੰਦਰੁਸਤ ਹੋਣ ਤੋਂ ਬਾਅਦ ਉਹ ਸਭ ਤੋਂ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਓਵਲ ਹਾਊਸ ਵਿੱਚ ਮਿਲਣ ਜਾਣਗੇ। ਚਾਰ ਵਾਰ ਸਫ਼ਲਤਾ ਪੂਰਬਕ ਪੁਲਾੜ ਦੀ ਯਾਤਰਾ ਕਰਨ ਵਾਲੀ ਭਾਰਤੀ ਮੂਲ ਦੀ ਅਮਰੀਕੀ ਸੁਨੀਤਾ ਵਿਲੀਅਮਜ਼ ਸੰਸਾਰ ਦੀ ਪਹਿਲੀ ਇਸਤਰ ਸਭ ਤੋਂ ਲੰਬਾ ਸਮਾਂ ਪੁਲਾੜ ਵਿੱਚ ਸਮਾਂ ਬਿਤਾਉਣ ਵਾਲਾ ਵਿਅਕਤੀ ਬਣ ਗਈ ਹੈ। ਸੁਨੀਤਾ ਵਿਲੀਅਮਜ਼ ਨੇ ਚਾਰ ਵਾਰੀ ਪੁਲਾੜ ਦੀ ਯਾਤਰਾ ਸਮੇਂ ਕੁਲ 606 ਦਿਨ ਦਾ ਸਮਾਂ ਬਿਤਾਇਆ ਹੈ। ਇਸਦੇ ਨਾਲ ਹੀ ਉਹ ਭਾਰਤੀ ਮੂਲ ਦੀ ਦੂਜੀ ਪੁਲਾੜ ਯਾਤਰੀ ਹੈ। ਇਹ ਯਾਤਰਾਵਾਂ ਉਸਨੇ 31 ਜਨਵਰੀ, 4 ਫਰਵਰੀ, 9 ਫਰਵਰੀ 2007 ਅਤੇ 18 ਮਾਰਚ 2025 ਵਿੱਚ ਕੀਤੀਆਂ ਹਨ। ਇਸ ਤੋਂ ਪਹਿਲਾਂ ਭਾਰਤੀ ਮੂਲ ਦੀ ਕਲਪਨਾ ਚਾਵਲਾ ਪੁਲਾੜ ਵਿੱਚ ਗਈ ਸੀ, ਜਿਸਦੀ ਵਾਪਸੀ ਸਮੇਂ ਪੁਲਾੜ ਜਹਾਜ ਵਿੱਚ ਤਕਨੀਕੀ ਖ਼ਰਾਬੀ ਕਰਕੇ ਦੁਰਘਟਨਾ ਵਿੱਚ ਮੌਤ ਹੋ ਗਈ ਸੀ। ਕਲਪਨਾ ਚਾਵਲਾ ਭਾਰਤ ਦੇ ਹਰਿਆਣਾ ਅਤੇ ਸੁਨੀਤਾ ਵਿਲੀਅਮਜ਼ ਪੱਛਵੀਂ ਗੁਜਰਾਤ ਸੂਬੇ ਨਾਲ ਸੰਬੰਧ ਰੱਖਦੀ ਹੈ। ਨਾਸਾ ਦੀ ਜਾਣਕਾਰੀ ਅਨੁਸਾਰ ਇਸਦੇ ਨਾਲ ਹੀ ਸੁਨੀਤਾ ਵਿਲੀਅਮਜ਼ ਪੁਲਾੜ ਵਿੱਚ ਸਭ ਤੋਂ ਵੱਧ ਸਮਾਂ ਬਿਤਾਉਣ ਵਾਲੇ ਪੁਲਾੜ ਯਾਤਰੀਆਂ ਵਿੱਚ ਦੂਜੇ ਸਥਾਨ 'ਤੇ ਪਹੁੰਚ ਗਈ ਹੈ। ਇਸ ਮਿਸ਼ਨ ਵਿੱਚ ਸੁਨੀਤਾ ਵਿਲੀਅਮਜ਼ ਨੇ ਪੁਲਾੜ ਵਿੱਚ ਲਗਾਤਾਰ 286 ਦਿਨ ਬਿਤਾ ਕੇ ਇਤਿਹਾਸ ਸਿਰਜ ਦਿੱਤਾ ਹੈ। ਪੁਲਾੜ ਵਿੱਚ ਰਹਿੰਦਿਆਂ ਉਸਨੇ 4576 ਵਾਰ ਧਰਤੀ ਦੀ ਪਰਕਰਮਾ ਕੀਤੀ। ਸੁਨੀਤਾ ਵਿਲੀਅਮਜ਼ ਨੂੰ ਭਾਰਤ ਸਰਕਾਰ ਨੇ ਪੁਲਾੜ ਦੇ ਖੇਤਰ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ 2007 ਵਿੱਚ ਪਦਮ ਭੂਸ਼ਣ ਦਾ ਖ਼ਿਤਾਬ ਦੇ ਕੇ ਸਨਮਾਨਤ ਕੀਤਾ ਸੀ। ਉਹ 2007 ਅਤੇ 2013 ਵਿੱਚ ਭਾਰਤ ਆਈ ਸੀ। ਉਸ ਸਮੇਂ ਉਸਨੇ ਆਪਣੇ ਪਿੰਡ ਝੂਲਾਸਨ ਦੇ ਡੋਲਾ ਮਾਤਾ ਮੰਦਰ ਵਿੱਚ ਪੂਜਾ ਕੀਤੀ ਸੀ। ਜਦੋਂ 2024 ਵਿੱਚ ਪੁਲਾੜ ਯਾਤਰਾ 'ਤੇ ਗਈ ਸੀ, ਉਦੋਂ ਦੀ ਹੀ ਇਸ ਮੰਦਰ ਵਿੱਚ ਅਖੰਡ ਜਯੋਤੀ ਲਗਾਤਾਰ ਜਲ ਰਹੀ ਹੈ। ਪਿੰਡ ਦੀਆਂ ਇਸਤਰੀਆਂ ਉਸਦੇ ਸੁਰੱਖਿਅਤ ਆਉਣ ਦੀਆਂ ਪ੍ਰਾਰਥਨਾਵਾਂ ਕਰਦੀਆਂ ਸਨ। ਸੁਨੀਤਾ ਦੇ ਵਾਪਸ ਸੁਰੱਖਿਅਤ ਆਉਣ 'ਤੇ ਪਿੰਡ ਵਿੱਚ ਖ਼ੁਸ਼ੀਆਂ ਮਨਾਈਆਂ ਗਈਆਂ, ਪਟਾਕ ਚਲਾਏ ਤੇ ਮਠਿਆਈਆਂ ਵੰਡੀਆਂ ਗਈਆਂ।

ਮਹਿਜ 22 ਸਾਲ ਦੀ ਉਮਰ ਵਿੱਚ 1987 ਵਿੱਚ ਸੁਨੀਤਾ ਵਿਲੀਅਮਜ਼ ਨੇ ਨੇਵਲ ਅਕਾਡਮੀ ਤੋਂ ਸਰੀਰਕ ਵਿਗਿਆਨ ਵਿੱਚ ਬੈਚੂਲਰ ਆਫ਼ ਸਾਇੰਸ ਦੀ ਡਿਗਰੀ ਪ੍ਰਾਪਤ ਕਰਕੇ ਸਟੇਟ ਨੇਵੀ ਵਿੱਚ ਭਰਤੀ ਹੋ ਗਈ ਸੀ। ਉਸਨੂੰ ਨਵਲ ਕੋਸਟਲ ਸਿਸਟਮ ਕਮਾਂਡ ਵਿੱਚ ਛੇ ਮਹੀਨੇ ਜ਼ਿੰਮੇਵਾਰੀ ਨਿਭਾਉਣ ਤੋਂ ਬਾਅਦ ਬੇਸਿਕ ਡਾਈਵਿੰਗ ਅਧਿਕਾਰੀ ਨਿਯੁਕਤ ਕਰ ਦਿੱਤਾ ਸੀ। ਉਸ ਤੋਂ ਬਾਅਦ 1989 ਵਿੱਚ ਸੁਨੀਤਾ ਵਿਲੀਅਮਜ਼ ਨੂੰ ਏਵੀਏਟਰ ਨਾਮਜ਼ਦ ਕਰ ਦਿੱਤਾ ਸੀ। ਉਸਨੇ ਹੈਲੀਕਾਪਟਰ ਲੜਾਈ ਸਪੋਰਟ ਸਕੁਐਡਰਨ-3 (ਐਚ. ਸੀ-3) ਵਿੱਚ ਸ਼ੁਰੂਆਤੀ ਐਚ-46 ਸਾਗਰ ਨਾਈਟ ਦੀ ਸਿਖਲਾਈ ਵੀ ਪ੍ਰਾਪਤ ਕੀਤੀ। ਫਿਰ ਉਸਨੂੰ ਹੈਲੀਕਾਪਟਰ ਲੜਾਈ ਸਪੋਰਟਸ ਵਿੱਚ ਨਿਯੁਕਤ ਕੀਤਾ ਗਿਆ। ਉਸਤੋਂ ਬਾਅਦ ਸੁਨੀਤਾ ਵਿਲੀਅਮਜ਼ ਦੀ ਨਾਰਫੋਕ, ਵਰਜੀਨੀਆ ਵਿੱਚ ਸਕੁਐਡਰਨ 8 (ਐਚ.ਸੀ-8) ਜਿਸ ਨਾਲ ਉਸਨੇ ਮੈਡੀਟੇਰੀਅਨ, ਲਾਲ ਸਾਗਰ ਅਤੇ ਫਾਰਸ ਦੀ ਖਾੜੀ ਅਪ੍ਰੇਸ਼ਨ ਪ੍ਰੋਵਾਈਡ ਕੰਫਰਟ ਲਈ ਵਿਦੇਸ਼ ਤਾਇਨਾਤੀ ਸਮੇਂ ਕੰਮ ਕੀਤਾ। ਸਤੰਬਰ 1992 ਵਿੱਚ ਉਹ ਯੂ.ਐਸ.ਐਸ.ਸਿਲਵਾਨੀਆਂ ਵਿੱਚ ਤੂਫ਼ਾਨ ਐਂਡਿਰ ਰੀਲੀਫ਼ ਤਹਿਤ ਕਾਰਜ਼ਾਂ ਲਈ ਸਿਖਲਾਈ ਵਾਸਤੇ ਫਲੋਰੀਡਾ ਭੇਜੀ ਗਈ, ਜੋ ਐਚ.46 ਦੀ ਟੁਕੜੀ ਦੀ ਅਧਿਕਾਰੀ ਸੀ। 1993 ਵਿੱਚ ਸੰਯੁਕਤ ਰਾਜ ਦੇ ਨੇਵਲ ਟੈਸਟ ਪਾਇਲਟ ਸਕੂਲ ਵਿੱਚ ਸਿਖਲਾਈ ਲਈ ਅਤੇ ਦਸੰਬਰ ਗ੍ਰੈਜੂਏਸ਼ਨ ਕੀਤੀ। ਉਸਨੂੰ ਰੋਟਰੀ ਵਿੰਗ ਏਅਰ ਕਰਾਫਟ ਟੈਸਟ ਡਾਇਰੈਕਟੋਰੇ ਐਚ.46 ਪ੍ਰੋਜੈਕਟ ਅਧਿਕਾਰੀ ਅਤੇ ਟੀ.2 ਵਿੱਚ ਵੀ 22 ਚੇਜ਼ ਪਾਇਲਟ ਵੱਜੋਂ ਨਿਯੁਕਤ ਕੀਤਾ। ਉਸਤੋਂ ਬਾਅਦ ਸਕੁਐਡਰਨ ਸੇਫਟੀ ਅਫ਼ਸਰ ਨਿਯੁਕਤ ਕਰ ਦਿੱਤਾ। 1995 ਵਿੱਚ ਫਲੋਰੀਡਾ ਇਨਸਟੀਚਿਊਟ ਆਫ਼ ਟੈਕਨਾਲੋਜੀ ਤੋਂ ਇਜਿੰਨੀਅਰਿੰਗ ਮੈਨੇਜਮੈਂਟ ਵਿੱਚ ਮਾਸਟਰ ਆਫ਼ ਸਾਇੰਸ ਦੀ ਡਿਗਰੀ ਪ੍ਰਾਪਤ ਕੀਤੀ। 1998 ਵਿੱਚ ਉਹ ਨਾਸਾ ਵਿੱਚ ਭਰਤੀ ਹੋ ਗਈ ਸੀ। ਸੁਨੀਤਾ ਲਿਵਅਮਜ਼ 17 ਸਤੰਬਰ 2012 ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੀ ਕਮਾਂਡਰ ਬਣੀ ਸੀ। ਸੰਸਾਰ ਦੇ ਤਜ਼ਰਬੇਕਾਰ ਪੁਲਾੜ ਯਾਤਰੀਆਂ ਵਿੱਚ ਨੌਵੇਂ ਸਥਾਨ 'ਤੇ ਆਉਂਦੀ ਹੈ। 16 ਅਪ੍ਰੈਲ 2007 ਨੂੰ ਪੁਲਾੜ ਸਟੇਸ਼ਨ ਤੋਂ ਮੈਰਾਥਨ ਦੌੜਨ ਵਾਲਾ ਪਹਿਲਾ ਵਿਅਕਤੀ ਹੈ। ਸ਼ਟਲ ਡਿਸਕਵਰੀ 'ਤੇ ਸਵਾਰ ਹੋਣ ਤੋਂ ਬਾਅਦ ਸੁਨੀਤਾ ਵਿਲੀਅਮਜ਼ ਨੇ ਆਪਣੇ ਟੱਟੂ ਦੀ ਪੂਛ ਨੂੰ ਲੋਕਮ ਆਫ਼ ਲਵ ਨੂੰ ਦਾਨ ਕਰਨ ਦਾ ਪ੍ਰਬੰਧ ਵੀ ਕੀਤਾ। ਉਸਨੇ ਚਾਰ ਸਪੇਸਵਾਕਾਂ ਵਿੱਚ 9 ਵਾਰ 62 ਘੰਟੇ ਸੈਰ ਕੀਤੀ। ਉਹ ਜੌਹਨ ਹਿਗਿਨ ਨਾਲ ਅੰਤਰ-ਰਾਸ਼ਟਰੀ ਪੁਲਾੜ ਸਟੇਸ਼ਨ ਦੀ ਮੰਜ਼ਲ ਪ੍ਰਯੋਗਸ਼ਾਲਾ ਵਿੱਚ ਕਨੇਡਾਰਮ 2 ਦੇ ਨਿਯੰਤਰਣ ਦਾ ਕੰਮ ਕਰਦੇ ਰਹੇ ਹਨ। ਉਸਨੇ ਅਲੱਗ ਅਲੱਗ ਪੁਲਾੜ ਯੰਤਰਾਂ ਵਿੱਚ ਲਗਪਗ 3000 ਉਡਾਣਾ ਭਰੀਆਂ। ਸੁਨੀਤਾ ਵਿਲੀਅਮਜ਼ ਨੂੰ ਬਹੁਤ ਸਾਰੇ ਮਾਨ ਸਨਮਾਨ ਮਿਲੇ ਹਨ, ਜਿਨ੍ਹਾਂ ਵਿੱਚ ਨੇਵ ਕਮਾਂਡੇਸ਼ਨ ਮੈਡਲ, ਨੇਵੀ ਐਂਡ ਮੈਰੀਨ ਸ਼ਾਰਪ ਅਚੀਵਮੈਂਟ ਮੈਡਲ ਅਤੇ ਹਿਊਮੈਨੇਟੇਰੀ ਸਰਵਿਸ ਮੈਡਲ ਸ਼ਾਮਲ ਹਨ। ਉਹ ਸੋਸਾਇਟੀ ਆਫ਼ ਐਕਸਪੈਰੀਮੈਂਟਲ, ਟੈਸਟ ਪਾਇਲਟਸ ਇਜਿੰਨੀਅਰਿੰਗ ਅਤੇ ਅਮਰੀਕੀ ਹੈਲੀਕਾਪਟਰ ਐਸੋਸੀਏਸ਼ਨ ਨਾਲ ਜੁੜੀ ਹੋਈ ਹੈ। ਉਹ ਅਮਲੀ ਤੌਰ 'ਤੇ ਕੰਮ ਕਰਨ ਵਿੱਚ ਯਕੀਨ ਰੱਖਦੀ ਹੈ। ਸੁਨੀਤਾ ਵਿਲੀਅਮਜ਼ ਟਿਕ ਕੇ ਵਿਹਲੀ ਨਹੀਂ ਬੈਠ ਸਕਦੀ, ਉਹ ਲਗਾਤਾਰ ਕੁਝ ਨਾ ਕੁਝ ਕਰਨ ਵਿੱਚ ਰੁੱਝੀ ਰਹਿੰਦੀ ਹੈ। ਇਸ ਸਮੇਂ ਉਸਦਾ ਪਰਿਵਾਰ ਜੋ ਮੈਸੇਚਿਊਸੇਟਸ ਵਿੱਚ ਰਹਿੰਦਾ ਹੈ। ਸੁਨੀਤਾ ਵਿਲੀਅਮਜ਼ ਦੇ ਸੁਰੱਖਿਅਤ ਵਾਪਸ ਆਉਣ 'ਤੇ ਪਿੰਡ ਵਿੱਚ ਉਸਦੇ ਪਰਿਵਾਰ ਦੇ ਨਜ਼ਦੀਕੀਆਂ ਨੇ ਖ਼ੁਸ਼ੀਆਂ ਮਨਾਈਆਂ ਹਨ ਅਤੇ ਉਥੇ ਵਿਆਹ ਵਰਗਾ ਮਾਹੌਲ ਹੈ।

ਸੁਨੀਤਾ ਲਿਨ ਪਾਂਡਿਆ ਦਾ ਜਨਮ 19 ਸਤੰਬਰ 1965 ਨੂੰ ਓਹਾਈਓ ਰਾਜ ਦੇ ਯੂਕਲਿਡ ਨਗਰ (ਕਲੀਵਲੈਂਡ) ਵਿੱਚ ਪਿਤਾ ਦੀਪਕ ਪਾਂਡਿਆ ਅਤੇ ਮਾਤਾ ਉਰਸੁਲਾਈਨ ਬੋਨੀ (ਜ਼ਾਲੋਕਰ) ਪਾਂਡਿਆ ਦੀ ਕੁਖੋਂ ਹੋਇਆ। ਉਨ੍ਹਾਂ ਦੇ ਪਿਤਾ ਡਾ. ਦੀਪਕ ਪਾਂਡਿਆ ਨਿਊਰੋਆਟੋਮਿਸਟ ਸਨ। ਦੀਪਕ ਪਾਂਡਿਆ ਦੀ 2020 ਵਿੱਚ ਮੌਤ ਹੋ ਗਈ ਸੀ। ਸੁਨੀਤਾ ਦੀ ਮਾਤਾ ਸੋਲਵਾਨੀਆਂ ਤੋਂ ਹਨ। ਸੁਨੀਤਾ ਆਪਣੇ ਭਰਾ ਜੈ ਥਾਮਸ ਪਾਂਡਿਆ ਅਤੇ ਭੈਣ ਦੀਨਾ ਅਨਾਦਜ਼ ਤੋਂ ਛੋਟੀ ਹੈ। ਸੁਨੀਤਾ ਦੇ ਪਿਤਾ ਡਾਕਟਰੀ ਦੀ ਪੜ੍ਹਾਈ ਕਰਨ ਲਈ 1958 ਵਿੱਚ ਅਮਰੀਕਾ ਗਏ ਸਨ। ਸੁਨੀਤਾ ਵਿਲੀਅਮਜ਼ ਦੇ ਚਾਚੇ ਤਾਇਆਂ ਦਾ ਵੱਡਾ ਪਰਿਵਾਰ ਹੈ। ਝੂਲਾਸਨ ਪਿੰਡ ਵਿੱਚ ਸੁਨੀਤਾ ਵਿਲੀਅਮ ਦੀ ਦਾਦੀ ਰਾਮ ਬਹਿਨ ਨਰਮਦਾ ਸ਼ੰਕਰ ਪਾਂਡਿਆ ਦੀ ਯਾਦ ਵਿੱਚ ਲਾਇਬਰੇਰੀ ਸਥਾਪਤ ਕੀਤੀ ਹੋਈ ਹੈ। ਉਨ੍ਹਾਂ ਦਾ ਪਿੰਡ ਗੁਜਰਾਤ ਸੂਬੇ ਦੇ ਮਹਿਸਾਨਾ ਜ਼ਿਲ੍ਹੇ ਵਿੱਚ ਝੂਲਾਸਨ ਹੈ, ਜੋ ਗਾਂਧੀਨਗਰ ਤੋਂ 40 ਕਿਲੋਮੀਟਰ ਹੈ। ਸੁਨੀਤਾ ਨੇ 1983 ਵਿੱਚ ਨੀਡਹੋਮ ਮੈਸੇਚਿਊਸੇਟਸ ਦੇ ਸਕੂਲ ਵਿੱਚੋਂ ਗ੍ਰੈਜੂਏਸ਼ਨ ਕੀਤੀ ਸੀ। ਸੁਨੀਤਾ ਲੀਨਾ ਪਾਂਡਿਆ ਦਾ ਵਿਆਹ ਆਪਣੇ ਕਲਾਸ ਫੈਲੋ ਮਾਈਕਲ.ਜੇ.ਵਿਲੀਅਮਜ਼ ਨਾਲ ਹੋਇਆ ਹੈ। ਸੁਨੀਤਾ ਮਿਹਨਤੀ, ਆਤਮ ਵਿਸ਼ਵਾਸੀ, ਦਲੇਰ, ਹੈਲੀਕਾਪਟਰ ਪਾਇਲਟ, ਜਲ ਸੈਨਿਕ, ਗੋਤਾਖੋਰ, ਤੈਰਾਕ, ਜਲਸੈਨਾ ਪੌਡ ਚਾਲਕ ਤੇ ਪਸ਼ੂ ਪ੍ਰੇਮੀ ਇਸਤਰੀ ਹੈ। ਉਹ ਹਰ ਕੰਮ ਨੂੰ ਵੰਗਾਰ ਸਮਝਕੇ ਕਰਦੀ ਹੈ। ਇਸ ਕਰਕੇ ਇੱਕ ਸਾਧਾਰਨ ਪਰਿਵਾਰ ਵਿੱਚੋਂ ਉਠਕੇ ਇਤਨੇ ਵੱਡੇ ਕਾਰਜ ਕੀਤੇ ਹਨ।

## ਜ਼ੋਰ ਜਬਰ

ਜ਼ੋਰ ਜਬਰ ਹੈ ਹੁੰਦਾ ਆਇਆ, ਸਦਾ ਗ਼ਰੀਬਾਂ ਨਾਲ ।
ਦਿੰਦਾ ਹੈ ਸਕਤਾ ਹੱਕ ਬੰਦੇ ਨੂੰ, ਕਦ ਜ਼ਰੀਬਾਂ ਨਾਲ ।

ਯਾਰੀ ਨੌਂਹ ਮਾਸ ਦੇ ਰਿਸ਼ਤੇ ਵਰਗੀ ਵੀ ਹੋ ਜਾਂਦੀ ਹੈ
ਪਰਛਾਵਾਂ ਜੇ ਬਣ ਬੰਦਾ ਤੁਰਦਾ ਸਦਾ ਹਬੀਬਾਂ ਨਾਲ ।

ਬੇਸ਼ਕ ਕੂੜ ਪਸਰਿਆ ਹੋਵੇ, ਸ਼ਹਿਰ 'ਚ ਚਾਰੇ ਪਾਸੇ ਹੀ
ਸੱਚ ਦਾ ਕਾਫ਼ਲਾ ਹੈ ਤੁਰਦਾ, ਸਦਾ ਸਲੀਬਾਂ ਨਾਲ ।

ਜੇ ਖੋਹ ਸਕਦਾ ਤਾਂ ਖੋਹ ਲੈ, ਹੱਥ ਤਲੀ ਤੇ ਧਰ ਕੇ ਤੂੰ
ਦੱਸ, ਕਦ ਬੰਦੇ ਨੂੰ ਹੱਕ ਮਿਲਦੇ ਰਹੇ ਨਸੀਬਾਂ ਨਾਲ ।

ਆਸਤੀਨ ਦੇ ਸੱਪ ਡੰਗਣੋਂ ਬਾਜ਼ ਕਦੀ ਨਹੀਂ ਆਉਂਦੇ ਨੇ
ਸੰਭਲ ਕੇ ਜ਼ਰਾ ਹੱਥ ਮਿਲਾਈਏ ਸਦਾ ਰਕੀਬਾਂ ਨਾਲ ।

ਕਹਿਣ ਸਿਆਣੇ ਬੋਹੜਾਂ ਥੱਲੇ ਬੂਟਾ ਉੱਗਦਾ ਨਾ ਕੋਈ
'ਮਿੱਤਰ' ਫ਼ਾਸਲਾ ਰੱਖ ਸਦਾ ਤੂੰ ਕੁਝ ਅਦੀਬਾਂ ਨਾਲ ।



ਮਿੱਤਰ ਮਨਜੀਤ
91-98726-24833

## ਭਗਤ ਸਿਆਂ ਤੇਰੇ ਸੁਪਨਿਆਂ ਦੀ ਕਿਧਰ ਹੋਈ ਆਜਾਦੀ

ਭਗਤ ਸਿਆਂ
ਸੁਪਨਿਆਂ ਦੀ
ਕਿੱਧਰ ਕੀਤਾ ਗਿਆ।
ਚਾਰ ਚੁਫੇਰੇ ਪਿਆਰੋ ਗਾਰਤ,
ਹਰ ਪਾਸੇ ਬਰਬਾਦੀ।

ਜਾਤ-ਪਾਤਿ ਦਾ ਭੂਤ ਮਛਰਿਆ
ਪਿੰਡ-ਸ਼ਹਿਰ ਧੁੰਮੇ।
ਫਿਰਕੂਆਂ ਦਾ ਸੌਦਾਗਰ
ਦੀਨ ਦੇਣ ਦਿੰਦੇ ਹਨ।
ਪਾਤਿਆਨ ਬੁਰਕਾ
ਫਿਰਦੇ ਬਦਲੇਖੋਰ ਫਸਾਦੀ।
ਭਗਤ ਸਿਆਂ ਤੇਰੇ ..

ਵਹਿਸ਼ੀ ਸੰਕਟਾਂ ਦੀਆਂ ਸਵਾਰੀਆਂ
ਪਾਤਿਰਾਂ ਦੇ ਚੋਲੇ।
ਨਾ ਦੂਰ ਤੱਕ ਸੁਣਦੇ ਹਨ
ਹੋ ਗਏ ਅੰਨ ਬੋਲੇ।
ਨਿਆਂ ਦੀ ਦੀਵੀ ਹੋਈ ਮੁਨਾਕੀ
ਜਾਏ ਕਿਧਰ ਫਰੀਦੀ।
ਭਗਤ ਸਿਆਂ ਤੇਰੇ ..

ਸੈਦੇ ਖੇੜੇ ਲੈ ਛਲਕੇ
ਹੀਰ ਸਮੁੰਦਰ ਤੇਰੀ।

ਯ ਸ਼ਾਹਾਂ ਦੇ ਲੱਠਮਾਰਾਂ ਨੇ
ਅੰਤਰ ਅੰਦਰੀ।
ਸੁੱਚੀਆਂ ਕਿਰਤਾਂ ਮੁੱਖ ਲੈਗੀ
ਲੁਚ-ਪੀਰਾਂ ਦੀ ਦਾਦੀ।
ਭਗਤ ਸਿਆਂ ਤੇਰੇ ..

ਦੱਲੇ ਅਤੇ ਦਲਾਲਾਂ ਨੇ
ਸਾਧਾਰਨ-ਪ੍ਰੋਗਰਾਮ ਵਿਚ ਸੁਧਾਰ।
ਵਤਨ ਪ੍ਰਸਤੀ ਦੇ ਨਾਂ ਕਾਰਣ
ਵਤਨ ਵੇਚ ਕੇ ਖਾਧਾ।
ਚੁਣਾਵੀ ਰਾਜ ਕੇ ਗੱਭਰੂਆਂ
ਗੁੰਡੇ ਤੇ ਪਾਇਆ ।
ਭਗਤ ਸਿਆਂ ਤੇਰੇ ..

ਗੱਭਰੂ ! ਮੁਟਿਆਰੋ!! ਰਲਕੇ,
ਬਣਨ ਦੇ ਹਾਣੀ।
'ਕਥਾ ਹੋ ਕੇ ਮੁਕਤ ਕਰਾਈਐ
ਹੋਈ ਪਾਰਪਟਾਨੀ।
'ਲ' ਹੋਊ ਖੁਸ਼ਹਾਲ ਫੇਰ ਹੀ
ਸਵਾ ਸੂਬੇ।
ਭਗਤ ਸਿਆਂ ਤੇਰੇ...

-ਲਾਲ ਸਿੰਘ ਸੁਲਹਾਣੀ
98721 55120

## ਜ਼ਮੀਨ ਹੱਦਬੰਦੀ ਐਕਟ 1972 ਨੂੰ ਲਾਗੂ ਕਰੋ- ਪੀ ਐਮ ਯੂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਅੱਜ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਮਜ਼ਦੂਰਾਂ ਦੀਆਂ ਬੁਨਿਆਦੀ ਮੰਗਾਂ ਮਸਲਿਆਂ ਤੇ ਲੋੜਾਂ ਸੰਬੰਧੀ ਜਿਲਾ ਪ੍ਰਸ਼ਾਸ਼ਨ ਨੂੰ ਯਾਦ ਪੱਤਰ ਦਿੱਤਾ ਗਿਆ। ਇਸ ਮੌਕੇ ਸੂਬੇ ਲੈਂਡ ਸੀਲਿੰਗ ਐਕਟ 1972 ਲਾਗੂ ਕਰਕੇ ਵਾਧੂ ਜ਼ਮੀਨ ਮਜ਼ਦੂਰਾਂ ਤੇ ਛੋਟੇ ਕਿਸਾਨਾਂ ਵਿੱਚ ਵੰਡੀ ਜਾਵੇ ਤੇ ਬੇਜ਼ਮੀਨੇ ਮਜ਼ਦੂਰਾਂ ਦਾ ਬਿਨਾਂ ਸ਼ਰਤ ਸਮੁੱਚਾ ਕਰਜ਼ਾ ਮੁਆਫ਼ ਕੀਤਾ ਜਾਵੇ। ਇਸ ਮੌਕੇ ਬਲਾਚੌਰ ਦੇ ਇਲਾਕਾ



ਦੇ ਆਗੂ ਕਮਲਜੀਤ ਸਨਾਵਾ ਨੇ ਕਿਹਾ ਕਿ ਉਹਨਾਂ ਨੇ ਜਥੇਬੰਦੀ ਵੱਲੋਂ ਪ੍ਰਸ਼ਾਸਨ ਨੂੰ ਪਹਿਲਾਂ ਵੀ ਬਹੁਤ ਵਾਰੀ ਧਰਨਾ ਪ੍ਰਦਰਸ਼ਨ ਕਰਕੇ ਮੰਗ ਪੱਤਰ ਦਿੱਤੇ ਹਨ । ਅੱਜ ਫਿਰ ਪ੍ਰਸ਼ਾਸ਼ਨ ਨੂੰ ਯਾਦ ਪੱਤਰ ਦੇਣ ਆਏ ਹਾਂ ਤਾਂ ਜੋ ਪ੍ਰਸ਼ਾਸ਼ਨ ਇਸ ਤੇ ਧਿਆਨ ਦੇਵੇ।

ਉਹਨਾਂ ਨੇ ਇਹ ਵੀ ਕਿਹਾ ਕਿ ਪ੍ਰਸ਼ਾਸਨ ਮਜ਼ਦੂਰ ਆਗੂਆਂ ਨੂੰ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰ ਰਿਹਾ ਹੈ। ਅਸੀ ਮੰਗ ਪੱਤਰ ਦੇਣ ਬਾਰੇ ਪਹਿਲਾਂ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਸੀ ਪਰ ਫਿਰ ਵੀ ਮੌਕੇ ਤੇ ਕੋਈ ਅਧਿਕਾਰੀ ਮੌਜੂਦ ਨਹੀ ਸੀ। ਇਸ ਮੌਕੇ ਆਗੂ ਕਿਰਨਜੀਤ ਕੌਰ ਨੇ ਕਿਹਾ ਕਿ ਸਰਕਾਰ ਆਗੂ ਬਗੀਚਾ ਸਿੰਘ, ਇਲਾਕਾ ਨਵਾਂਸ਼ਹਿਰ ਦੇ ਪ੍ਰਧਾਨ ਸੁਰਿੰਦਰ ਮੀਰਪੁਰੀ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੌ ਮਜ਼ਦੂਰਾਂ ਦੀ ਦਿਹਾੜੀ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ ਜਿਸ ਕਰਕੇ ਵੱਧ ਰਹੀ ਮਹਿੰਗਾਈ ਨਾਲ ਘਰਾਂ ਦਾ ਗੁਜ਼ਾਰਾ ਚਲਾਉਣਾ ਮਜ਼ਦੂਰਾਂ ਲਈ ਬਹੁਤ ਔਖਾ ਹੈ। ਉਹਨਾਂ ਮਜ਼ਦੂਰਾਂ ਨੂੰ 10 -10 ਮਰਲੇ ਪਲਾਟ, ਮਨਰੇਗਾ ਵਰਕਰਾਂ ਨੂੰ ਪੂਰਾ ਸਾਲ ਰੁਜ਼ਗਾਰ ਦੇਣ ਦੀ ਮੰਗ ਕੀਤੀ। ਉਹਨਾਂ ਨੇ ਚਿਤਾਵਨੀ ਦਿੰਦੇ ਕਿਹਾ ਕਿ ਜੇਕਰ ਯਾਦ ਪੱਤਰ ਦੇਣ ਤੌ ਬਾਅਦ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਕੀਤਾ ਜਾਵੇਗਾ।

# ਔਰੰਗਜ਼ੇਬ ਨੂੰ ਜਿਊਂਦਾ ਕਰਨ ਦਾ ਯਤਨ



ਗੁਰਮੀਤ ਪਲਾਹੀ
91-98158-02070

ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਇਸ ਦੁਨੀਆਂ ਤੋਂ ਰੁਖ਼ਸਤ ਹੋਇਆਂ 300 ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ। ਭਾਜਪਾ ਸ਼ਾਸਤ ਸੂਬੇ ਮਹਾਰਾਸ਼ਟਰ ਵਿੱਚ ਉਸਦੀ ਕਬਰ ਨੂੰ ਲੈ ਕੇ ਹੰਗਾਮਾ ਹੋ ਰਿਹਾ ਹੈ। ਸਿਆਸਤਦਾਨ ਇਸ ਬੇਮਤਲਬ ਵਿਸ਼ੇ ਨੂੰ ਲੈ ਕੇ ਹੋ ਹੱਲਾ ਕਰ ਰਹੇ ਹਨ। ਨਾਗਪੁਰ (ਮਹਾਰਾਸ਼ਟਰ) ਵਿੱਚ ਤਾਂ ਫਿਰਕੂ ਦੰਗੇ ਵੀ ਸ਼ੁਰੂ ਹੋ ਗਏ। ਔਰੰਗਜ਼ੇਬ ਦੀ ਕਬਰ ਨੂੰ ਢਾਹੁਣ ਦੇ ਨਾਅਰੇ ਲਗਾਏ ਗਏ, ਜਿਹੜੀ ਕਬਰ ਬਾਦਸ਼ਾਹ ਔਰੰਗਜ਼ੇਬ ਦੀ ਇੱਛਾ ਅਨੁਸਾਰ ਬੇਹੱਦ ਸਧਾਰਨ ਅਤੇ ਨਿੱਕੀ ਬਣੀ ਹੋਈ ਹੈ। ਔਰੰਗਜ਼ੇਬ ਨੂੰ ਕਰੂਰ ਸ਼ਾਸਕ ਦੱਸ ਕੇ ਉਸ ਦੀ ਇਸ ਕਬਰ ਪੁੱਟ ਦੇਣ ਨੂੰ ਕੌਮੀ ਮਸਲਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਔਰੰਗਜ਼ੇਬ ਦੀ ਕਬਰ ਪੁੱਟਣ ਨਾਲ, ਜਿਸ ਨੂੰ ਵਿਸ਼ੇਸ਼ ਰਾਸ਼ਟਰੀ ਮੁੱਦਾ ਬਣਾਇਆ ਜਾ ਰਿਹਾ ਹੈ, ਕੀ ਇਸ ਨਾਲ ਲੋਕਾਂ ਦੇ ਅਸਲੀ ਮੁੱਦੇ ਬੇਰੁਜ਼ਗਾਰੀ, ਗ਼ਰੀਬੀ, ਲਾਚਾਰੀ ਅਤੇ ਭ੍ਰਿਸ਼ਟਾਚਾਰ ਖ਼ਤਮ ਹੋ ਜਾਣਗੇ।

ਦੇਸ਼ ਦੇ ਨੇਤਾ ਲੋਕਾਂ ਦਾ ਧਿਆਨ ਭਟਕਾਉਣ ਲਈ, ਆਪਣੀਆਂ ਗੱਦੀਆਂ ਬਚਾਉਣ ਅਤੇ ਨਵੀਆਂ ਗੱਦੀਆਂ ਹਥਿਆਉਣ ਲਈ ਨਿਤ ਨਵੇਂ ਮੁੱਦੇ ਪੈਦਾ ਕਰ ਰਹੇ ਹਨ, ਤਾਂ ਕਿ ਲੋਕ ਆਪਣੀਆਂ ਅਸਲ ਤਕਲੀਫ਼ਾਂ ਅਤੇ ਮਸਲਿਆਂ ਵੱਲ ਧਿਆਨ ਹੀ ਨਾ ਦੇ ਸਕਣ।

ਸਿੱਟੇ ਵਜੋਂ ਦੇਸ਼ ਚ ਔਰੰਗਜ਼ੇਬ ਦੀ ਸੋਚ ਜਿੰਦਾ ਹੀ ਨਹੀਂ ਹੋ ਰਹੀ, ਸਗੋਂ ਫੈਲ ਰਹੀ ਹੈ। ਕੱਟੜ ਹਿੰਦੂਤਵੀ ਸੋਚ ਦੇ ਸੌਦਾਗਰ ਦੇਸ਼ ਵਿੱਚ ਘੱਟ ਗਿਣਤੀਆਂ 'ਤੇ ਹਮਲੇ ਕਰ ਰਹੇ ਹਨ। ਮੁਸਲਮਾਨਾਂ ਦੀਆਂ ਖ਼ਾਮੀਆਂ ਕੱਢ ਕੇ ਲੋਕਾਂ ਨੂੰ ਭੜਕਾਉਣ ਦਾ ਯਤਨ ਹੋ ਰਿਹਾ ਹੈ। ਕੱਟੜ ਮੁਸਲਿਮ ਔਰੰਗਜ਼ੇਬ ਦੇ ਹੱਕ ਆ ਖੜੇ ਹੋਏ ਹਨ। ਧਰਮ ਅਧਾਰਤ ਸਿਆਸਤ ਅੱਜ ਦੀ ਸਿਆਸਤ ਦਾ ਧੁਰਾ ਬਣਦੀ ਜਾ ਰਹੀ ਹੈ, ਜੋ ਦੇਸ਼ ਦੇ ਸੰਵਿਧਾਨ ਦੀ ਲੋਕਤੰਤਰੀ ਰੂਹ ਨੂੰ ਖੋਰਾ ਲਾ ਰਹੀ ਹੈ। ਮਸਜਿਦਾਂ ਦੇ ਸਾਹਮਣਿ ੇ ਜਲੂਸ ਕੱਢਣਾ, ਰੌਲਾ-ਰੱਪਾ ਮਚਾਉਣਾ, ਜ਼ੋਰ - ਸ਼ੋਰ ਨਾਲ ਵਾਜੇ ਵਜਾਉਣਾ, ਮੁਸਲਮਾਨਾਂ ਖ਼ਿਲਾਫ਼ ਨਾਅਰੇਬਾਜ਼ੀ ਕਰਨਾ ਦੇਸ਼ 'ਚ ਆਮ ਜਿਹੀ ਗੱਲ ਬਣ ਗਈ ਹੈ। ਇਸ ਸਾਰੇ ਮਾਹੌਲ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਸ਼ਿਵ ਸੈਨਾ (ਬਾਲ ਠਾਕਰੇ) ਦੇ ਉੱਘੇ ਆਗੂ ਤੇ ਰਾਜ ਸਭਾ ਮੈਂਬਰ ਸੰਜੇ ਰਾਊਤ ਨੂੰ ਆਪਣੇ ਅਖ਼ਬਾਰ 'ਚ ਲਿਖਣਾ ਪਿਆ,"ਪਿਛਲੇ 10 ਸਾਲਾਂ 'ਚ ਭਾਰਤ 'ਚ ਹਿੰਦੂ ਤੇ ਮੁਸਲਮਾਨ ਦੋ ਵੱਖ- ਵੱਖ ਰਾਸ਼ਟਰ ਬਣ ਗਏ ਹਨ।ਇਹ ਮਾਹੌਲ ਬਟਵਾਰੇ ਵਰਗਾ ਹੈ। ਸ਼ਿਵ ਰਾਏ (ਸ਼ਿਵਾ ਜੀ) ਦੇ ਇਤਿਹਾਸ ਨੂੰ ਬਦਲਣਾ,ਹਿੰਦੂ ਤੇ ਮੁਸਲਮਾਨਾਂ ਲਈ ਵੱਖਰੀਆਂ ਦੁਕਾਨਾਂ ਦੀ ਮੰਗ ਕਰਨਾ ,ਇਹ ਸਭ ਇੱਕ ਸੋਚੀ ਸਮਝੀ ਮੂਰਖਤਾ ਹੈ। ਜੋ ਭਾਰਤ ਨੂੰ ਹਿੰਦੂ ਪਾਕਿਸਤਾਨ ਬਣਨ ਵੱਲ ਤੱਕ ਰਹੀ ਹੈ।"

ਇਹ ਸੱਚਮੁੱਚ ਦੇਸ਼ ਭਾਰਤ ਲਈ ਮੰਦਭਾਗਾ ਹੈ। ਉਸ ਭਾਰਤ ਲਈ, ਜਿਸ ਵਿੱਚ ਵੱਖੋ-ਵੱਖਰੇ ਧਰਮਾਂ, ਬੋਲੀਆਂ, ਸੱਭਿਆਚਾਰਾਂ ਵਾਲੇ ਵੰਨ - ਸਵੰਨੇ ਲੋਕ ਵੱਸਦੇ ਹਨ ਅਤੇ ਜਿਹਨਾਂ ਦੀ ਆਪਸੀ ਸਾਂਝ ਪੀਡੀ ਹੈ। ਇਹ ਮਾਹੌਲ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਖ਼ਤਰੇ ਦੀ ਘੰਟੀ ਹੈ। ਇਹ ਦੇਸ਼ ਦੇ ਵਿਕਾਸ ਲਈ ਵੀ ਸੁਖਾਵਾਂ ਨਹੀਂ। ਬਹੁਗਿਣਤੀ ਦੀਆਂ ਧਾਰਮਿਕ ਭਾਵਨਾਵਾਂ ਨੂੰ ਉਛਾਲਣਾ ਅਤੇ ਘੱਟ ਗਿਣਤੀਆਂ ਦੀਆਂ ਭਾਵਨਾਵਾਂ ਨੂੰ ਦਬਾਅ ਦੇਣਾ ਦੇਸ਼ ਦੀਆਂ ਪੁਰਾਣੀਆਂ ਰਵਾਇਤਾਂ ਤੇ ਕਦਰਾਂ ਕੀਮਤਾਂ ਦਫ਼ਨ ਕਰਨ ਦੇ ਬਰਾਬਰ ਹੈ। ਭਾਵਨਾਵਾਂ ਨੂੰ ਭੜਕਾਉਣ ਦੀ ਖੇਡ ਭਾਰਤੀ ਸੁਭਾਅ ਦੇ ਅਨੁਕੂਲ ਵੀ ਨਹੀਂ ਹੈ, ਕਿਉਂਕਿ ਭਾਰਤੀ ਹਿੰਸਕ ਨਹੀਂ ਹਨ। ਅੱਜ ਜਦੋਂ ਦੇਸ਼ ਵਿੱਚ ਧਾਰਮਿਕ ਜਨੂੰਨ ਪੈਦਾ ਕੀਤਾ ਜਾ ਰਿਹਾ ਹੈ ਅਤੇ ਉਹ ਵੀ ਹਾਕਮਾਂ ਵੱਲੋਂ, ਤਾਂ ਇਹ ਧਰਮ ਦੀ ਨਕਲੀ ਰੱਖਿਆ ਦੀ ਭਾਵਨਾ ਪੈਦਾ ਕਰ ਰਿਹਾ ਹੈ।

ਬਿਨਾਂ ਸ਼ੱਕ ਔਰੰਗਜ਼ੇਬ ਨੇ ਆਪਣੇ ਰਾਜ ਵਿੱਚ



ਅੱਤਿਆਚਾਰ ਕੀਤੇ। ਉਸ ਸਮੇਂ ਅਨੇਕਾਂ ਮੰਦਰ, ਮਸਜਿਦਾਂ, ਗਿਰਜਾ ਘਰ ਅਤੇ ਵਿਲੱਖਣ ਕਲਾ ਦੇ ਪ੍ਰਤੀਕ ਸਥਾਨ ਉਸਦੀ ਬੇਰਹਿਮੀ ਦਾ ਸ਼ਿਕਾਰ ਹੋਏ। ਪਰ ਇਹਨਾਂ ਸਾਰੀਆਂ ਘਟਨਾਵਾਂ ਨੂੰ ਵਾਪਰਿਆਂ ਮੁੱਦਤਾਂ ਬੀਤ ਗਈਆਂ। ਔਰੰਗਜ਼ੇਬ ਮਰ ਮੁੱਕ ਗਿਆ,ਹਿੰਦੂ ਮੁਸਲਮਾਨ ਇਸ ਦੇਸ਼ ਵਿੱਚ ਸਦੀਆਂ ਤੋਂ ਇਕੱਠੇ ਰਹੇ।

ਪਰ ਸਮਾਂ ਬੀਤਿਆਂ ਕਿਸੇ ਨਾ ਕਿਸੇ ਵੇਲੇ ਜਾਤ ਅਤੇ ਧਰਮ ਵਿੱਚ ਪਈ ਕੁੜੱਤਣ ਭਿਆਨਕ ਰੂਪ ਧਾਰਦੀ ਹੈ। ਇਹ ਸਿਆਸੀ ਪਾਰਟੀਆਂ ਲਈ ਸੁਨਹਿਰੀ ਮੌਕਾ ਬਣ ਜਾਂਦੀ ਹੈ। ਉਹ ਇਸ ਮੌਕੇ ਨੂੰ ਵਰਤਦੇ ਹਨ, ਆਪਣੇ ਹਿੱਤ ਸਾਧਦੇ ਹਨ। ਲੋਕਾਂ ਚ ਵੰਡੀਆਂ ਵੱਡੀਆਂ ਕਰਦੇ ਹਨ। ਨਫ਼ਰਤਾਂ ਤੇ ਈਰਖਾ ਨਾਲ ਵੱਡਾ ਪਾੜਾ ਖੜਾ ਕਰਦੇ ਹਨ। ਇਹ ਪਾੜਾ, ਇਹ ਨਫ਼ਰਤ, ਮਾਨਸਿਕ, ਸਰੀਰਕ ਤੇ ਸਮੂਹਿਕ ਕਤਲੇਆਮ ਇਥੋਂ ਤੱਕ ਕਿ ਨਸਲਕੁਸ਼ੀ ਤੱਕ ਵੀ ਪੁੱਜ ਜਾਂਦਾ ਹੈ।

ਇਹੋ ਕਾਰਨ ਹੈ ਕਿ ਔਰੰਗਜ਼ੇਬੀ ਸੋਚ ਨਾਲ ਦੇਸ਼ ਵਿੱਚ ਕਦੇ ਸਾਂਭਲ ਵਾਪਰਦਾ ਹੈ, ਕਦੇ ਨਾਗਪੁਰ ਵਾਪਰਦਾ ਹੈ। ਕਦੀ ਨਾਗਾਲੈਂਡ, ਮਨੀਪੁਰ, ਜੰਮੂ-ਕਸ਼ਮੀਰ ਇਸਦੀ ਲਪੇਟ 'ਚ ਆਉਂਦੇ ਹਨ। ਕਦੇ '84 ਵਾਪਰਦੀ ਹੈ, ਸਿੱਖਾਂ ਦਾ ਕਤਲੇਆਮ ਹੁੰਦਾ ਹੈ। ਇਹ ਔਰੰਗਜ਼ੇਬੀ ਸੋਚ ਵਾਲੀ ਮਾਨਸਿਕਤਾ ਕਿਸੇ ਇੱਕ ਧਰਮ ਦੇ ਚੌਧਰੀਆਂ ਦਾ ਵਿਰਸਾ ਨਹੀਂ ਰਹੀ, ਇਹ ਔਰੰਗਜ਼ੇਬੀ ਸੋਚ ਸਮੇਂ-ਸਮੇਂ ਬਣੇ ਸ਼ਾਸਕਾਂ ਦਾ ਵਿਰਸਾ ਰਹੀ ਹੈ।

ਔਰੰਗਜ਼ੇਬ ਵੇਲੇ ਇਹ ਮੁਗਲ ਸਮਰਾਟ ਦਾ ਹਥਿਆਰ ਬਣੀ,ਅੱਜ ਇਹ ਹਿੰਦੂਤਵੀ ਸੋਚ ਵਾਲਿਆਂ ਦਾ ਵੱਡਾ ਹਥਿਆਰ ਹੈ। ਨਸਲੀ ਵਿਤਕਰਾ ਗ਼ਰੀਬ ਵਰਗਾਂ ਨਾਲ ਧੱਕੇਸ਼ਾਹੀ ਦਾ ਇੱਕ ਨਮੂਨਾ ਮਾਤਰ ਹੈ, ਇਹ ਵੱਡੇ ਢੂੰਠਾਂ ਵਾਲੇ ਔਰੰਗਜ਼ੇਬੀ ਸੋਚ ਵਾਲਿਆਂ ਦੀ ਗ਼ਰੀਬਾਂ, ਲਿਤਾੜਿਆਂ ਨੂੰ ਗੁਲਾਮ ਸਮਝਣ ਦੀ ਮਾਨਸਿਕਤਾ ਦਾ ਹਿੱਸਾ ਹੈ।

ਅਸਲ ਵਿੱਚ ਸ਼ੈਤਾਨੀ ਦਿਮਾਗ, ਸਮਾਜ ਵਿਰੋਧੀ ਤੱਤ, ਆਪਣਾ ਉੱਲੂ ਸਿੱਧਾ ਕਰਨ ਲਈ, ਬਦਲੇ ਦੀ ਭਾਵਨਾ ਪੈਦਾ ਕਰਦੇ ਹਨ, ਆਪਸੀ ਟਕਰਾਅ ਦੀ ਸਥਿਤੀ ਪੈਦਾ ਕਰਦੇ ਹਨ। ਦੇਸ਼ ਭਾਰਤ ਨੇ ਇਹੋ-ਜਿਹੇ ਅਨੇਕਾਂ ਮੌਕੇ ਵੇਖੇ ਹਨ। '47 ਇਹੋ-ਜਿਹੇ ਦਰਦਨਾਕ ਕਾਰਿਆਂ ਦੀ ਸ਼ਰਮਨਾਕ ਦਾਸਤਾਨ ਬਣੀ।

ਵਿਗੜੀ ਮਾਨਸਿਕਤਾ ਵਾਲੇ ਨੇਤਾਵਾਂ ਨੇ ਦੇਸ਼ ਵਿੱਚ ਫਿਰਕੂ ਅਤੇ ਧਾਰਮਿਕ ਨਫ਼ਰਤ ਵਧਾਈ ਹੈ। ਉੱਤਰ ਪ੍ਰਦੇਸ਼ ਦੀ ਭਾਜਪਾ ਵਿਧਾਇਕ ਕਹਿੰਦੀ ਹੈ, "ਮੁਸਲਮਾਨਾਂ ਲਈ ਹਸਪਤਾਲਾਂ 'ਚ ਵੱਖਰੇ ਕਾਰਡ ਬਣਾਓ।" ਮਹਾਰਾਸ਼ਟਰ ਦਾ ਇੱਕ ਮੰਤਰੀ ਨਿਤੇਸ਼ ਰਾਏ ਮਹਾਰਾਸ਼ਟਰ 'ਚ ਹਿੰਦੂਆਂ ਅਤੇ ਮੁਸਲਮਾਨਾਂ ਲਈ ਵੱਖ-ਵੱਖ ਮਟਨ ਦੀਆਂ ਦੁਕਾਨਾਂ ਬਣਾਉਣ ਦੀ ਘੋਸ਼ਣਾ ਕਰਦਾ ਹੈ। ਕੀ ਇਹੋ-ਜਿਹੀਆਂ ਗੱਲਾਂ ਦੇਸ਼ ਦਾ ਸਮਾਜਿਕ ਅਤੇ ਕੌਮੀ ਮਾਹੌਲ ਜ਼ਹਿਰੀਲਾ ਨਹੀਂ ਕਰ ਰਹੀਆਂ?

ਦੇਸ਼ ਦੀ ਆਜ਼ਾਦੀ ਲਈ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਇਕੱਠਿਆਂ ਲੜਾਈ ਲੜੀ। ਬਲੀਦਾਨ ਦਿੱਤਾ। ਭਾਰਤ ਦੀ ਆਜ਼ਾਦੀ 'ਚ ਕਈ ਮੁਸਲਿਮ ਕ੍ਰਾਂਤੀਕਾਰੀ ਫਾਂਸੀ 'ਤੇ ਚੜ੍ਹੇ ਸਨ ਅਤੇ ਕਈ ਮੁਸਲਿਮ ਸੁਤੰਤਰਤਾ ਸੈਨਾਨੀ "ਅੰਡੇਮਾਨ" ਦੇ ਕਾਲੇ ਪਾਣੀ ਦੀ ਸਜ਼ਾ ਭੁਗਤਦਿਆਂ ਉਥੇ ਹੀ ਮਰ ਗਏ। ਉਹਨਾਂ ਦਾ ਯੋਗਦਾਨ ਦੇਸ਼ ਨਿਰਮਾਣ ਪ੍ਰਤੀ ਨਕਾਰਿਆ ਨਹੀਂ ਜਾ ਸਕਦਾ, ਪਰ ਸਥਿਤੀਆਂ ਦੇਸ਼ ਵਿੱਚ ਇਹੋ-ਜਿਹੀਆਂ ਪੈਦਾ ਹੋ ਕੀਤੀਆਂ ਜਾ ਰਹੀਆਂ ਹਨ ਕਿ ਵੱਡਾ ਯੋਗਦਾਨ ਦੇਣ ਵਾਲੇ ਇਹ ਲੋਕ ਹੀਣ ਭਾਵਨਾ ਦਾ ਸ਼ਿਕਾਰ ਹੋ ਰਹੇ ਹਨ ਅਤੇ ਇਹ ਸਭ ਕੁਝ ਉਸ ਦੇਸ਼ ਵਿੱਚ ਹੋ ਰਿਹਾ ਹੈ, ਜਿਸ ਦੇਸ਼ ਵਿੱਚ ਦੇਸ਼ ਦੇ ਸੰਵਿਧਾਨ ਅਨੁਸਾਰ ਸਭ ਲਈ ਬਰਾਬਰ ਦੇ ਅਧਿਕਾਰ ਮਿਲੇ ਹੋਏ ਹਨ। ਜਿਸ ਦੇਸ਼ ਦਾ ਸੰਵਿਧਾਨ ਹਰ ਧਰਮ ਨੂੰ ਬਰਾਬਰ ਸਮਝਦਾ ਹੈ। ਦੇਸ਼ ਜਿਹੜਾ ਗਣਤੰਤਰ ਹੈ, ਧਰਮ ਨਿਰਪੱਖ ਹੈ।

ਪ ਰ ਪਿਛਲੇ ਕੁਝ ਸਾਲਾਂ ਤੋਂ ਦੇਸ਼ ਦੀ ਧਰਮ ਨਿਰਪੱਖਤਾ ਦੀਆਂ ਧੱਜੀਆਂ ਉਡਾਈਆਂ ਗਈਆਂ।

ਮਸਜਿਦਾਂ ਹੇਠ ਮੰਦਰ ਖੰਗਾਲੇ ਗਏ। ਅਯੋਧਿਆ ਮੰਦਰਾਂ ਦੀ ਉਸਾਰੀ ਅਤੇ ਵਿਸ਼ੇਸ਼ ਧਰਮਿਕ ਉਤਸਵਾਂ 'ਚ ਦੇਸ਼ ਦੇ ਕਾਰਜਕਾਰੀ ਮੁਖੀ ਨੇ ਵਿਸ਼ੇਸ਼ ਭੂਮਿਕਾ ਨਿਭਾਈ, ਜੋ ਦੇਸ਼-ਵਿਦੇਸ਼ 'ਚ ਵੱਡੀ ਚਰਚਾ ਦਾ ਵਿਸ਼ਾ ਰਹੀ।

ਜਿਹਨਾਂ ਰਾਹਾਂ 'ਤੇ ਅੱਜ ਭਾਜਪਾ ਨੇਤਾ ਤੁਰ ਰਹੇ ਹਨ, ਕਦੇ ਕਾਂਗਰਸ ਦੀ ਇੰਦਰਾ ਗਾਂਧੀ ਨੇ ਸਿਆਸੀ ਲਾਭ ਲਈ, ਹਰ ਧਰਮ ਦੇ ਲੋਕਾਂ ਦੀ ਆਸਥਾ ਨੂੰ ਵਰਤ ਕੇ, ਵੋਟਾਂ ਲੈਣ ਦੀ ਖੇਡ ਖੇਡੀ। ਇਹੋ ਖੇਡ ਕਾਂਗਰਸ ਪਾਰਟੀ ਕਰਨਾਟਕ ਵਿੱਚ ਘੱਟ ਗਿਣਤੀਆਂ ਨੂੰ ਰਿਜ਼ਰਵੇਸ਼ਨ ਦੇਣ ਦਾ ਫ਼ੈਸਲਾ ਕਰਕੇ ਖੇਡ ਰਹੀ ਹੈ।

ਦੇਸ਼ ਵਿੱਚ ਇੱਕ ਪਾਸੇ ਕੱਟੜਪੰਥੀ ਮੁਸਲਮਾਨ ਹਨ, ਦੂਜੇ ਪਾਸੇ ਕੱਟੜਵਾਦੀ ਹਿੰਦੂ ਹਨ। ਦੋਵਾਂ ਦੀ ਸੋਚ ਸੌੜੀ ਹੈ। ਦੋਵਾਂ ਪਾਸੇ ਔਰੰਗਜ਼ੇਬੀ ਸੋਚ ਵਾਲਿਆਂ ਦੀ ਕਮੀ ਨਹੀਂ ਹੈ। ਪਰ ਜਿਸ ਢੰਗ ਨਾਲ ਦੇਸ਼ ਦੀ ਇਸ ਵੇਲੇ ਦੀ ਹਕੂਮਤ ਅਤੇ ਕੁਝ ਹੋਰ ਸਿਆਸਤਦਾਨ ਫਿਰਕੂ ਭਾਵਨਾਵਾਂ ਭੜਕਾਉਣ ਵਾਲੀ ਗੰਦੀ ਖੇਡ ਖੇਡ ਕੇ ਦੇਸ਼ ਨੂੰ ਬਰਬਾਦ ਕਰਨ ਦੇ ਰਸਤੇ 'ਤੇ ਪਾ ਰਹੇ ਹਨ, ਇਹ ਤਾਲਿਬਾਨੀ ਸੋਚ ਹੈ। ਇਹ ਔਰੰਗਜ਼ੇਬੀ ਸੋਚ ਹੈ। ਇਹ ਸੋਚ ਕਦਾਚਿਤ ਵੀ ਦੇਸ਼ ਹਿੱਤ ਵਿੱਚ ਨਹੀਂ ਹੈ।

ਫਿਰਕੂਵਾਦ ਦੀ ਅੱਗ ਭੈੜੀ ਹੈ।ਇਹ ਜ਼ਹਿਰੀਲੀ ਨਫ਼ਰਤ ਦੀ ਉਪਜ ਹੈ। ਦਰਅਸਲ ਜਦੋਂ ਮਨੁੱਖ ਦੇ ਅੰਦਰ ਸ਼ੈਤਾਨ ਜਾਗ ਜਾਂਦਾ ਹੈ ਤਾਂ ਉਸਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਕਿਸ ਨੂੰ ਬੇਰਹਿਮੀ ਨਾਲ ਮਾਰ ਰਿਹਾ ਹੈ। ਵੋਟਾਂ ਦੀ ਰਾਜਨੀਤੀ ਵੀ ਬੇਰਹਿਮੀ ਨਾਲ ਦੂਜੀ ਧਿਰ ਨੂੰ ਮਾਰਨ ਦਾ ਰਾਹ ਬਣਦੀ ਜਾ ਰਹੀ ਹੈ। ਇਸੇ ਕਰਕੇ ਔਰੰਗਜ਼ੇਬੀ ਸੋਚ ਵਧ-ਫੁੱਲ ਰਹੀ ਹੈ। ਭਾਰਤ ਵਿੱਚ ਸਿਆਸਤਦਾਨਾਂ ਇਸ ਵੱਡੇ ਹਥਿਆਰ ਦੀ ਵਰਤੋਂ ਖੁੱਲ੍ਹ ਕੇ ਕਰਨ 'ਚ ਕੋਈ ਸੰਕੋਚ ਨਹੀਂ ਕਰ ਰਹੇ।

ਬਿਨਾਂ ਸ਼ੱਕ ਦੇਸ਼ ਦੇ ਲੋਕ ਲੋਕ ਵਿਰੋਧੀ ਸਿਆਸਤਦਾਨਾਂ, ਕੱਟੜ ਪੰਥੀਆਂ ਦੀ ਔਰੰਗਜ਼ੇਬੀ ਸੋਚ ਪ੍ਰਤੀ ਸੁਚੇਤ ਹੋ ਰਹੇ ਹਨ,ਲੋਕਾਂ ਨੂੰ ਵਰਗਲਾਉਣ ਲਈ ਵਰਤੇ ਜਾਂਦੇ ਸਿਆਸੀ ਸੰਦਾਂ ਦੀ ਵਰਤੋਂ ਪ੍ਰਤੀ ਸਮਝ ਵੀ ਵਧਾ ਰਹੇ ਹਨ, ਪਰ ਲੋਕਾਂ ਨੂੰ ਆਪਸੀ ਭਰੋਸਾ ਵਧਾਉਣ ਵਾਲੀ ਸਮਝ ਵੀ ਪੈਦਾ ਕਰਨੀ ਪਵੇਗੀ, ਤਾਂ ਕਿ ਕਬਰਾਂ 'ਚ ਪਈ ਔਰੰਗਜ਼ੇਬੀ ਸੋਚ ਉਹਨਾਂ ਨੂੰ ਪਰੇਸ਼ਾਨ ਨਾ ਕਰ ਸਕੇ।

# ਸੰਗਠਨ ਨੂੰ ਮਜਬੂਤ ਤੇ ਚੁਸਤ ਦਰੁਸਤ ਕਰਕੇ ਬਸਪਾ ਵਲੋਂ ਵਿਢੀ ਪੰਜਾਬ ਸੰਭਾਲੋ ਮੁਹਿੰਮ ਘਰ ਘਰ ਪੁਚਾਓ -ਡਾਕਟਰ ਕਰੀਮਪੁਰੀ

**ਫਿਰੋਜ਼ਪੁਰ-** ਡਰੱਗ ਮਾਫੀਆ ਦਾ ਸਫਾਇਆ ਕਰਨਾ ਭੈਅ ਮੁਕਤ, ਨਸ਼ਾ ਮੁਕਤ, ਪੰਜਾਬ ਦਾ ਉਜਾੜਾ ਰੋਕਣਾ ਅਤੇ ਨੌਜਵਾਨਾਂ ਦੇ ਰੁਜ਼ਗਾਰ ਦਾ ਪੰਜਾਬ ਦੀ ਧਰਤੀ ਤੇ ਹੀ ਪ੍ਰਬੰਧ ਕਰਨਾ ਬਹੁਜਨ ਸਮਾਜ ਪਾਰਟੀ ਦਾ ਮੁੱਖ ਏਜੰਡਾ ਹੋਵੇਗਾ। ਹੁਣ ਤੱਕ ਬਣਨ ਵਾਲੀਆਂ ਸਭ ਸਰਕਾਰਾਂ ਨੇ ਪੰਜਾਬ ਨੂੰ ਬਰਬਾਦੀ ਦੇ ਕੰਢੇ ਤੇ ਲਿਆ ਖੜ੍ਹਾ ਕੀਤਾ ਹੈ। ਪੰਜਾਬ ਬਹੁਜਨ ਸਮਾਜ ਪਾਰਟੀ ਵੱਲੋਂ ਬਾਮਸੇਫ, ਡੀ ਐਸ ਫੋਰ ਤੇ ਬਸਪਾ ਦੇ ਮੋਢੀ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਹਾੜੇ ਨੂੰ ਸਮਰਪਣ ਅਤੇ ਸੰਕਲਪ ਦਿਵਸ ਵਜੋਂ ਫਗਵਾੜਾ ਦੀ ਅਨਾਜ ਮੰਡੀ ਵਿਖੇ ਵਿਸ਼ਾਲ ਰੈਲੀ ਦੇ ਰੂਪ ਵਿੱਚ ਮਨਾ ਕੇ ਪੰਜਾਬ ਸੰਭਾਲੋ ਮੁਹਿੰਮ ਦਾ ਆਗਾਜ਼ ਕਰ ਦਿੱਤਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਫਿਰੋਜਪੁਰ ਜ਼ੋਨ ਦੇ ਬਸਪਾ ਵਰਕਰਾਂ ਦੀ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਹੇ। ਡਾਕਟਰ ਕਰੀਮਪੁਰੀ ਨੇ ਫਗਵਾੜਾ ਰੈਲੀ ਦੀ ਇਤਿਹਾਸਿਕ ਸਫਲਤਾ ਲਈ ਸਮੂਹ ਵਰਕਰਾਂ ਤੇ ਆਗੂਆਂ ਨੂੰ ਵਧਾਈ ਦਿੰਦਿਆਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਕੁਦਰਤ ਵੱਲੋਂ ਉਸ ਦਿਨ ਬਰਸਾਏ ਲਗਾਤਾਰ ਮੀਹ ਦੇ ਬਾਵਜੂਦ ਵੱਡੀ ਪੱਧਰ ਤੇ ਇਕੱਠੇ ਹੋ ਕੇ ਵਰ੍ਹਦੇ ਮੀਂਹ ਵਿੱਚ ਡਟੇ ਰਹੇ ਅਤੇ ਕੁਦਰਤ ਦੇ ਪਾਏ ਇਮਤਿਹਾਨ ਵਿੱਚੋਂ ਵੀ ਪਾਸ ਹੋਏ। ਉਹਨਾਂ ਨੇ ਆਖਿਆ ਕਿ ਅਜੋਕਾ ਸ਼ਾਸਕ ਵਰਗ ਬਹੁਜਨ ਸਮਾਜ ਨੂੰ ਭਿਖਾਰੀ ਬਣਾ ਕੇ ਰੱਖਣ ਦੀ ਨੀਤੀ ਤੇ ਚੱਲ ਰਿਹਾ ਹੈ, ਜਦਕਿ ਬਹੁਜਨ ਸਮਾਜ ਪਾਰਟੀ ਛੋਟੀ ਮੋਟੀ ਰਾਹਤ ਦੀ ਬਜਾਏ ਸਮਾਜ ਨੂੰ ਰਾਜਭਾਗ ਲਈ ਤਿਆਰ ਕਰ ਰਹੀ ਹੈ। ਅੱਜ ਜਦੋਂ ਪੰਜਾਬ ਤਬਾਹੀ ਦੇ ਇੱਕ ਕਗਾਰ ਤੇ ਖੜ੍ਹਾ ਕਰ ਦਿੱਤਾ ਗਿਆ ਹੈ ਬਹੁਜਨ ਸਮਾਜ ਪਾਰਟੀ ਵੱਲੋਂ ਪੰਜਾਬ ਦੇ ਹਰ ਵਰਗ ਦੇ ਲੋਕਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਉਹਨਾਂ ਵੱਲੋਂ ਲੰਬਾ ਸਮਾਂ ਕਾਂਗਰਸ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਗੱਠਜੋੜ ਦੀ ਸਰਕਾਰ ਅਤੇ ਹੁਣ ਬਦਲਾ ਦੇ ਨਾਂ ਤੇ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਦੇਖਿਆ ਹੈ। ਇਨ੍ਹਾਂ ਸਰਕਾਰਾਂ ਦੇ ਰਾਜਕਾਲ ਦੌਰਾਨ ਪੰਜਾਬ ਸਿਰ ਤਿੰਨ ਲੱਖ 74 ਹਜਾਰ ਕਰੋੜ ਦਾ ਕਰਜਾ ਚੜ੍ਹ ਚੁੱਕਾ ਹੈ ਤਿੰਨ ਸਾਲ ਪਹਿਲਾਂ ਪੰਜਾਬ ਸਿਰ 2 ਲੱਖ 89 ਹਜਾਰ ਕਰੋੜ ਦਾ ਕਰਜ਼ਾ ਸੀ। ਆਮ ਆਦਮੀ ਪਾਰਟੀ ਦੇ ਮੁਖੀ ਸ੍ਰੀ ਅਰਵਿੰਦ



ਕੇਜਰੀਵਾਲ ਵੱਲੋਂ ਗਰੰਟੀ ਦਿੰਦਿਆਂ ਕਿਹਾ ਗਿਆ ਸੀ ਕਿ ਉਹ ਮੌਕਾ ਮਿਲਦਿਆਂ ਹੀ ਪੰਜਾਬ ਨੂੰ ਕਰਜ਼ਾ ਮੁਕਤ ਕਰ ਦੇਣਗੇ ਪ੍ਰੰਤੂ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ ਉਪਰੰਤ ਘਟਣ ਦੀ ਥਾਂ ਪੰਜਾਬ ਸਿਰ 95 ਹਜਾਰ ਕਰੋੜ ਦਾ ਹੋਰ ਕਰਜਾ ਚੜ੍ਹ ਗਿਆ, ਜਿਸ ਦਾ ਪੰਜਾਬ ਸਰਕਾਰ 42 ਹਜਾਰ ਕਰੋੜ ਵਿਆਜ ਦਾ ਭੁਗਤਾਨ ਕਰਦੀ ਹੈ।

ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਤਿੰਨ ਮਹੀਨਿਆਂ ਵਿੱਚ ਡਰੱਗ ਮਾਫੀਆ ਤੇ ਨਕੇਲ ਕੱਸ ਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਗਰੰਟੀ ਦਿੱਤੀ ਸੀ। ਤਿੰਨ ਸਾਲ ਬਾਅਦ ਜਦੋਂ ਬਹੁਜਨ ਸਮਾਜ ਪਾਰਟੀ ਵੱਲੋਂ ਪੰਜਾਬ ਨੂੰ ਨਸਾ ਮੁਕਤ ਕਰਨ ਲਈ ਮੁਹਿੰਮ ਦਾ ਆਗਾਜ਼ ਕੀਤਾ ਹੈ ਤਾਂ ਸਰਕਾਰ ਦੀ ਨੀਂਦ ਖੁੱਲ੍ਹੀ ਹੈ ਅਤੇ ਉਹ ਛੋਟੇ ਮੋਟੇ ਨਸੇੜੀਆਂ ਨੂੰ ਜੇਲ੍ਹਾਂ ਵਿੱਚ ਸੁੱਟਣ ਦਾ ਡਰਾਮਾ ਕਰਕੇ ਪੰਜਾਬੀਆਂ ਦੀਆਂ ਅੱਖਾਂ ਵਿੱਚ ਘੱਟਾ ਪਾ ਰਹੀ ਹੈ। ਜਦੋਂ ਕਿ ਵੱਡੇ ਮਗਰਮੱਛਾਂ ਨੂੰ ਹੱਥ ਨਹੀਂ ਪਾਇਆ ਜਾ ਰਿਹਾ ਉਲਟਾ ਸਰਕਾਰ ਨੇ ਨਸ਼ਿਆਂ ਦੀ ਹੋਮ ਡਿਲੀਵਰੀ ਦਾ ਪ੍ਰਬੰਧ ਕਰ ਰੱਖਿਆ ਹੈ ਇੱਥੋਂ ਤੱਕ ਕਿ ਜੇਲ੍ਹਾਂ ਵਿੱਚ ਵੀ ਨਸ਼ਿਆਂ ਦੀ ਡਿਲੀਵਰੀ ਆਮ ਗੱਲ ਹੈ ਜੋ ਸਰਕਾਰ ਦੀ ਸਰਪ੍ਰਸਤੀ ਹੇਠ ਪੁਲਿਸ ਤੰਤਰ ਵੱਲੋਂ ਸ਼ਰੇਆਮ ਕੀਤੀ ਜਾ ਰਹੀ ਹੈ।

ਪੰਜਾਬ ਅੰਦਰ ਸਿੱਖਿਆ ਦਾ ਮਿਆਰ ਦਿਨੋਂ ਦਿਨ ਡਿੱਗ ਰਿਹਾ ਹੈ, ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ, ਸਕੂਲ ਮੁਖੀਆਂ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਪਈਆਂ ਹਨ ਜਿਸ ਨਾਲ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਗਰੀਬ ਬੱਚਿਆਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਆਮ ਆਦਮੀ ਪਾਰਟੀ ਦਾ ਦਿੱਲੀ ਮਾਡਲ ਬੁਰੀ ਤਰ੍ਹਾਂ ਤਹਿਸ਼ ਨਹਿਸ਼ ਹੋ ਚੁੱਕਾ ਹੈ ਜਿਸ ਦੀ ਬਦੌਲਤ ਉਹਨਾਂ ਨੂੰ ਦਿੱਲੀ ਦੀ ਸਤਾ ਤੋਂ ਹੱਥ ਧੋਣੇ ਪਏ। ਸਿਹਤ ਸੇਵਾਵਾਂ ਦਾ ਜ਼ਿਕਰ ਕਰਦਿਆਂ ਡਾਕਟਰ ਕਰੀਮਪੁਰੀ ਜੀ ਨੇ ਆਖਿਆ ਆਖਿਆ ਕਿ ਸਰਕਾਰੀ ਹਸਪਤਾਲ ਵਿੱਚ ਦਾਖਲ ਹੁੰਦਿਆਂ ਹੀ ਮਰੀਜ਼ ਨੂੰ ਤੁਰੰਤ ਅੱਗੇ ਰੈਫਰ ਕਰ ਦਿੱਤਾ ਜਾਂਦਾ ਹੈ ਕਿਉਂਕਿ ਸਰਕਾਰੀ ਹਸਪਤਾਲਾਂ ਵਿੱਚ ਲੋੜੀਦਾ ਪ੍ਰਬੰਧ ਹੀ ਨਹੀਂ ਹੁੰਦਾ। ਅੱਜ ਪੰਜਾਬ ਅੰਦਰ ਲਾ ਐਂਡ ਆਰਡਰ ਦੀ ਸਥਿਤੀ ਬਹੁਤ ਖਰਾਬ ਹੈ, ਦਿਨ ਦਿਹਾੜੇ ਚੋਰੀਆਂ, ਡਕੈਤੀਆਂ, ਸਨੈਚਿੰਗ, ਫਰੌਤੀਆਂ ਅਤੇ ਕਤਲੋਗਾਰ ਵਧਦੀ ਜਾ ਰਹੀ ਹੈ। ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਲੋਕਾਂ ਦੀ ਜਾਨ ਮਾਲ ਸੁਰੱਖਿਅਤ ਨਹੀਂ ਹਰ ਵਰਗ ਦੇ ਲੋਕ ਆਪਣੇ ਹੱਕਾਂ ਦੀ ਪ੍ਰਾਪਤੀ ਹਿੱਤ ਧਰਨੇ ਮੁਜਾਹਰੇ ਕਰਨ ਤੇ ਮਜ਼ਬੂਰ ਹਨ, ਗਰੀਬ ਲੋਕਾਂ ਦੀ ਨਾ ਸਿਰਫ ਥਾਣਿਆਂ ਵਿੱਚ ਹੀ ਕੁੱਟਮਾਰ ਹੁੰਦੀ ਹੈ ਬਲਕਿ ਧਨਾਢਾਂ ਵੱਲੋਂ ਪੁਲਿਸ ਤੰਤਰ ਨਾਲ ਮਿਲ ਕੇ ਚੰਦ ਭਾਨ ਵਰਗੇ ਕਾਂਡ ਕਰਵਾਏ ਜਾਂਦੇ ਹਨ, ਕਿਸਾਨਾਂ ਨੂੰ ਸ਼ੰਭੂ ਅਤੇ ਖਨੌਰੀ ਬਾਰਡਰ ਤੇ ਸ਼ਾਂਤਮਈ ਧਰਨੇ ਤੇ ਬੈਠਿਆਂ ਨੂੰ ਪੁਲਿਸ ਤੰਤਰ ਦੀ ਮਦਦ ਨਾਲਜਿਵੇਂ ਖਦੇੜਿਆ ਗਿਆ ਉਹ ਨਿੰਦਣਯੋਗ ਹੈ। ਬੇਰੁਜ਼ਗਾਰ ਨੌਜਵਾਨਾਂ ਦੀ ਗਿੱਦੜ ਕੁੱਟ ਕੀਤੀ ਜਾ ਰਹੀ ਹੈ। ਇਸ ਲਈ ਪੰਜਾਬ ਦੇ ਹਰ ਵਰਗ ਦੇ ਦੁਖੀ ਲੋਕਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਉਹ ਇੱਕ ਵਾਰ ਬਹੁਜਨ ਸਮਾਜ ਪਾਰਟੀ ਨੂੰ ਪੰਜਾਬ ਦੀ ਵਾਗਡੋਰ ਸੰਭਾਲਣ ਦਾ ਮੌਕਾ ਦੇਣ ਤਾਂ ਕਿ ਉਤਰ ਪਰਦੇਸ਼ ਵਾਂਗ ਭੈਣ ਕੁਮਾਰੀ ਮਾਇਆਵਤੀ ਵਰਗਾ ਰਾਜਭਾਗ ਹਰ ਵਰਗ ਦੇ ਭਲੇ ਵਾਲਾ ਦਿੱਤਾ ਜਾ ਸਕੇ। ਡਾਕਟਰ ਕਰੀਮਪੁਰੀ ਜੀ ਨੇ ਬਹੁਜਨ ਸਮਾਜ ਪਾਰਟੀ ਦੇ ਵਰਕਰਾਂ ਨੂੰ ਸੰਗਠਨ ਨੂੰ ਮਜਬੂਤ ਕਰਕੇ ਚੁਸਤ ਦਰੁਸਤ ਬਣਾਉਣ ਲਈ ਆਖਿਆ ਅਤੇ ਇੱਕ ਜੁੱਟ ਹੋ ਕੇ ਬਹੁਜਨ ਸਮਾਜ ਪਾਰਟੀ ਵੱਲੋਂ ਵਿੱਢੀ ਪੰਜਾਬ ਸੰਭਾਲੋ ਮੁਹਿੰਮ ਨੂੰ ਪਿੰਡ ਪਿੰਡ, ਘਰ ਘਰ ਲਿਜਾਣ ਦਾ ਸੱਦਾ ਦਿੱਤਾ। ਇਸ ਮੌਕੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਆਗੂ ਅਤੇ ਫਿਰੋਜ਼ਪੁਰ ਜ਼ੋਨ ਦੇ ਇੰਚਾਰਜ ਸਰਦਾਰ ਲਾਲ ਸਿੰਘ ਸੁਲਹਾਣੀ ਵਲੋਂ ਸੰਖੇਪ ਤੇ ਭਾਵਪੂਰਤ ਸਬਦਾਂ ਰਾਹੀਂ ਬਹੁਜਨ ਸਮਾਜ ਨੂੰ ਭਿਖਾਰੀ ਦੀ ਬਜਾਏ ਅਧਿਕਾਰੀ ਬਣਨ ਦਾ ਸਦਾ ਦਿਤਾ ਗਿਆ।

ਇਸ ਮੌਕੇ ਸ੍ਰੀ ਭਜਨ ਲਾਲ ਕੰਬੋਜ ਜੋਨ ਇੰਚਾਰਜ, ਸਰਦਾਰ ਬਲਵਿੰਦਰ ਸਿੰਘ ਮੱਲਵਾਲ ਤੇ ਹੋਰ ਆਗੂਆਂ ਨੇ ਆਪਣੇ ਵਿਚਾਰ ਰੱਖੇ। ਮੰਚ ਸੰਚਾਲਨ ਸ੍ਰੀ ਓਮ ਪ੍ਰਕਾਸ਼ ਸਰੋਏ ਜੋਨ ਇਨਚਾਰਜ ਫਿਰੋਜਪੁਰ ਨੇ ਕੀਤਾ। ਮਿਸ਼ਨਰੀ ਗਾਇਕ ਸ਼੍ਰੀ ਹਾਕਮ ਸਿੰਘ ਪੰਛੀ ਨੇ ਮਿਸ਼ਨਰੀ ਗੀਤ ਰਾਹੀਂ ਵਰਕਰਾਂ ਨੂੰ ਜਾਗਰੂਕ ਕੀਤਾ। ਇੰਜਨੀਅਰ ਗਿਆਨ ਚੰਦ ਜ਼ਿਲ੍ਹਾ ਪ੍ਰਧਾਨ ਫਾਜ਼ਲਿਕਾ ਆਪਣੀ ਟੀਮ ਸਮੇਤ ਹਾਜ਼ਰ ਸਨ। ਸ੍ਰੀ ਅਸ਼ੋਕ ਕੁਮਾਰ ਜਨਰਲ ਸਕੱਤਰ ਬਸਪਾ ਫਿਰੋਜਪੁਰ ਨੇ ਆਏ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ।

# ਆਮ ਆਦਮੀ ਪਾਰਟੀ ਸਮੇਤ ਸ੍ਰੀ ਕੇਜਰੀਵਾਲ ਦੀਆਂ ਹਾਰੀਆਂ ਫੌਜਾਂ ਦਾ ਪੰਜਾਬ ਵਿੱਚ ਡੇਰਾ

ਦਿੱਲੀ ਵਿੱਚ ਕੁਝ ਦਹਾਕੇ ਰਾਜ ਕਰਨ ਵਾਲੀ ਆਮ ਆਦਮੀ ਪਾਰਟੀ ਜਿਹੜੀ 70 ਵਿਧਾਨ ਸਭਾ ਦੀਆ ਸੀਟਾਂ ਵਿੱਚੋਂ ਕਰਮਵਾਰ 67 ਤੇ 63 ਸੀਟਾਂ ਜਿੱਤਦੀ ਰਹੀ ਦੇ ਸ਼ਾਇਦ ਚਿੱਤ ਚੇਤੇ ਵੀ ਨਾ ਹੋਵੇ ਕਿ 2025 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਇਸ ਤਰਾਂ ਦੀ ਮਾੜੀ ਹਾਲਤ ਉਨਾਂ ਦੀ ਹੋ ਜਾਵੇਗੀ ਕਿ ਉਸ ਪਾਰਟੀ ਦੇ ਸੁਪਰੀਮੋ ਤੇ ਮੁੱਖ ਮੰਤਰੀ ਸ੍ਰੀ ਕੇਜਰੀਵਾਲ, ਉੱਪ ਮੁਖ ਮੰਤਰੀ ਸ੍ਰੀ ਮੁਨੀਸ਼ ਸਿਸੋਦੀਆ ਸਮੇਤ ਹੋਰ ਵੱਡੀਆ ਤੋਪਾਂ ਨੂੰ ਵੀ ਦਿੱਲੀ ਦੇ ਲੋਕਾਂ ਚੋਣਾਂ ਵਿੱਚ ਇਸ ਤਰਾਂ ਬੜੀ ਬੁਰੀ ਤਰਾਂ ਹਰਾ ਕੇ ਮੂਧੜੇ ਮੂੰਹ ਸੁੱਟ ਦੇਣਗੇ ।ਆਮ ਆਦਮੀ ਪਾਰਟੀ ਦੀਆਂ ਹਾਰੀਆਂ ਹੋਈਆਂ ਇਹ ਸਾਰੀਆਂ ਫੌਜਾਂ ਹੁਣ ਪੰਜਾਬ ਦਾ ਬੇੜਾ ਗਰਕ ਕਰਨ ਲਈ ਪੰਜਾਬ ਵਿੱਚ ਪੁੱਜ ਗਈਆਂ ਹਨ। ਇਨਾਂ ਨੇ ਪੰਜਾਬ ਵਿੱਚ ਡੇਰੇ ਲਗਾ ਕੇ ਪੰਜਾਬ ਦੇ ਲੋਕਾਂ ਨੂੰ ਅਗਾਊਂ ਇਹ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਹਨ ਕਿ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਇਥੋਂ ਦੇ ਵਾਸੀ ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਤੇ ਉਸ ਦੀ ਬਾਕੀ ਦੀ ਲੀਡਰਸ਼ਿਪ ਜਿਹੜੀ ਪਹਿਲਾਂ ਹੀ ਦਿੱਲੀ ਦੀ ਮੁੱਖ ਲੀਡਰਸ਼ਿਪ ਵਾਲਿਆਂ ਦੀ ਭਾਰੀ ਦੱਖਲ ਅੰਦਾਜੀ ਕਾਰਨ ਦੁੱਖੀ ਹੈ ਕਿ ਪੰਜਾਬ ਨੂੰ ਅਜਾਦਾਨਾ ਤੌਰ ਤੇ ਕੰਮ ਕਰਨ ਹੀ ਨਹੀਂ ਦਿੱਤਾ ਜਾ ਰਿਹਾ। ਜਿਸ ਕਾਰਨ ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਉਨਾਂ ਪ੍ਰਤੀ ਵਕਾਰ ਵੀ ਦਿਨੋ ਦਿਨ ਬੜੀ ਤੇਜੀ ਨਾਲ ਡਿੱਗ ਰਿਹਾ ਹੈ। ਦਿੱਲੀ ਦੀ ਲੀਡਰਸ਼ਿਪ ਪੰਜਾਬ ਦੇ ਲੋਕਾਂ ਨੂੰ ਇਹ ਪ੍ਰਭਾਵ ਦੇਂਦੀ ਆ ਰਹੀ ਹੈ ਜਿਵੇਂ ਪੰਜਾਬ ਵਿੱਚ ਕੋਈ ਸੂਝਵਾਨ ਤੇ ਸਿਆਣਾ ਇਨਸਾਨ ਹੀ ਨਹੀਂ ਹੈ ਜੋ ਪੰਜਾਬ ਨੂੰ ਸੁੱਚਜੇ ਢੰਗ ਨਾਲ ਚਲਾ ਸਕਦਾ ਹੋਵੇ ਜੋ ਕਿ ਦਿੱਲੀ ਦੀ ਆਮ ਆਦਮੀ ਪਾਰਟੀ ਦੇ ਲੀਡਰਾਂ ਨੂੰ ਭਾਰੀ ਭੁਲੇਖਾ ਹੈ ।ਉਸ ਨੂੰ ਯਾਦ ਰੱਖਣਾ ਹੋਵੇਗਾ ਕਿ ਸੰਸਾਰ ਭਰ ਵਿੱਚ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਬਹੁਤ ਸਾਰੇ ਪੰਜਾਬੀ ਹਨ ਜਿਨਾਂ ਦਾ ਲੋਹਾ ਸੰਸਾਰ ਦੇ ਲੋਕ ਮੰਨਦੇ ਵੀ ਹਨ। ਇਸ ਸਮੇਂ ਸੰਸਾਰ ਬੈਂਕ ਦਾ ਚੇਅਰਮੈਨ ਵੀ ਪੰਜਾਬੀ ਸ੍ਰ ਅਜੈਪਾਲ ਸਿੰਘ ਬੰਗਾ ਹੀ ਹੈ। ਜਿਨਾਂ ਚਿਰ ਸ੍ਰੀ ਕੇਜਰੀਵਾਲ ਆਪਣੇ ਆਗੂ ਪੰਜਾਬ ਦੇ ਸਿਰ ਤੇ ਥੋਪਦੇ ਰਹੇ ਪੰਜਾਬ ਦੇ ਲੋਕਾਂ ਨੂੰ ਚਾਹੇ 2012 ਦੀਆਂ ਚੋਣਾਂ ਸਨ ਜਾਂ ਫਿਰ 2017 ਦੀਆ ਚੋਣਾਂ ਸਨ ਇਨਾਂ ਆਗੂਆਂ ਨੂੰ ਪੰਜਾਬੀਆਂ ਨੇ ਮੂੰਹ ਨਹੀਂ ਸੀ ਲਗਾਇਆ। 2022 ਵਿੱਚ ਜਦੋਂ ਦਿੱਲੀ ਵਾਲਿਆ ਦੀ ਨਾ ਚਲਦੀ ਵੇਖ ਕੇ ਉਸ ਨੂੰ ਹਾਰ ਕੇ ਪੰਜਾਬ ਵਿੱਚ ਸ੍ਰ ਭਗਵੰਤ ਸਿੰਘ ਮਾਨ ਨੂੰ ਪੰਜਾਬ ਦੇ ਮੁੱਖ ਮੰਤਰੀ ਦਾ ਚਿਹਰਾ ਦੇਣਾ ਪਿਆ। ਉਸ ਦਾ ਕੀ ਅਸਰ ਹੋਇਆ ਕਿ ਚੋਣਾਂ ਵਿੱਚ ਦਿੱਲੀ ਦੀ ਲੀਡਰਸ਼ਿਪ ਦੀਆਂ ਕਿਆਸ ਅਰਾਈਆਂ ਵੀ ਬੁਰੀ ਤਰਾਂ ਫੇਲ੍ਹ ਹੋ ਗਈਆਂ ਜਦੋਂ ਕਿ ਇਸ ਪਾਰਟੀ ਦੇ ਆਗੂ ਇਹ ਆਸ ਰਖਦੇ ਸਨ ਕਿ ਇਨਾਂ ਚੋਣਾਂ ਵਿੱਚ ਉਨਾਂ ਦੀ ਪਾਰਟੀ ਨੂੰ ਵੱਧ ਤੋਂ ਵੱਧ 70- 75 ਸੀਟਾਂ ਹੀ ਆ ਸਕਦੀਆਂ ਹਨ ਪਰ ਪੰਜਾਬੀਆਂ ਨੇ ਇਸ ਪਾਰਟੀ ਦੇ ਹੱਕ ਵਿੱਚ ਦਿੱਲ ਖੋਲ੍ਹ ਕੇ 92 ਸੀਟਾਂ ਦਾ ਫੱਤਵਾ ਦੇ ਦਿੱਤਾ ਜੋ ਕਿ ਇਸ ਸਮੇਂ ਵੱਧ ਕੇ 94-95 ਦਾ ਹੋ ਗਿਆ ਹੈ। ਇਸ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਇਹੋ ਜਿਹੇ ਸਬਜ ਬਾਗ ਵਿਖਾਏ ਕਿ ਲੋਕ ਇਨਾਂ ਦੀਆ ਮੋਮੋਠੱਗਣੀਆਂ ਗੱਲਾਂ ਵਿੱਚ ਆ ਗਏ ਜਿਹੜੇ ਵੀ ਇਨਾਂ ਨੇ ਨਾਹਰੇ ਲਗਾਏ ਕਿ ਸਾਨੂੰ ਦੇਸ਼ ਦੀ ਵਾਂਗ ਡੋਰ ਸੰਭਾਲੋ ਅਸੀਂ ਦੇਸ਼ ਵਿੱਚੋਂ ਵੀ.ਆਈ .ਪੀ. ਕਲਚਰ ਮੁਕੰਮਲ ਤੌਰਤੇ ਖਤਮ ਕਰਾਂਗੇ, ਭ੍ਰਿਸਟਾਚਾਰ, ਭਾਈ ਭਤੀਜਾਵਾਦ ਦਾ ਨਾਮੋ ਨਿਸ਼ਾਨ ਮਿਟਾ ਕੇ ਪੰਜਾਬੀਆਂ ਨੂੰ ਸਾਫ ਸੁਥਰਾ ਰਾਜ ਪ੍ਰਬੰਧ ਦਿਆਂਗੇ। ਸਾਰੇ ਦੇਸ਼ ਵਿੱਚ ਜੇਕਰ ਇਨਾਂ ਦੀਆਂ ਗੱਲਾਂ ਤੇ ਵਿਸ਼ਵਾਸ਼ ਕੀਤਾ ਸੀ ਤਾਂ ਉਹ ਪਹਿਲਾਂ ਦਿੱਲੀ ਤੇ ਬਾਅਦ ਵਿੱਚ ਪੰਜਾਬ ਸੀ । ਬਾਕੀ ਸਾਰੇ ਦੇਸ਼ ਦੇ ਵਾਸੀਆਂ ਨੇ ਇਨਾਂ ਦੀ ਵਾਤ ਨਾ ਪੁੱਛੀ। ਹੁਣ ਤਾਂ ਇਹ ਸੁੰਗੜ ਕੇ ਪੰਜਾਬ ਤਕ ਸੀਮਤ ਹੀ ਰਹਿ ਗਏ ਹਨ। ਪੰਜਾਬ ਦੇ ਲੋਕ ਸਮਝ ਗਏ ਹਨ ਕਿ ਇਹ ਪਾਰਟੀ ਵੀ ਦੂਜੀਆਂ ਰਵਾਇਤੀ ਪਾਰਟੀਆਂ ਵਰਗੀ ਹੀ ਨਹੀਂ ਰਹੀ ਬਲਕਿ ਉਸ ਤੋਂ ਵੀ ਕਈ ਰਤੀਆਂ ਅੱਗੇ ਵੱਧ



ਚੁਕੀ ਹੈ। ਪੰਜਾਬ ਦੇ ਲੋਕ ਵੇਖ ਰਹੇ ਹਨ ਕਿ ਇਨਾਂ ਦੇ ਸਮੇਂ ਵਿੱਚ ਵੀ ਆਈ ਪੀ ਕਲਚਰ ਹੋਰ ਤਰੱਕੀ ਕਰਕੇ ਵੀ. ਵੀ. ਆਈ. ਪੀ. ਕਲਚਰ ਬਣ ਚੁੱਕਾ ਹੈ।ਰਾਜਨੀਤਕ ਦੱਲ ਬਦਲੂਆਂ ਦੀ ਪ੍ਰਵਿਰਤੀ ਨੂੰ ਘਟਾਉਣ ਦੀ ਬਜਾਏ ਇਨਾਂ ਨੇ ਤਾਂ ਹੱਦ ਹੀ ਕਰ ਵਿਖਾਈ ਹੈ ਕਿਹੜੀ ਭ੍ਰਿਸ਼ਟ ਪਾਰਟੀ ਨਹੀਂ ਬਚੀ ਜਿਸ ਦਾ ਭ੍ਰਿਸ਼ਟ ਤੋਂ ਭ੍ਰਿਸ਼ਟ ਆਗੂ ਇਨਾਂ ਨੇ ਆਪਣੀ ਪਾਰਟੀ ਵਿੱਚ ਸ਼ਾਮਲ ਨਾ ਕਰਾਇਆ ਹੋਵੇ। ਪੰਜਾਬ ਦੇ ਆਗੂ ਤਾਂ ਇਹ ਡੀਂਗਾਂ ਮਾਰਦੇ ਵੀ ਸੁਣੇ ਗਏ ਸਨ ਕਿ "ਪੰਜਾਬ ਨੂੰ ਰੰਗਲਾ ਪੰਜਾਬ" ਬਣਾ ਦਿਆਂਗੇ ਕਿ ਪੰਜਾਬ ਦੇ ਨੌਜੁਆਨਾਂ ਦੀ ਬਾਹਰ ਨੌਕਰੀਆਂ ਕਰਨ ਜਾਣ ਦੀ ਬਿਰਤੀ ਨੂੰ ਖਤਮ ਕਰਕੇ ਉਨਾਂ ਨੂੰ ਪੰਜਾਬ ਵਿੱਚ ਨੌਕਰੀਆਂ ਦੇ ਏਨੇ ਮੌਕੇ ਪ੍ਰਦਾਨ ਕੀਤੇ ਜਾਣਗੇ ਕਿ ਅੰਗਰੇਜ ਤੇ ਅੰਗਰੇਜਣੀਆਂ ਨੂੰ ਪੰਜਾਬ ਵਿੱਚ ਨੌਕਰੀਆਂ ਕਰਨ ਲਈ ਆਉਣਾ ਪਵੇਗਾ। ਜਦੋਂ ਕਿ ਇਨਾਂ ਦੀ ਸਰਕਾਰ ਨੇ ਧੜਾ ਧੜ ਆਈ ਲੈਟਸ ਅਕੈਡਮੀਆਂ ਨੂੰ ਜਨਮ ਦੇ ਕੇ ਏਜੰਟਾਂ ਰਾਹੀਂ ਅਣਗਿਣਤ ਨੌਜੁਆਨਾਂ ਦੀ ਲੁੱਟ ਹੀ ਨਹੀਂ ਕਰਾਈ ਬਲਕਿ ਪੰਜਾਬ ਦੇ ਹਜਾਰਾਂ ਕਰੋੜ੍ਹ ਰੁਪਏ ਵਿਦੇਸ਼ਾਂ ਵਿੱਚ ਭਿਜਵਾਏ। ਅੱਜ ਪੰਜਾਬ ਦੇ ਲੋਕ ਸਭ ਕੁਝ ਵੇਖ ਰਹੇ ਹਨ ਕਿ ਪੰਜਾਬ ਕਿਸ ਬਰਬਾਦੀ ਦੇ ਮੁਹਾਣੇ ਤੇ ਆਣ ਖੜਾ ਹੋਇਆ ਹੈ। ਜਦੋਂ ਦਿੱਲੀ ਵਾਲਿਆਂ ਨੇ ਸ਼ੁਰੂ ਵਿੱਚ ਪੰਜਾਬ ਸਰਕਾਰ ਦੇ ਕੰਮਾਂ ਵਿੱਚ ਦੱਖਲ ਅੰਦਾਜੀ ਕਰਨੀ ਸ਼ੁਰੂ ਕੀਤੀ ਤਾਂ ਲੋਕ ਇਹ ਸੋਚਣ ਲਗ ਪਏ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦਿੱਲੀ ਵਾਲਿਆਂ ਦੇ ਵਿਰੁੱਧ ਅੱਜ ਵੀ ਬੋਲੇ ਕਿ ਕਲ ਵੀ ਬੋਲੇ। ਪਰ ਮੁੱਖ ਮੰਤਰੀ ਸ੍ਰ ਮਾਨ ਨੇ ਆਪਣਾ ਮੂੰਹ ਸੀਤੀ ਰੱਖਿਆ ਜਿਵੇਂ ਪੰਜਾਬ ਵਿੱਚ ਕੋਈ ਸਿਆਣਾ ਰਾਜਨੀਤਕ ਆਗੂ ਨਹੀਂ ਪੰਜਾਬ ਦੀ ਥਾਂ ਤੇ ਦਿੱਲੀ ਦੇ ਆਗੂਆਂ ਦੀ ਫੋਜ ਮੁੱਖ ਮੰਤਰੀ ਸਮੇਤ ਸਾਰੇ ਮੰਤਰੀਆਂ ਉੱਚ ਅਧਿਕਾਰੀਆਂ ਦੇ ਨਾਲ ਲਗਾ ਕੇ ਜਿਥੇ ਆਪਣੇ ਮਰਜੀ ਦੇ ਕੰਮ ਕਰਾ ਕੇ ਪੰਜਾਬ ਦੇ ਹੋਣ ਵਾਲੇ ਕੰਮਾਂ ਵਿੱਚ ਦੱਖਲ ਅੰਦਾਜੀ ਕੀਤੀ ਗਈ ਕਿ ਪੰਜਾਬ ਵਿੱਚ ਕੀ ਹੋ ਰਿਹਾ ਹੈ ਉਸ ਦੀ ਪਲ ਪਲ ਦੀ ਗੁਪੱਤੀ ਤੌਰ ਤੇ ਰੀਪੋਰਟ ਵੀ ਆਪਣੇ ਕੋਲ ਮੰਗਵਾਉਣ ਲਗ ਪਏ । ਇੰਝ ਕਰਕੇ ਪੰਜਾਬ ਦੇ ਸਰਕਾਰੀ ਖਜਾਨੇ ਤੇ ਸੰਨ ਲਗਾਈ ਗਈ ਹੁਣ ਤਾਂ ਹੱਦ ਉਦੋਂ ਹੋ ਗਈ ਜਦੋਂ ਹੁਣ ਸਾਰੇ ਪੰਜਾਬ ਤੇ ਦਿੱਲੀ ਵਾਲਿਆਂ ਨੇ ਡੇਰਾ ਜਮਾ ਲਿਆ ਹੈ, ਰਹਿਦੀ ਖੂੰਹਦੀ ਕਸਰ ਪੰਜਾਬ ਤੇ ਭਾਰੀ ਆਰਥਕ ਬੋਝ ਪਾ ਕੇ ਉਸ ਨੂੰ ਪੱਲ ਪੱਲ ਦਾ ਕਰਜਾਈ ਬਣਾਇਆ ਜਾ ਰਿਹਾ ਹੈ। ਸ੍ਰੀ ਕੇਜਰੀਵਾਲ ਇਹ ਭੁੱਲ ਗਏ ਹਨ ਕਿ ਪੰਜਾਬੀਆਂ ਨੂੰ ਉਨਾਂ ਦੀ ਪੰਜਾਬ ਵਿਰੋਧੀ ਚਾਲ ਦਾ ਪਤਾ ਨਹੀਂ ਲਗਣਾ ਇਹ ਉਨਾਂ ਦਾ ਵੱਡਾ ਭੁਲੇਖਾ ਹੈ। ਪੰਜਾਬ ਦੇ ਲੋਕਾਂ ਨੇ ਇਹ ਅਨੁਭਵ ਕਰ ਲਿਆ ਹੈ ਕਿ ਸ੍ਰੀ ਭਗਵੰਤ ਮਾਨ ਕੋਲੋਂ ਕੋਈ ਆਸ ਨਹੀਂ ਰੱਖੀ ਜਾ ਸਕਦੀ ਜਿਵੇਂ ਸ਼ਾਇਦ ਹਾਲਾਤ ਅਨੁਸਾਰ ਉਨਾਂ ਨੇ ਸਮਝੋਤਾ ਕਰ ਲਿਆ ਹੋਵੇ ਕਿ 'ਦੜ ਵੱਟ ਜਮਾਨਾ ਕੱਟ' ਕਿ ਮੈਂ ਕੁਝ ਕਰ ਸਕਣ ਦੇ ਸਮਰੱਥ ਨਹੀਂ ਹਾਂ ਕਿਉਂ ਕਿ 94 ਵਿਧਾਨ ਸਭਾ ਵਿੱਚੋਂ ਬਹੁਤੀ ਫੌਜ ਸ੍ਰੀ ਕੇਜਰੀਵਾਲ ਦੀ ਭਗਤ ਬਣਾਈ ਗਈ ਹੈ। ਇਹ ਕੁਝ ਕਰ ਸਕਣ ਦੇ ਸਮਰੱਥ ਨਹੀਂ ਜੇ ਮੈਂ (ਭਗਵੰਤ ਮਾਨ) ਬੋਲਿਆ ਤਾਂ ਮੇਰੀ ਛੁੱਟੀ ਕਰ ਦਿੱਤੀ ਜਾਵੇਗੀ ਕਿਉਂਕਿ ਬਤੌਰ ਮੁੱਖ ਮੰਤਰੀ ਬਣਨ ਲਈ ਹੋਰ ਬਥੇਰੀ ਫੌਜ ਤਾਕ ਵਿੱਚ ਬੈਠੀ ਹੈ। ਇਸ ਲਈ ਚੁੱਪ ਕਰਕੇ ਬਤੌਰ ਮੁੱਖ ਮੰਤਰੀ ਆਪਣੇ ਪੰਜ ਸਾਲ ਦਾ ਸਮਾਂ ਲੰਘਾਓ। ਪਰ ਕੇਜਰੀਵਾਲ ਸਾਹਿਬ ਤੇ ਉਸ ਦੀ ਬਾਕੀ ਦੀ ਆਮ ਆਦਮੀ ਪਾਰਟੀ ਦੀ ਟੀਮ ਨੂੰ ਪੰਜਾਬੀਆਂ ਦੇ ਸੁਭਾਉ ਦੀ ਸ਼ਾਇਦ ਜਾਣਕਾਰੀ ਨਹੀਂ, ਇਹ ਬਾਗੀਆਨਾ ਸੁਭਾਉ ਦੇ ਮਾਲਕ ਹਨ ਇਨਾ ਦਾ ਇਤਿਹਾਸ ਗਵਾਹ ਹੈ ਕਿ ਇਨਾ ਨੇ ਕਦੇ ਵੀ ਦਿੱਲੀ ਦੀ ਈਨ ਨਹੀਂ ਮੰਨੀ।



ਜੰਗ ਸਿੰਘ ਮਰੱਸਡ (ਅਮਰੀਕਾ)
+1 415 603 7380

ਉਹ ਤੁਹਾਡੀ ਗੁੱਝੀ ਸਾਜਿਸ਼ ਨੂੰ ਸਮਝ ਰਹੇ ਹਨ ਕਿ ਤੁਸੀ ਬੜੀ ਹੁਸ਼ਿਆਰੀ ਨਾਲ ਪੰਜਾਬ ਨੂੰ ਵੀ ਦਿੱਲੀ ਦੀ ਤਰਾਂ ਭਾਜਪਾ ਦੇ ਹਵਾਲੇ ਕਰਨਾ ਚਾਹੁੰਦੇ ਹੋ। ਪੰਜਾਬ ਦੇ ਹੀ ਨਹੀਂ ਬਲਕਿ ਦੇਸ਼ ਦੇ ਵੀ ਕਈ ਹੋਰ ਟੀ ਵੀ ਚੈਨਲ ਆਮ ਆਦਮੀ ਪਾਰਟੀ ਨੂੰ ਭਾਜਪਾ ਦੀ "ਬੀ ਟੀਮ" ਕਹਿੰਦੇ ਆ ਰਹੇ ਹਨ ਕਿ ਸ੍ਰੀ ਕੇਜਰੀਵਾਲ ਰ.ਸ.ਸ. ਦਾ ਕੱਟੜ ਆਗੂ ਹੈ। ਦੇਸ਼ ਦੇ ਲੋਕ ਇਹ ਵੀ ਜਾਣਦੇ ਹਨ ਕਿ ਸ੍ਰੀ ਕੇਜਰੀਵਾਲ 'ਹਨੂੰਮਾਨ' ਦੇ ਪੁਜਾਰੀ ਹਨ ਤੇ ਭਾਜਪਾ 'ਰਾਮ ਭਗਤ' ਹੈ ਦੋਵੇਂ "ਹਿੰਦੂ ਤਵੀ" ਹਨ ਇਕ ਵੱਡਾ ਤੇ ਇਕ ਛੋਟਾ। ਪੰਜਾਬੀ ਜਿਹੜੇ ਸ਼ੁਰੂ ਤੋਂ ਹੀ ਆਪਣੀ ਭਰਾਤਰੀ ਸਾਂਝ ਨੂੰ ਪ੍ਰਣਾਈ ਰੱਖਣ ਵਾਲੇ ਹਨ ਇਨਾਂ ਨੇ ਬਾਹਰਲੇ ਹੀ ਨਹੀਂ ਬਲਕਿ ਅੰਦਰਲੇ ਧਾੜਵੀ ਜਿਸ ਕਿਸੇ ਨੇ ਵੀ ਪੰਜਾਬੀਆਂ ਦੇ ਏਕੇ ਨੂੰ ਤੋੜਣ ਦਾ ਕੋਹਝਾ ਯਤਨ ਕੀਤਾ ਹੈ ਉਸ ਨੂੰ ਕਦੇ ਬਖਸ਼ਿਆ ਨਹੀਂ!

ਇਸ ਲਈ ਪੰਜਾਬੀ ਪੰਜਾਬ ਨੂੰ ਕਦੇ ਵੀ ਭਾਜਪਾ ਦੇ ਹਵਾਲੇ ਨਹੀਂ ਹੋਣ ਦੇਣਗੇ। ਜੇਕਰ ਸੱਚ ਮੁੱਚ ਸ੍ਰ ਭਗਵੰਤ ਸਿੰਘ ਮਾਨ ਪੰਜਾਬ ਹਿਤੈਸੀ ਹਨ ਉਨਾਂ ਨੂੰ ਪਤਾ ਲਗ ਗਿਆ ਹੋਵੇਗਾ ਕਿ ਪੰਜਾਬ ਆਮ ਆਦਮੀ ਪਾਰਟੀ ਦੇ ਹੱਥਾਂ ਵਿੱਚ ਸੁਰਖਿਅਤ ਨਹੀਂ ਜਿਹੜੀ ਬੜੀ ਚਲਾਕੀ ਵਾਲਾ ਰੋਲ ਅਦਾ ਕਰ ਰਹੀ ਹੈ ਉਸ ਤੋਂ ਪੰਜਾਬ ਨੂੰ ਬਚਾਉਣ ਲਈ ਉਨਾਂ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਈਮਾਨਦਾਰ ਆਗੂਆਂ, ਪੰਜਾਬ ਦੇ ਬੁੱਧੀ ਜੀਵੀਆਂ ਤੇ ਚਿੰਤਕਾਂ ਨੂੰ ਇਕਠਿਆਂ ਕਰਕੇ ਨਵੀਂ ਪਾਰਟੀ ਦਾ ਨਿਰਮਾਣ ਕਰਨ ਜੋ ਦਿਲੋਂ ਪੰਜਾਬ ਦੀ 'ਖੇਤਰੀ ਪਾਰਟੀ' ਦੀ ਭੂਮਿਕਾ ਨੂੰ ਨਿਭਾ ਸਕੇ। ਪੰਜਾਬ ਪਿਛਲੇ ਸਮੇਂ ਤੋਂ ਖੇਤਰੀ ਪਾਰਟੀ ਦੀ ਅਣਹੋਂਦ ਕਾਰਨ ਬਹੁਤ ਸਾਰੀਆਂ ਮੁਸ਼ਕਲਾਂ ਵਿੱਚ ਘਿਰਿਆ ਹੋਇਆ ਹੈ ਇਸ ਵੇਲੇ ਖੇਤਰੀ ਪਾਰਟੀ ਬਣਾਉਣ ਦੀ ਵੱਡੀ ਜਰੂਰਤ ਹੈ ਜੋ ਪੰਜਾਬ ਦੇ ਪਿੱਛਲੇ ਕਾਫੀ ਸਮੇਂ ਤੋਂ ਲਟੱਕ ਰਹੇ ਮਸੱਲਿਆਂ ਦਾ ਨਿਪਟਾਰਾ ਕਰਨ ਦੇ ਸਮਰੱਥ ਹੋਵੇ।

# ਕਲਾ ਅਤੇ ਭਾਸ਼ਾ ਦਾ ਸੁਮੇਲ ਮਾਸਟਰ ਚਰਨਜੀਤ ਸਿੰਘ ਗੁਰਦਿੱਤਪੁਰਾ

ਸਿੱਖਿਆ ਵਿਭਾਗ ਵਿੱਚ ਆਪਣੀ ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਚਰਨਜੀਤ ਸਿੰਘ ਗੁਰਦਿੱਤਪੁਰਾ ਆਰਟ/ਕਰਾਫਟ ਟੀਚਰ ਤੋਂ ਪ੍ਰਮੋਟ ਹੋਇਆ ਹਿੰਦੀ ਮਾਸਟਰ ਸਰਕਾਰੀ ਹਾਈ ਸਕੂਲ ਅਗੌਲ (ਨਾਭਾ) ਤੋਂ 31 ਮਾਰਚ 2025 ਨੂੰ ਸੇਵਾ ਮੁਕਤ ਹੋ ਰਿਹਾ ਹੈ। ਉਸ ਦਾ ਜਨਮ ਨਾਭਾ ਤਹਿਸੀਲ ਦੇ ਪਿੰਡ ਗੁਰਦਿੱਤਪੁਰਾ ਵਿਖੇ ਬ੍ਰਾਹਮਣ ਪਰਿਵਾਰ 'ਚ ਸਵ: ਸ੍ਰੀ ਸ਼ਿਆਮ ਲਾਲ ਦੇ ਘਰ ਮਾਤਾ ਲਾਜਵੰਤੀ ਦੀ ਕੁੱਖੋਂ 23 ਅਕਤੂਬਰ 1966 ਨੂੰ ਹੋਇਆ। ਪਰਿਵਾਰ ਦਾ ਮੁੱਖ ਕਿੱਤਾ ਖੇਤੀਬਾੜੀ ਹੋਣ ਕਾਰਨ ਬੱਚਿਆਂ ਨੇ ਕੰਬਾਇਨ ਲੈ ਕੇ ਵਢਾਈ ਦਾ ਕੰਮ ਵੀ ਸ਼ੁਰੂ ਕਰ ਲਿਆ। ਚਰਨਜੀਤ ਸਿੰਘ ਨੇ ਮੁੱਢਲੀ ਸਿੱਖਿਆ ਮਿਡਲ ਤੱਕ ਆਪਣੇ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਮੈਟ੍ਰਿਕ ਤੱਕ ਦੀ ਪੜ੍ਹਾਈ 1983 ਵਿੱਚ ਨਾਭਾ ਦੇ ਆਰੀਆ ਹਾਈ ਸਕੂ.ਲ ਤੋਂ ਪ੍ਰਾਪਤ ਕੀਤੀ। ਸਰਕਾਰੀ ਰਿਪੁਦਮਨ ਕਾਲਜ ਨਾਭਾ ਤੋਂ 10+2 ਤੱਕ ਦੀ ਪੜ੍ਹਾਈ 1987 ਵਿੱਚ ਪ੍ਰਾਪਤ ਕੀਤੀ । ਇਗਨੋ ਯੂਨੀਵਰਸਿਟੀ ਦਿੱਲੀ ਤੋਂ ਉਸ ਨੇ ਬੀ.ਏ. ਪਾਸ ਕਰ ਲਈ। ਉਸ ਨੇ ਬੀ.ਐਡ. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕਰ ਲਈ। ਉਸ ਨੇ ਡਬਲ ਐਮ.ਏ. (ਹਿੰਦੀ ਅਤੇ ਪੋਲੀਟੀਕਲ ਸਾਇੰਸ) ਐਮ.ਕੇ.ਯੂ. ਯੂਨੀਵਰਸਿਟੀ ਤੋਂ ਕਰ ਲਈ। ਇਸ ਉਪਰੰਤ ਉਸ ਨੇ ਸਰਕਾਰੀ ਆਰਟ ਐਂਡ ਕਰਾਫਟ ਟੀਚਰਜ਼ ਟ੍ਰੇਨਿੰਗ ਸੰਸਥਾ ਨਾਭਾ ਤੋਂ ਦੋ ਸਾਲਾ ਡਿਪਲੋਮਾ 1985 ਵਿੱਚ ਕਰ ਲਿਆ। ਕਾਮਰੇਡ ਨਛੱਤਰ ਸਿੰਘ ਸਰਪੰਚ ਦੇ ਨੌਜਵਾਨ ਬੇਟੇ ਨਰਿੰਦਰ ਸਿੰਘ ਦੀ ਅਚਾਨਕ ਮੌਤ ਹੋਣ ਕਰਕੇ ਉਸਦੀ ਯਾਦ ਵਿੱਚ ਪਿੰਡ ਵਿੱਚ ਨੋਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਬਣੇ 'ਨਰਿੰਦਰ ਮੈਮੋਰੀਅਲ ਸਪੋਰਟਸ ਕਲੱਬ' ਵਿੱਚ ਚਰਨਜੀਤ ਸਿੰਘ ਸਕੱਤਰ ਦੀ ਭੂਮਿਕਾ ਨਿਭਾਉਂਦੇ ਹੋਏ ਟੂਰਨਾਮੈਂਟ ਵੀ ਕਰਾਉਂਦੇ ਰਹੇ।

ਉਸ ਨੇ ਪਰੀਤ ਪਬਲਿਕ ਸਕੂਲ ਗੁਰਦਿੱਤਪੁਰਾ ਵਿਖੇ 1992 ਤੋਂ 1997 ਤੱਕ ਬਤੌਰ ਆਰਟ/ ਕਰਾਫਟ ਟੀਚਰ ਕੰਮ ਕੀਤਾ। ਉਸ ਨੇ ਬਾਲਗਾਂ ਨੂੰ ਸਰਕਾਰ ਦੀ ਅਡਲਟ ਐਜੁਕੇਸ਼ਨ ਸਕੀਮ ਅਧੀਨ ਬਾਲਗ ਸਿੱਖਿਆ ਕੇਂਦਰ ਵਿੱਚ ਵੀ



ਕੰਮ ਕੀਤਾ। ਉਸ ਦਾ ਵਿਆਹ ਰਾਮਪੁਰ ਛੰਨਾ ਵਿਖੇ ਸ੍ਰੀ ਕੁਲਵੰਤ ਸਿੰਘ ਦੀ ਬੇਟੀ ਰਾਜਵਿੰਦਰ ਕੌਰ ਨਾਲ 6 ਫਰਵਰੀ 1995 ਨੂੰ ਹੋ ਗਿਆ। ਵਿਭਾਗੀ ਚੋਣ ਕਮੇਟੀ ਵਲੋਂ 1996 ਵਿੱਚ ਉਸ ਦੀ ਚੋਣ ਬਤੌਰ ਆਰਟ / ਕਰਾਫਟ ਟੀਚਰ ਹੋ ਗਈ। ਉਸ ਨੇ 1 ਜਨਵਰੀ 1997 ਨੂੰ ਸ.ਸ.ਸ.ਸ. ਕੁਲਬੁਰਛਾਂ (ਪਟਿਆਲਾ) ਵਿਖੇ ਬਤੌਰ ਆਰਟ / ਕਰਾਫਟ ਟੀਚਰ ਹਾਜ਼ਰੀ ਦੇ ਕੇ ਰੈਗੂਲਰ ਸੇਵਾ ਸ਼ੁਰੂ ਕੀਤੀ।ਉਨ੍ਹਾਂ ਦੀ ਬਦਲੀ ਉਨ੍ਹਾਂ ਦੇ ਆਪੇ ਪਿੰਡ ਦੇ ਸ.ਹ.ਸ. ਗੁਰਦਿੱਤਪੁਰਾ ਵਿਖੇ ਹੋ ਗਈ । ਉਸ ਨੇ ਇਥੇ 22 ਜੂਨ 2001 ਨੂੰ ਹਾਜ਼ਰ ਹੋ ਕੇ ਤਕਰੀਬਨ 20 ਸਾਲ ਸੇਵਾ ਕੀਤੀ। ਉਸ ਨੇ ਸਕੂਲ ਨੂੰ ਅਪਗ੍ਰੇਡ ਕਰਵਾਉਣ ਅਤੇ ਪ੍ਰੀਖਿਆ ਕੇਂਦਰ ਬਣਾਉਣ ਲਈ ਅਹਿਮ ਭੂਮਿਕਾ ਨਿਭਾਈ । ਸਕੂਲ ਵਿੱਚ ਖਾਲੀ ਪੋਸਟਾਂ ਭਰਨ ਲਈ ਪਿੰਡ ਦੀ ਪੰਚਾਇਤ ਅਤੇ ਰਾਜਨੀਤਕ ਪਹੁੰਚ ਨਾਲ ਅਹਿਮ ਕੰਮ ਕੀਤਾ। ਸਕੂਲ ਦੇ ਵਿਕਾਸ ਅਤੇ ਬੱਚਿਆਂ ਦੀ ਭਲਾਈ ਹਮੇਸ਼ਾ ਪਿੰਡ ਵਲੋਂ ਸਹਿਯੋਗ ਦਿਵਾਉਂਦੇ ਰਹੇ ਉਹ 'ਪੜ੍ਹੋ ਪੰਜਾਬ' ਤਹਿਤ ਬਲਾਕ ਪੱਧਰ ਤੇ ਅਧਿਆਪਕਾਂ ਦੇ ਸੁੰਦਰ ਲਿਖਾਈ ਮੁਕਾਬਲਿਆਂ ਵਿੱਚ ਪਹਿਲੇ ਸਥਾਨ ਤੇ ਆ ਕੇ ਸਕੂਲ ਦਾ ਨਾਂ ਉੱਚਾ ਕੀਤਾ। ਉਨ੍ਹਾ ਦੇ ਪੜ੍ਹਾਏ ਬੱਚੇ ਅਧਿਆਪਕ, ਇੰਜਨੀਅਰ ਬਨ ਤੋਂ ਇਲਾਵਾ ਹੋਰ ਵਿਭਾਗਾਂ ਵਿੱਚ ਵੀ ਨੌਕਰੀ ਕਰ ਰਹੇ ਹਨ।

ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਕਰਵਾਏ ਜਾਂਦੇ ਵਿਦਿਅਕ ਮੁਕਾਬਲਿਆਂ ਦੀ ਜੱਜਮੈਂਟ ਕਰਨ ਵਿੱਚ ਬਤੌਰ ਜੱਜ ਡਿਊਟੀ ਦੇਂਦੇ ਰਹੇ। ਇਥੇ ਹੀ ਇਨ੍ਹਾਂ ਦੀ ਤਰੱਕੀ ਬਤੌਰ ਹਿੰਦੀ ਮਾਸਟਰ ਹੋ ਗਈ ਅਤੇ ਇਨ੍ਹਾਂ ਨੇ 29 ਦਸੰਬਰ 2020 ਨੂੰ ਸਰਕਾਰੀ ਹਾਈ ਸਕੂਲ ਅਗੌਲ ਵਿਖੇ ਬਤੌਰ ਹਿੰਦੀ ਮਾਸਟਰ ਜੁਆਇਨ ਕਰਕੇ ਸੇਵਾ ਨਿਭਾਉਣੀ ਸ਼ੁਰੂ ਕਰ ਦਿੱਤੀ । ਕਲਾ ਨਾਲ ਜੁੜੇ ਹੋਣ ਕਾਰਨ ਇਥੇ ਬੱਚਿਆਂ ਵਿੱਚ ਥੋੜੇ ਸਮੇਂ ਵਿੱਚ ਹੀ ਆਪਣੀ ਪੜ੍ਹਾਉਣ ਦੀ ਵਧੀਆ ਸ਼ੈਲੀ ਸਦਕਾ ਹਰਮਨ ਪਿਆਰੇ ਬਣ ਗਏ। ਸੰਘਰਸ਼ ਦੀ ਭਾਵਨਾ ਸਦਕਾ ਉਸ ਨੇ ਸੀ ਐਂਡ ਵੀ ਕਾਡਰ ਦੇ ਮੁਲਾਜ਼ਮਾਂ ਦੀ ਸਮੱਸਿਆਵਾਂ ਨੂੰ ਹੱਲ ਕਰਵਾਉਣ ਵਾਲੀ ਜਥੇਬੰਦੀ 'ਗੋਰਮਿੰਟ ਕਲਾਸੀਕਲ ਐਂਡ ਵਰਨੈਕੂਲਰ ਟੀਚਰ ਯੂਨੀਅਨ' ਨਾਲ ਜੁੜ ਕੇ ਕੰਮ ਕਰਨਾ ਸ਼ੁਰੂ ਕੀਤਾ ਅਤੇ ਲੰਬਾ ਸਮਾਂ 2010 ਤੋਂ 2020 ਤੱਕ ਇਸ ਜਥੇਬੰਦੀ ਦੇ ਸਕੱਤਰ ਦੇ ਅਹੁਦੇ ਤੇ ਕੰਮ ਕੀਤਾ। ਇਸ ਸਮੇਂ ਦੌਰਾਨ ਉਸ ਨੇ ਮੁਲਾਜ਼ਮਾਂ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਹੱਲ ਕਰਵਾਇਆ। ਉਨ੍ਹਾਂ ਨੇ ਆਪਣੀ ਡਿਊਟੀ ਦੇ ਨਾਲ ਬੂਥ ਲੇਵਲ ਅਫਸਰ ਅਤੇ ਮਿਡ ਡੇ ਮੀਲ ਦੇ ਕੰਮ ਦੀ ਡਿਊਟੀ ਵੀ ਸਫਲਤਾਪੂਰਵਕ ਨਿਭਾਈ ਹੈ। ਉਹਨ੍ਹਾਂ ਦੇ ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਡਾਕ 'ਚ ਵੱਡਮੁੱਲੇ ਵਿਚਾਰ ਛੱਪਦੇ ਰਹਿੰਦੇ ਹਨ। ਚਰਨਜੀਤ ਸਿੰਘ ਦੀ ਜ਼ਿੰਦਗੀ ਸੰਘਰਸ਼ ਭਰੀ ਰਹੀ। ਪਿਤਾ ਸਿੱਧੇ ਸਾਦੇ ਸੁਭਾਅ ਦੇ ਹੋਣ ਕਾਰਨ ਉਨ੍ਹਾਂ ਦੇ ਵੱਡੇ ਭਰਾ ਰਾਮ ਪ੍ਰਕਾਸ਼ ਨੇ ਸਾਂਝੇ ਪਰਿਵਾਰ ਵਿੱਚ ਵੱਡਾ ਹੋਣ ਕਾਰਣ ਪਿਤਾ ਦੀਆਂ ਜ਼ਿੰਵਾਰੀਆਂ ਨੂੰ ਨਿਭਾਉਂਦੇ ਹੋਏ ਛੋਟੇ ਭਰਾ, ਪੁੱਤਰ, ਭਤੀਜੇ, ਭਾਣਜੇ ਭਾਵ ਸਾਰਿਆਂ ਨੂੰ ਵਧੀਆ ਸਿੱਖਿਆ ਦਿਵਾ ਕੇ ਸਰਕਾਰੀ ਨੋਕਰੀਆਂ ਹਾਸਲ ਕਰਵਾਉਣ ਵਿੱਚ ਅਹਿਮ ਰੋਲ ਅਦਾ ਕੀਤਾ।



ਮੇਜਰ ਸਿੰਘ ਨਾਭਾ
91-94635-53962

ਉਨ੍ਹਾਂ ਦੇ ਪਰਿਵਾਰ ਵਲੋਂ ਪਿੰਡ ਗੁਰਦਿੱਤਪੁਰਾ ਦੇ ਵਿਕਾਸ ਕੰਮਾਂ ਵਿੱਚ ਵੱਧ ਚੜ੍ਹ ਕੇ ਸਮੂਲੀਅਤ ਕਰਨੀ ਜਿਵੇਂ ਪਿੰਡ ਦੇ ਸਕੂ.ਲ ਵਿੱਚ ਸ਼ੈੱਡ ਬਣਾਉਣ, ਸਮਸ਼ਾਨ ਘਾਟ 'ਚ ਸ਼ੈੱਡ ਬਣਾਉਣ ਅਤੇ ਮੰਦਰ ਦੀ ਉਸਾਰੀ ਲਈ ਯੋਗਦਾਨ ਪਾਉਂਦਾ ਰਿਹਾ ਹੈ। ਉਨ੍ਹਾਂ ਦਾ ਸੁਭਾਅ ਮਿਲਣਸਾਰ ਅਤੇ ਨਿੱਘਾ ਹੋਣ ਕਾਰਨ ਹਰੇਕ ਦੇ ਮਨ ਵਿੱਚ ਉਨ੍ਹਾਂ ਪ੍ਰਤੀ ਸਤਿਕਾਰ ਮਲੋ ਮੱਲੀ ਬਣ ਜਾਂਦਾ ਹੈ। ਉਹ ਹਿੰਦੂ ਪਰਿਵਾਰ ਵਿੱਚ ਜਨਮ ਲੈਣ ਦੇ ਬਾਵਜੂਦ ਸਿੱਖ ਧਰਮ 'ਚ ਵੀ ਪੂਰੀ ਸ਼ਰਧਾ ਰੱਖਦੇ ਹਨ। ਉਨ੍ਹਾਂ ਦੇ ਪਰਿਵਾਰ ਦਾ ਇਲਾਕੇ ਵਿੱਚ ਵਧੀਆ ਅਸਰ ਰਸੂਖ ਹੈ। ਉਨ੍ਹਾਂ ਦਾ ਵੱਡਾ ਭਰਾ ਰਾਮ ਪ੍ਰਕਾਸ਼ ਨਗਰ ਕੌਂਸਲ ਨਾਭਾ ਤੋਂ ਸੇਵਾ ਮੁਕਤ ਹੋ ਗਿਆ ਹੈ। ਦੋ ਭਰਾ ਖੇਤੀਬਾੜੀ, ਇੱਕ ਪ੍ਰਾਈਵੇਟ ਨੌਕਰੀ ਕਰ ਰਿਹਾ ਹੈ। ਚਰਨਜੀਤ ਸਿੰਘ ਆਪਣੇ ਪਿੰਡ ਗੁਰਦਿੱਤਪੁਰਾ ਵਿਖੇ ਆਪਣੀ ਪਤਨੀ ਰਾਜਵਿੰਦਰ ਕੌਰ ਨਾਲ ਰਹਿ ਰਹੇ ਹਨ। ਉਨ੍ਹਾਂ ਦਾ ਬੇਟਾ ਅਰਸ਼ਦੀਪ ਸਿੰਘ (ਆਰਟ/ਕਰਾਫਟ ਡਿਪਲੋਮਾ, ਐਮ.ਐਸ.ਸੀ. ਐਗਰੀਕਲਚਰ) ਆਪਣੀ ਪਤਨੀ ਅੰਕੁਸ਼ ਸ਼ਰਮਾ ਐਮ.ਐਸ.ਸੀ. (ਐਗਰੀਕਲਚਰ) ਨਾਲ ਕਨੇਡਾ ਵਿਖੇ ਰਹਿ ਰਿਹਾ ਹੈ। ਜਿਸ ਤਰ੍ਹਾਂ ਪ੍ਰਮਾਤਮਾ ਨੇ ਉਨ੍ਹਾਂ ਨੂੰ ਐਨੀਆਂ ਖੁਸ਼ੀਆਂ ਬਖਸ਼ੀਆਂ ਹਨ ਉਸੀ ਤਰ੍ਹਾਂ ਪ੍ਰਮਾਤਮਾ ਆਉਣ ਵਾਲਾ ਸਮਾਂ ਵੀ ਉਨ੍ਹਾਂ ਲਈ ਖੁਸ਼ੀਆਂ ਭਰਪੂਰ ਬਖਸ਼ੇ।

# ਡਾ. ਬੀ. ਆਰ. ਅੰਬੇਦਕਰ

ਡਾ. ਭੀਮ ਰਾ   ਅੰਬੇਦਕਰ ਨੂੰ ਮਾਨਵਤਾ ਦਾ ਮਸੀਹਾ ਕਿਹਾ ਜਾਣਾ ਉਚਿਤ ਹੈ। ਉਹਨਾਂ ਦਾ ਸੰਪੂਰਨ ਜੀਵਨ ਸੰਘਰਸ਼ ਦੀ ਇਕ ਲੰਬੀ ਕਹਾਣੀ ਹੈ। ਸੰਘਰਸ਼ ਆਪਣੇ ਲਈ ਨਹੀਂ ਬਲਕਿ ਸਮਾਜ ਦੇ ਹੇਠਲੇ ਵਰਗ ਦੇ ਲੋਕਾਂ ਦੇ ਲਈ ਜੋ ਕਈ ਸਾਲਾਂ ਤੱਕ ਸਮਾਜ




ਦੀਆਂ ਖੋਖਲੀਆਂ ਮਾਨਵਤਾਂ, ਰੂੜੀਆਂ ਅਤੇ ਧਰਮ ਦੇ ਕਾਰਣ ਆਪਣੇ ਅਧਿਕਾਰਾਂ ਤੋਂ ਵਾਂਝੇ ਰਹੇ। ਜਾਤ-ਪਾਤ, ਊਚ-ਨੀਚ ਅਤੇ ਵਰਣ ਭੇਦ ਦੇ ਕਾਰਣ ਲੱਖਾਂ ਲੋਕ ਜੋ ਨਾ ਕੇਵਲ ਪ੍ਰਗਤੀ ਦੇ ਰਸਤੇ 'ਤੇ ਇਕ ਕਦਮ ਵੀ ਲਾ ਚਲ ਸਕੇ ਬਲਕਿ ਜਿਨ੍ਹਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ। ਵਰਣ ਭੇਦ, ਊਚ-ਨੀਚ ਦੀਆਂ ਦੀਵਾਰਾਂ ਏਨ੍ਹੀਆਂ ਉਚੀਆ ਅਤੇ ਮਜ਼ਬੂਤ ਸਨ ਕਿ ਇਨ੍ਹਾਂ ਨੂੰ ਢਾਹੁਣਾ ਅਸੰਭਵ ਸੀ। ਡਾ। ਅੰਬੇਦਕਰ ਲੇ ਇਸ ਦੀਵਾਰ 'ਤੇ ਜ਼ੋਰਦਾਰ ਹਮਲੇ ਕੀਤੇ। ਉਹ ਲੱਖਾਂ ਬੇਸਹਾਰਾ, ਗ਼ਰੀਬ, ਹੇਠਲੀ ਸ਼੍ਰੇਣੀ ਦੇ ਲੋਕਾਂ ਦੀ ਆਵਾਜ਼ ਸਨ। ਉਨ੍ਹਾਂ ਨੇ ਉਨ੍ਹਾਂ ਲੋਕਾਂ ਦੀ ਅਗਵਾਈ ਕੀਤੀ ਅਤੇ ਇਨ੍ਹਾਂ ਵਿਚ ਇਕ ਨਵੀਂ ਚੇਤਨਾ ਪੂਰਵਕ ਕ੍ਰਾਂਤੀ ਦੀ ਰੌਸ਼ਨੀ ਪੈਦਾ ਕੀਤੀ ਅਤੇ ਸਮਾਜ ਦੀਆਂ ਮਜ਼ਬੂਰੀਆਂ ਦਾ ਜ਼ਹਿਰ ਪੀ ਕੇ ਜੀਵਿਤ ਸੁਕਰਾਤ ਬਣ ਗਏ।

ਡਾ. ਭੀਮ ਰਾਓ ਅੰਬੇਦਕਰ ਦਾ ਜਨਮ 14 ਅਪ੍ਰੈਲ 1891 ਨੂੰ ਸ੍ਰੀਮਤੀ ਭੀਮਾ ਬਾਈ ਸਕਪਾਲ ਦੀ ਕੁੱਖ ਤੋਂ ਹੋਇਆ। ਉਨ੍ਹਾਂ ਦੇ ਪਿਤਾ ਜੀ ਸੂਬੇਦਾਰ ਸ੍ਰੀ ਰਾਮਜੀ ਸਕਪਾਲ ਜੀ ਮਹਾਰਾਸ਼ਟਰ ਦੇ ਰਤਨਾਗਿਰੀ ਜਿਲ੍ਹੇ ਵਿਚ ਅੰਬਾਵੜੇ ਪਿੰਡ ਦੇ ਰਹਿਣ ਵਾਲੇ ਸਨ। ਉਨ੍ਹਾਂ ਦੇ ਪਿਤਾ ਜੀ ਮਰਾਠੀ, ਹਿਸਾਬ ਅਤੇ ਅੰਗਰੇਜ਼ੀ ਦੇ ਚੰਗੇ ਗਿਆਤਾ ਸਨ। ਘਰ ਦਾ ਵਾਤਾਵਰਣ ਧਾਰਮਿਕ ਸੀ ਅਤੇ ਪਰਿਵਾਰ ਵਿਚ ਕਬੀਰ ਪੰਥੀ ਵਿਚਾਰਾਂ ਦਾ ਪੂਰਾ ਪ੍ਰਭਾਵ ਸੀ। ਬਾਲਕ ਭੀਮ ਨੂੰ ਵਿਦਿਆਰਥੀ ਜੀਵਨ ਵਿਚ ਹੀ ਛੂਤ-ਛਾਤ ਦੇ ਕੌੜਾ ਅਨੁਭਵਾਂ 'ਚੋਂ ਗੁਜ਼ਰਨਾ ਪਿਆ। ਇਕ ਵਾਰੀ ਦੀ ਗੱਲ ਹੈ ਕਿ ਬਾਲਕ ਭੀਮ ਭਿਅੰਕਰ ਬਾਰਿਸ਼ ਤੋਂ ਬਚਣ ਲਈ ਇਕ ਮਕਾਨ ਦੇ ਬਰਾਮਦੇ ਵਿਚ ਖੜ੍ਹਾ ਸੀ। ਸਵਰਨ ਜਾਤੀ ਮਕਾਨ ਮਾਲਿਕ ਨੂੰ ਜਦ ਬਾਲਕ ਦੀ ਜਾਤੀ ਦਾ ਪਤਾ ਲਗਾ ਕਿ ਉਸ ਨੇ ਬਾਲਕ ਨੂੰ ਬਸਤੇ ਸਮੇਤ ਬਰਸਾਤ ਦੀ ਚਿੱਕੜ ਵਿਚ ਧਕੇਲ ਦਿੱਤਾ।



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਬਾਲਕ ਭੀਮ ਨੂੰ ਇਸ ਤਰ੍ਹਾਂ ਦੇ ਅਨੇਕਾਂ ਹੀ ਅਪਮਾਨ ਸਹਿਣੇ ਪਏ। ਨਾਈ ਉਸਦੇ ਵਾਲ ਨਹੀਂ ਕੱਟਦਾ ਅਤੇ ਅਧਿਆਪਕ ਉਸ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਤਿਆਰ ਨਹੀਂ ਸੀ, ਪਰ ਇਸ ਨਾਲ ਉਸ ਦਾ ਸਾਹਸ, (ਹੌਸ਼ਲਾ) ਬਲ ਹੋਰ ਮਜ਼ਬੂਤ ਹੋਇਆ। ਮੁਸ਼ਿਕਲਾਂ, ਮੁਸੀਬਤਾਂ ਅਤੇ ਸਮਾਜ ਦੇ ਬੂਰੇ ਵਿਵਹਾਰ ਨੇ ਉਨ੍ਹਾਂ ਨੂੰ ਸੋਨੇ ਦੀ ਤਰ੍ਹਾਂ ਬਣਾ ਦਿੱਤਾ ਸੀ, ਜੋ ਅੱਗ ਵਿਚ ਤਪ ਕੇ ਕੁੰਦਨ ਬਣ ਜਾਂਦਾ ਹੈ। ਉਨ੍ਹਾਂ ਦੇ ਅੰਦਰ ਆਤਮ ਵਿਸ਼ਵਾਸ, ਆਤਮ ਬਲ, ਦ੍ਰਿੜਤਾ ਉਤਪੰਨ ਹੋਈ ਅਤੇ ਬਚਨ ਵਿਚ ਹੀ ਫੌਲਾਦੀ ਇਰਾਦਾ ਬਣਾ ਲਿਆ ਕਿ ਛੂਤ-ਛਾਤ ਦੇ ਕਲੰਕ ਦੇ ਵਿਰੁੱਧ ਸੰਘਰਸ਼ ਕਰਨਗੇ। ਸਾਧਨਾਂ ਦੀ ਕਮੀ ਅਤੇ ਮੁਸ਼ਿਕਲਾਂ ਕਦੀ ਵੀ ਉਨ੍ਹਾਂ ਦੇ ਇਰਾਦੇ ਨਾ ਬਦਲ ਸਕੀਆਂ। ਜਦੋਂ ਉਨ੍ਹਾਂ ਦੇ ਪਿਤਾ ਜੀ ਸੇਵਾ ਮੁਕਤ ਹੋਏ ਤਾਂ ਸਾਰਾ ਪਰਿਵਾਰ ਇਕ ਹੀ ਕੋਠੜੀ ਵਿਚ ਰਹਿੰਦਾ ਸੀ ਅਤੇ ਉਥੇ ਰਾਤ ਨੂੰ ਜਦ ਸਾਰੇ ਪਰਿਵਾਰ ਦੇ ਮੈਂਬਰ ਸੌ ਜਾਂਦੇ ਤਾਂ ਉਹ ਛੋਟਾ ਜਿਹਾ ਬੱਚਾ (ਭੀਮ) ਉਠ ਕੇ ਪੜ੍ਹਨਾ ਸ਼ੁਰੂ ਕਰ ਦਿੰਦਾ।

ਸੰਨ 1907 ਵਿਚ ਮੈਟ੍ਰਿਕ ਅਤੇ 1912 ਵਿਚ ਬੀ.ਏ. ਦਾ ਇਮਤਿਹਾਨ ਪਾਸ ਕੀਤਾ। ਉਨ੍ਹਾਂ ਦੀ ਵਿਦਵਤਾ ਅਤੇ ਤੀਖਣ ਬੁੱਧੀ ਨੂੰ ਦੇਖ ਕੇ 1913 ਵਿਚ ਬੜੌਦਾ ਦੇ ਮਹਾਰਾਜ ਨੇ ਉਨ੍ਹਾਂ ਨੂੰ ਵਜ਼ੀਫਾ ਦੇ ਕੇ ਉਚ ਸਿੱਖਿਆ ਲਈ ਅਮਰੀਕਾ ਭੇਜਿਆ। ਉਹ 1913 ਤੋਂ 1917 ਈ. ਤੱਕ ਅਮਰੀਕਾ ਤੇ ਇੰਗਲੈਂਡ ਵਿਚ ਰਹੇ। ਉਨ੍ਹਾਂ ਦੇ ਅਰਥ ਸ਼ਾਸ਼ਤਰ, ਰਾਜਨੀਤੀ ਸ਼ਾਸ਼ਤਰ ਅਤੇ ਕਾਨੂੰਨ ਦਾ ਗਹਿਰਾ ਅਧਿਐਨ ਕੀਤਾ ਅਤੇ ਪੀ।ਐਚ।ਡੀ। ਦੀ ਡਿਗਰੀ ਹਾਸਲ ਕੀਤੀ। ਉਹ ਬੜੌਦਾ ਹਦੇ ਮਹਾਰਾਨਾ ਦੇ ਪ੍ਰਸ਼ਾਸਨ ਵਿਚ ਸੈਨਿਕ ਸਚਿਵ (ਸਕੱਤਰ) ਦੇ ਅਹੁਦੇ 'ਤੇ ਨਿਯੁੱਕਤ ਹੋਏ ਪਰ ਦਫ਼ਤਰ ਵਿਚ ਦੂਰ-ਵਿਵਹਾਰ ਦੇ ਕਾਰਣ, ਛੂਤ-ਛਾਤ ਦੇ ਸ਼ਰਾਪ ਦੇ ਕਾਰਣ ਉਨ੍ਹਾਂ ਨੇ ਇਹ ਅਹੁੱਦਾ ਛੱਡ ਦਿੱਤਾ। ਵਕਾਲਤ ਪੇਸ਼ਾ ਆਪਣਾ ਕੇ ਉਨ੍ਹਾਂ ਨੇ ਹੇਠਲੇ ਵਰਗ ਦੇ ਕਲਿਆਣ ਲਈ ਕਾਰਜਸ਼ੀਲਤਾ ਸ਼ੁਰੂ ਕਰ ਦਿੱਤੀ। ਸਮਾਜਿਕ ਸਮਤਾਵਾਦ, ਦੇਸ਼ ਦੀ ਆਜ਼ਾਦੀ, ਸਮੰਤਵਾਦ ਹੇਠਲੇ ਵਰਗ ਦੀ ਵਿਦਿਆ ਲਈ ਸੰਘਰਸ਼ ਤੇਜ਼ ਕਰ ਦਿੱਤੇ। 1927 ਵਿਚ ਡਾ. ਅੰਬੇਦਕਰ ਬੁੰਬਈ ਵਿਧਾਨ ਪ੍ਰੀਸ਼ਦ ਲਈ ਚੁਣੇ ਗਏ। ਇਸੇ ਦੌਰਾਨ ਉਨ੍ਹਾਂ ਨੇ ਕਈ ਉਚੇ ਅਹੁਦੇ ਹਾਸਲ ਕੀਤੇ ਅਤੇ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ ਕੀਤੀ। ਇਸੇ ਦਰਾਨ ਗਾਂਧੀ ਜੀ ਅਤੇ ਹੋਰ ਰਾਸ਼ਟਰੀ ਨੇਤਾਵਾਂ ਨੇ ਵੀ ਸਮਾਜ ਵਿਚਲੇ ਛੂਤ-ਛਾਤ ਦੇ ਕਲੰਕ ਨੂੰ ਮਿਟਾਉਣ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ।

ਭਾਰਤ ਆਜ਼ਾਦ ਹੋਣ ਤੋਂ ਬਾਅਦ ਉਨ੍ਹਾਂ ਨੂੰ ਸੰਵਿਧਾਨ ਦੀ ਰਚਨਾ ਦਾ ਕਾਰਜਭਾਰ ਸੌਂਪਿਆ ਗਿਆ। ਉਨ੍ਹਾਂ ਦੀ ਅਗਵਾਈ ਵਿਚ ਨਾ ਕੇਵਲ ਸੰਵਿਧਾਨ ਦੀ ਰਚਨਾ ਹੋਈ, ਬਲਕਿ ਕਾਨੂੰਨ, ਜਾਤ-ਪਾਤ ਦੀ ਸਮਾਪਤੀ ਦੀ ਨੀਂਹ ਰੱਖੀ ਗਈ। ਆਜ਼ਾਦ ਭਾਰਤ ਦੇ ਉਹ ਪਹਿਲੇ ਕਾਨੂੰਨ ਮੰਤਰੀ ਬਣੇ। ਉਨ੍ਹਾਂ ਦਾ ਵਿਸ਼ਵਾਸ ਬੁੱਧ ਧਰਮ ਤੇ ਅਟੁੱਟ ਸੀ। ਉਹ ਮਹਾਤਮਾ ਬੁੱਧ ਦੇ ਪ੍ਰਸ਼ੰਸਕ ਸਨ ਅਤੇ ਬੁੱਧ ਧਰਮ ਨੂੰ ਗ੍ਰਹਿਣ ਕਰ ਲਿਆ ਸੀ। ਡਾ. ਭੀਮ ਰਾਓ ਅੰਬੇਦਕਰ ਨੂੰ ਸੱਚੀ ਸ਼ਰਧਾਂਜ਼ਲੀ ਇਹੋ ਹੀ ਹੋ ਸਕਦੀ ਹੈ ਕਿ ਸਭਨਾਂ ਨੂੰ ਯੋਗਤਾ ਦੇ ਆਧਾਰ 'ਤੇ ਸਮਾਜ ਵਿਚ, ਜੀਵਨ ਵਿਚ ਮਾਨ-ਸਨਮਾਨ ਮਿਲੇ।

# ਭਾਰਤੀ ਕਰੰਸੀ ਦਾ ਪੜਾਅਵਾਰ ਇਤਿਹਾਸ

ਹਰ ਦੇਸ਼, ਕੌਮ, ਮਜ਼ੁਬ, ਰਾਸ਼ਟਰ ਦੀ ਆਪਣੀ ਕਰੰਸੀ/ਮੁਦਰਾ ਹੁੰਦੀ ਹੈ। ਆਦਿ ਕਾਲ ਤੋਂ ਸਮੇਂ ਸਮੇਂ ਦੀਆਂ ਹਕੂਮਤਾਂ ਨੇ ਆਪਣੀ ਆਪਣੀ ਕਰੰਸੀ ਬਣਾ ਕੇ ਆਪਣੀ ਵੱਖਰੀ ਹੈਸੀਅਤ ਅਤੇ ਪਹਿਚਾਣ ਬਣਾਈ ਅਤੇ ਬਣਾਉਣ ਦੀ ਕੋਸ਼ਿਸ਼ ਕੀਤੀ। ਅੱਜ ਭਾਰਤੀ ਜਿਸ ਕਰੰਸੀ ਵਿੱਚ ਧਨ ਦੌਲਤਾਂ ਦੀ ਗਿਣਤੀ ਮਿਣਤੀ ਕਰਦੇ ਹਨ, ਉਹ ਹੈ -ਰੁਪਿਆ।

ਭਾਵੇਂ ਅੱਜ ਅਸੀਂ 100 ਪੈਸੇ ਦਾ 1 ਰੁਪਿਆ ਮੰਨਦੇ ਹਾਂ, ਪਰ ਰੁਪਏ ਦੀ ਇਹ ਕਰੰਸੀ ਅਜੋਕੇ ਰੂਪ 'ਚ ਆਉਣ ਲਈ ਵੱਖ ਵੱਖ ਇਤਿਹਾਸਕ ਪੜਾਵਾਂ ਚੋਂ ਗੁਜਰੀ ਹੈ।" ਕਿਵੇਂ ਬਣਿਆ ਰੁਪਈਆ" ਦਾ ਇਤਿਹਾਸ ਬਾਰੇ ਆ   ਜਾਣੀਏ।

ਪਹਿਲਾਂ ਪਹਿਲ ਫੁੱਟੀ ਕੌਡੀ ਤੋਂ ਕਰੰਸੀ ਦੀ ਸ਼ੁਰੂਆਤ ਹੋਈ, ਜੋ ਸਮਾਂ ਪੈਣ ਤੇ ਬਾਅਦ ਵਿੱਚ ਕੌਡੀ ਵਿੱਚ ਤਬਦੀਲ ਹੋ ਗਈ।ਫਿਰ ਕੌਡੀ ਤੋਂ ਦਮੜੀ ਬਣ ਗਈ। ਇਸੇ ਤਰ੍ਹਾਂ ਦਮੜੀ ਤੋਂ ਧੇਲਾ, ਧੇਲਾ ਤੋਂ ਪਾਈ, ਪਾਈ ਤੋਂ ਪੈਸਾ, ਪੈਸਾ ਤੋਂ ਆਨਾ ਬਣਦੇ ਬਣਦੇ ਆਖਿਰ ਵਿੱਚ ਹਥਲਾ ਰੁਪਿਆ ਹੋਂਦ ਵਿੱਚ ਆਇਆ। ਇਹ ਕਰੰਸੀ ਇਸ ਤਰ੍ਹਾਂ ਅੱਗੇ ਦੀ ਕਰੰਸੀ ਦੀ ਰਕਮ ਬਣਦੀ ਸੀ।

3 ਫੁੱਟੀ ਕੌਡੀ = 1 ਕੌਡੀ
10ਕੌਡੀਆਂ =1 ਦਮੜੀ
2 ਦਮੜੀ ਜਾਂ ਡੇਢ ਪਾਈ=1 ਧੇਲਾ
3 ਪਾਈ =1 ਪੈਸਾ ਪੁਰਾਣਾ
4 ਪੈਸੇ =1 ਆਨਾ
16 ਆਨੇ=1 ਰੁਪਿਆ
256ਦਮੜੀ=192ਪਾਈ=128 ਧੇਲਾ
16 ਆਨੇ=64 ਪੈਸੇ ਪੁਰਾਣੇ=1ਰੁਪਿਆ
ਹੁਣ 100 ਪੈਸੇ =1 ਰੁਪਿਆ
78 ਪੈਸੇ=1 ਟਕਾ

ਜਿਵੇਂ 100 ਪੈਸੇ ਜੋੜ ਕੇ 1 ਰੁਪਿਆ ਬਣਦਾ ਹੈ, ਇਸੇ ਤਰ੍ਹਾਂ 3 ਫੁੱਟੀਆਂ ਕੌਡੀਆਂ ਇੱਕ ਕੌਡੀ ਦੇ ਬਰਾਬਰ ਹੁੰਦੀਆਂ ਸਨ। ਸੋ 10 ਕੌਡੀਆਂ ਜੋੜ ਕੇ ਇੱਕ ਦਮੜੀ ਬਣਦੀ ਸੀ। ਦੋ ਦਮੜੀਆਂ ਜਾਂ ਡੇਢ ਪਾਈ ਦਾ ਇੱਕ ਧੇਲਾ, 3 ਪਾਈਆਂ ਦਾ ਇੱਕ ਪੈਸਾ (ਪੁਰਾਣਾ), 4 ਪੈਸਿਆਂ ਦਾ ਇੱਕ ਆਨਾ, 16 ਆਨਿਆਂ ਦਾ ਇੱਕ ਰੁਪਿਆ ਹੁੰਦਾ ਸੀ। ਇਸੇ ਤਰ੍ਹਾਂ 256 ਦਮੜੀਆਂ ਦੀ ਕੀਮਤ 192 ਪਾਈਆਂ,192 ਪਾਈਆਂ 128 ਧੈਲਿਆਂ ਦੀ ਕੀਮਤ ਦੇ ਬਰਾਬਰ ਸੀ।ਪੁਰਾਣੇ 64 ਪੇਸੈ ਜਾਂ 16 ਆਨਿਆਂ ਦੀ ਕੀਮਤ 1 ਰੁਪਏ ਸੀ।

ਇਸ ਤੋਂ ਇਲਾਵਾ ਡਬਲੀ ਪੈਸਾ, ਗਲੀ ਵਾਲਾ ਪੈਸਾ, ਖੋਟਾ ਪੈਸਾ, ਤਾਂਬੇ ਦੇ ਸਿੱਕੇ ਆਦਿ ਵੀ ਹੋਂਦ ਵਿੱਚ ਆਏ ਸਨ। ਸਿੱਖ ਰਾਜ ਦੇ ਮੋਢੀ ਮਹਾਰਾਜਾ ਰਣਜੀਤ ਸਿੰਘ ਨੇ "ਆਕਾਲ ਸਹਇ" ਲਿਖੇ ਸਿੱਕਿਆਂ ਦੀ ਕਰੰਸੀ ਚਲਾਈ ਸੀ। ਜਿਵੇਂ ਜਿਵੇਂ ਸਮੇਂ ਦੀਆਂ ਹਕੂਮਤਾਂ ਦਾ ਭਾਰਤ ਉੱਪਰ ਕਬਜਾ ਹੁੰਦਾ ਗਿਆ, ਕਰੰਸੀ ਦਾ ਰੂਪ ਵੀ ਸਮੇਂ ਮੁਤਾਬਿਕ ਬਦਲਦਾ ਗਿਆ। ਪਹਿਲਾਂ ਪਹਿਲ ਇੱਕ ਪਾਈਸ, ਇੱਕ ਪੈਸਾ,ਅੱਧਾ ਆਨਾ, ਦੋ ਪੈਸੇ (ਦੁੱਕੀ) ਤਿੰਨ ਪੈਸੇ (ਤਿੱਕੀ), ਪੰਜ ਪੈਸੇ (ਪੰਜੀ), ਦਸ ਪੈਸੇ (ਦਸੀ) ਵੀਹ ਪੈਸੇ, ਪੱਚੀ ਪੈਸੇ, 1/4 ਰੁਪਏ, ਪੰਜਾਹ ਪੈਸੇ, 1/2 ਰੁਪਏ, ਚੁਆਨੀ (ਚਾਰ ਆਨੇ), ਅਠਾਨੀ (ਅੱਠ ਆਨੇ)ਦੇ ਸਿੱਕੇ ਵੀ ਸਰਕਾਰ ਨੇ ਚਲਾਏ ਸਨ, ਪਰ ਮਹਿੰਗਾਈ ਦੇ ਦੌਰ ਨੇ ਇਹਨਾਂ ਦੀ ਅਹਿਮੀਅਤ ਅਤੇ ਹੋਂਦ ਖਤਮ ਕਰ ਦਿੱਤੀ ਹੈ। 1957 ਚ 16 ਆਨਿਆਂ ਨੂੰ 100 ਪੈਸੇ ਚ ਵੰਡ ਦਿੱਤਾ ਗਿਆ ਸੀ। ਆਜ਼ਾਦੀ ਤੋਂ ਪਹਿਲਾਂ 1 ਰੁਪਏ ਦੀ ਕੀਮਤ 13 ਡਾਲਰ ਦੇ ਬਰਾਬਰ ਸੀ। ਕਰੰਸੀ ਦੀ ਮਨੁੱਖੀ ਜਿੰਦਗੀ ਚ ਅਹਿਮੀਅਤ ਕਿਸੇ ਤੋਂ ਵੀ ਲੁਕੀ ਨਹੀਂ ਹੈ। ਸ਼ਾਇਦ ਏਸੇ ਕਰਕੇ ਕਰੰਸੀ ਜਾਂ ਮੁਦਰਾ ਨੂੰ ਲੈਕੇ ਕਈ ਆਖਾਣ ਅਤੇ ਮੁਹਾਵਰੇ ਪ੍ਰਚਲਿਤ ਹਨ, ਜਿਵੇਂ:-

ਇੱਕ ਫੁੱਟੀ ਕੌਡੀ ਵੀ ਨਹੀਂ ਦਿਉਂਗਾ,
ਚਮੜੀ ਜਾਏ ਪਰ ਦਮੜੀ ਨ ਜਾਏ,
ਪਾਈ ਪਾਈ ਦਾ ਹਿਸਾਬ ਰੱਖਣਾ,
ਧੇਲੇ ਦਾ ਕੰਮ ਨਹੀਂ ਕਰਦੀ ਸਾਡੀ ਬਹੂ,
ਧੇਲੇ ਦੀ ਬੁੜ੍ਹੀ ਟਕਾ ਸਿਰ ਮੁਨਾਈ,
ਟਕੇ ਦਾ ਬੰਦਾ ਨਾ ਹੋਣਾ,
ਪਾਈ ਪਾਈ ਨੂੰ ਤਰਸਣਾ,
ਤੇਰੀ ਗੱਲ ਸੋਲਾਂ ਆਨੇ ਆ ਬਾਈ,
ਟਕੇ ਵਰਗਾ ਜੁਆਬ ਦੇਣਾ,
ਟਕੇ ਦੀ ਹਾਂਡੀ ਗਈ ਕੁੱਤੇ ਦੀ ਜਾਤ ਪਛਾਣੀ ਗਈ,
ਪੱਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ,
ਗੱਲ ਚਾਂਦੀ ਦੇ ਰੁਪਏ ਵਾਂਗੂੰ ਟਣਕੇ
ਆਦਿ।

ਰੁਪਿਆ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ ਸ਼ਬਦ ਰੂਪ ਜਾਂ ਰੂਪਿਆਹ ਤੋਂ ਹੋਈ ਹੈ, ਜਿਸਦਾ ਅਰਥ ਕੱਚੀ ਚਾਂਦੀ ਹੁੰਦਾ ਹੈ ਅਤੇ ਰੂਪਿਅਕੰ ਦਾ ਅਰਥ ਚਾਂਦੀ ਦਾ ਸਿੱਕਾ ਹੈ। ਰੁਪਿਆ ਸ਼ਬਦ ਦਾ ਪ੍ਰਯੋਗ ਸਭ ਤੋਂ ਸ਼ੇਰ ਸ਼ਾਹ ਸੂਰੀ ਨੇ ਭਾਰਤ ਵਿੱਚ ਆਪਣੇ ਸ਼ਾਸਨ (1540 ਤੋਂ 1545) ਦੇ ਦੌਰਾਨ ਕੀਤਾ ਸੀ। ਸ਼ੇਰ ਸ਼ਾਹ ਸੂਰੀ ਨੇ ਆਪਣੇ ਸ਼ਾਸਨ ਕਾਲ ਵਿੱਚ ਜੋ ਰੁਪਿਆ ਚਲਾਇਆ ਉਹ ਇੱਕ ਚਾਂਦੀ ਦਾ ਸਿੱਕਾ ਸੀ ਜਿਸਦਾ ਭਾਰ 178 ਗਰੇਨ (11.534 ਗਰਾਮ) ਦੇ ਲੱਗਭੱਗ ਸੀ। ਉਸਨੇ ਤਾਂਬੇ ਦਾ ਸਿੱਕਾ ਜਿਸ ਨੂੰ ਦਾਮ ਅਤੇ ਸੋਨੇ ਦਾ ਸਿੱਕਾ ਜਾਂ ਮੋਹਰ ਕਿਹਾ ਜਾਂਦਾ ਸੀ ਨੂੰ ਵੀ ਚਲਾਇਆ। ਬਾਅਦ ਵਿੱਚ ਇਸਨੂੰ ਲੰਮੇ ਸਮੇਂ ਤੱਕ ਸੁਡੋਲ ਰੱਖਣ ਲਈ ਹੋਰ ਇਸ ਵਿੱਚ ਹੋਰ ਧਾਤਾਂ ਤਾਂਬੇ ਨੂੰ ਮਿਲਾਕੇ ਕਰੰਸੀ ਚਲਾਈ।



ਇੰਜੀ. ਸਤਨਾਮ ਸਿੰਘ ਮੱਟੂ
9779708257

ਪ ਰ ਮਹਿੰਗਾਈ ਵਧ ਜਾਣ ਨਾਲ ਇੱਕ ਰੁਪਏ, ਦੋ ਰੁਪਏ, ਪੰਜ ਰੁਪਏ, ਦਸ ਰੁਪਏ ਦੇ ਸਿੱਕੇ ਅਤੇ ਨੋਟ ਭਾਵੇਂ ਮਾਰਕੀਟ ਵਿੱਚ ਚਲ ਰਹੇ ਹਨ, ਪਰ ਸਰਕਾਰ ਇਹਨਾਂ ਨੂੰ ਵੀ ਬੰਦ ਕਰਨ ਦੀ ਸੋਚ ਰਹੀ ਹੈ, ਕਿਉਂਕਿ ਟਕਸਾਲ ਵਿੱਚ ਇਹਨਾਂ ਦੀ ਛਪਾਈ ਉੱਪਰ ਉਹਨਾਂ ਦੀ ਕੀਮਤ ਨਾਲੋਂ ਵੀ ਵੱਧ ਖਰਚਾ ਆਉਂਦਾ ਹੈ। ਅੰਗਰੇਜ਼ੀ ਹਕੂਮਤ ਸਮੇਂ ਰਿਜਰਵ ਬੈਂਕ ਨੇ 1938 ਵਿੱਚ 5 ਰੁਪਏ ਅਤੇ 10000 ਰੁਪਏ ਦੇ ਨੋਟ ਛਪਾਈ ਦੀ ਸ਼ੁਰੂਆਤ ਕੀਤੀ ਸੀ,1978 ਚ 10000ਰੁਪਏ ਦੇ ਨੋਟ ਨੂੰ ਸਰਕਾਰ ਨੇ ਬੰਦ ਕਰ ਦਿੱਤਾ ਸੀ। ਸਰਕਾਰ ਨੇ 500 ਰੁਪਏ ਦਾ ਨੋਟ 1987 ਵਿੱਚ ਅਤੇ 1000 ਰੁਪਏ ਦਾ ਨੋਟ ਸੰਨ 2000 ਚ ਛਾਪਣਾ ਸ਼ੁਰੂ ਕੀਤਾ ਸੀ। ਜਿੰਨਾ ਨੂੰ ਬੰਦ ਕਰ ਦਿੱਤਾ ਹੈ। ਹੁਣ 10ਰੁਪਏ, 20 ਰੁਪਏ, 50 ਰੁਪਏ, 100 ਰੁਪਏ, 200 ਰੁਪਏ, 500 ਰੁਪਏ ਅਤੇ 2000 ਰੁਪਏ ਦੇ ਨੋਟ ਭਾਰਤੀ ਰਿਜਰਵ ਬੈਂਕ ਦੇ ਬਾਜ਼ਾਰ ਵਿੱਚ ਖਰੀਦੋ ਫਰੋਖਤ ਲਈ ਹਨ। ਭਾਰਤ ਵਿੱਚ ਪਹਿਲੀ ਨੋਟ ਬੰਦੀ 1946 ਚ ਹੋਈ ਸੀ, ਜਿਸ ਵਿੱਚ 1938 ਦੇ ਬਣੇ 1000 ਅਤੇ 10000 ਰੁਪਏ ਦੇ ਨੋਟਾਂ ਨੂੰ ਬੰਦ ਕੀਤਾ ਗਿਆ ਸੀ।ਇਸ ਤੋਂ ਬਾਅਦ 1976 ਵਿਚ ਅਤੇ ਫਿਰ 2016 ਵਿਚ ਵੀ ਭਾਰਤ ਸਰਕਾਰ ਨੇ ਕੀਤੀ ਨੋਟਬੰਦੀ ਵਿੱਚ 500,1000 ਅਤੇ 2000 ਰੁਪਏ ਦੇ ਨੋਟ ਬੰਦ ਕਰ ਦਿੱਤੇ ਸਨ।ਹੁਣ 10 ਰੁਪਏ, 20 ਰੁਪਏ, 50 ਰੁਪਏ, 100 ਰੁਪਏ, 200 ਰੁਪਏ, 500 ਰੁਪਏ ਅਤੇ 2000 ਰੁਪਏ ਦੇ ਨੋਟ ਭਾਰਤੀ ਰਿਜਰਵ ਬੈਂਕ ਦੇ ਬਾਜ਼ਾਰ ਵਿੱਚ ਖਰੀਦੋ ਫਰੋਖਤ ਲਈ ਬਜ਼ਾਰ ਵਿੱਚ ਸਨ।ਪਰ ਹੁਣ 2000 ਰੁਪਏ ਦਾ ਨੋਟ ਵੀ ਬੰਦ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਵੱਖ ਵੱਖ ਪੜਾਵਾਂ ਨੂੰ ਪਾਰ ਕਰਦੀ ਸਾਡੀ ਅਜੋਕੀ ਹੱਥਲੀ ਕਰੰਸੀ ਹੋਂਦ ਵਿੱਚ ਆਈ ਹੈ। ਸਾਡੇ ਦੇਸ਼ ਦੀ ਕਰੰਸੀ ਨੂੰ ਖਰਾਬ ਕਰਨਾ ਕਾਨੂੰਨੀ ਅਪਰਾਧ ਹੈ।ਸੋ ਨੋਟਾਂ ਉੱਪਰ ਕੁਝ ਲਿਖਣ, ਨੁਕਸਾਨ ਕਰਨ, ਫਾੜ੍ਹਨ, ਸਟੈਪਲ ਕਰਨ ਆਦਿ ਤੋਂ ਸੰਕੋਚ ਕਰਨਾਂ ਚਾਹੀਦਾ ਹੈ।

# ਸਹਾਇਕ ਧੰਦੇ ਨਾਲ ਜੁੜ ਅਗਾਂਹਵਧੂ ਕਿਸਾਨ -ਸਰਦਾਰ ਜੀ ਗੁੜ ਬਾਰਨ ਵਾਲੇ

ਇੱਕ ਪਾਸੇ ਜਿੱਥੇ ਪੰਜਾਬੀ ਨੌਜਵਾਨਾਂ ਵਿਚ ਜ਼ਮੀਨ ਬੈਅ ਕਰਕੇ ਜਾਂ ਗਹਿਣੇ ਕਰਕੇ ਪੱਛਮੀ ਦੇਸ਼ਾਂ ਦੇ ਡਾਲਰਾਂ ਦੀ ਚਕਾਚੌਂਧ ਦੇ ਲਾਲਚਵੱਸ ਹਰ ਗੈਰਕਾਨੂੰਨੀ ਹਰਬੇ ਨਾਲ ਵਲੈਤੀ ਮੁਲਕਾਂ ਚ ਦਾਖਿਲ ਹੋਣ ਦੀ ਹੋੜ ਲੱਗੀ ਹੋਈ ਹੈ ਅਤੇ ਲੋਨ ਦੀ ਵੱਡੀ ਰਕਮ ਏਜੰਟਾਂ ਕੋਲ ਲੁਟਾ ਡਿਪੋਰਟ ਹੋ ਕੇ ਬਰਬਾਦੀ ਦੇ ਰੋਣੇ ਰੋ ਰਹੇ ਹਨ, ਉੱਥੇ ਬਹੁਤ ਸਾਰੇ ਨੌਜਵਾਨ ਪੰਜਾਬ ਵਿੱਚ ਹੀ ਖੇਤੀ ਦੇ ਨਾਲ ਸਹਾਇਕ ਧੰਦਿਆਂ ਨੂੰ ਅਪਣਾ ਕੇ ਆਪਣੀ ਵਧੀਆ ਅਤੇ ਖੁਸ਼ਹਾਲ ਜ਼ਿੰਦਗੀ ਬਸਰ ਕਰ ਰਹੇ ਹਨ ਅਤੇ ਦੂਜਿਆਂ ਲਈ ਪ੍ਰੇਰਨਾ ਸਰੋਤ ਵੀ ਬਣ ਰਹੇ ਹਨ। ਉਹਨਾਂ ਹੀ ਉੱਦਮੀ ,ਦ੍ਰਿੜ ਇਰਾਦੇ ਵਾਲੇ ਅਤੇ ਮਿਹਨਤੀ ਕਿਸਾਨਾਂ ਵਿੱਚੋਂ ਹਨ -ਪਿੰਡ ਬਾਰਨ, ਜ਼ਿਲ੍ਹਾ ਪਟਿਆਲਾ ਦੇ ਕਿਸਾਨ ਸ੍ਰ ਜਸਵੰਤ ਸਿੰਘ ਦੇ ਪੁੱਤਰ  ਗੁਰਮੁਖ ਸਿੰਘ ਅਤੇ ਹਰਜਿੰਦਰ ਸਿੰਘ।

ਇਹਨਾਂ ਦੋਵਾਂ ਭਰਾਵਾਂ ਰਵਾਇਤੀ ਖੇਤੀ ਤੋਂ ਹਟ ਕੇ ਨਵੀਂ ਤਕਨੀਕ ਨਾਲ ਖੇਤੀ ਕਰਨ ਦਾ ਫੈਸਲਾ ਲਿਆ ਅਤੇ ਖੇਤੀ ਦੇ ਨਾਲ ਨਾਲ ਸਹਾਇਕ ਧੰਦੇ ਵਜੋਂ ਗੁੜ ਦੇ ਉਤਪਾਦਨ ਦੇ ਕੰਮ ਨੂੰ ਅਪਣਾ ਲਿਆ। ਉਹਨਾਂ ਨੇ ਹਿੰਮਤ ਨੂੰ ਯਾਰ ਬਣਾਕੇ ਪਟਿਆਲਾ-ਸਰਹਿੰਦ ਸੜਕ ਦੇ ਕਿਨਾਰੇ 2010-11 ਵਿੱਚ  ਘੁਲਾੜੀ/ਵੇਲਣਾ ਲਗਾ ਕੇ ਆਰਗੈਨਿਕ ਗੰਨੇ ਤੋਂ ਗੁੜ/ਸ਼ੱਕਰ ਦਾ ਉਤਪਾਦਨ ਸ਼ੁਰੂ ਕੀਤਾ ਸੀ ਅਤੇ ਸੜਕ ਦੇ ਕਿਨਾਰੇ ਹੀ ਰੱਖ ਕੇ ਵੇਚਣਾ ਸ਼ੁਰੂ ਕਰ ਦਿੱਤਾ।ਅੱਜ ਉਹਨਾਂ ਦੀ ਇਸ "ਸਰਦਾਰ ਜੀ ਗੁੜ ਵਾਲੇ" ਘੁਲਾੜੀ ਤੋਂ ਵਧੀਆ ਕੁਆਲਿਟੀ ਕਾਰਣ ਲੋਕ ਦੂਰੋਂ ਦੂਰੋਂ ਗੁੜ ਅਤੇ ਸ਼ੱਕਰ ਲੈਣ ਲਈ ਆਉਂਦੇ ਹਨ।

ਇਸ ਬਾਬਤ ਜਾਣਕਾਰੀ ਸਾਂਝੀ ਕਰਦਿਆਂ ਹਰਜਿੰਦਰ ਸਿੰਘ ਨੇ ਦੱਸਿਆ ਬਾਰਵੀਂ ਪਾਸ ਕਰਨ ਉਪਰੰਤ ਉਸਨੇ ਆਪਣੇ ਕਿੱਤੇ ਦੀ ਤਕਨੀਕੀ ਜਾਣਕਾਰੀ ਵਿਚ ਵਾਧਾ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਕਲਾਸਾਂ ਲਗਾ ਕੇ ਗੁੜ, ਸ਼ੱਕਰ ਬਣਾਉਣ ਵਿੱਚ ਮੁਹਾਰਤ ਹਾਸਲ ਕੀਤੀ ਹੈ। ਚਾਹੇ ਰਸਮੀ ਤੌਰ ਤੇ ਇਸ ਕਿੱਤੇ ਚ ਮੁਹਾਰਤ ਲਈ ਟ੍ਰੇਨਿੰਗ ਲਈ ਹੈ,ਪਰ ਬਾਪੂ ਤੋਂ ਉੱਪਰ ਕੋਈ ਯੂਨੀਵਰਸਿਟੀ ਨਹੀਂ ਹੈ।

ਜਦੋਂ ਉਹਨਾਂ ਆਰਗੈਨਿਕ ਗੁੜ/ਸ਼ੱਕਰ ਦੇ ਉਤਪਾਦਨ ਨੂੰ ਸਹਾਇਕ ਧੰਦੇ ਵਜੋਂ ਅਪਣਾ ਕੇ ਇਹ ਕੰਮ ਸ਼ੁਰੂ ਕੀਤਾ ਸੀ ਤਾਂ ਉਸ ਸਮੇਂ ਉਹਨਾਂ ਨੇ 6 ਏਕੜ ਜ਼ਮੀਨ ਵਿੱਚ ਗੰਨਾਂ ਬੀਜਿਆ ਸੀ,ਪਰ ਗੁੜ ਸ਼ੱਕਰ ਦੀ ਕੁਆਲਿਟੀ ਵਧੀਆ ਹੋਣ ਕਾਰਨ ਉਹਨਾਂ ਦੀ ਵਿਕਰੀ ਵੀ ਵਧੀਆ ਰਹੀ। ਅਗਲੇ ਵਰ੍ਹੇ ਜਦੋਂ ਨਵੰਬਰ ਮਹੀਨੇ ਗੰਨੇ ਤੋਂ ਗੁੜ ਤਿਆਰ ਕਰਨ ਲਈ ਕੰਮ ਸ਼ੁਰੂ ਕੀਤਾ ਤਾਂ



ਕੁਆਲਿਟੀ ਵਧੀਆ ਹੋਣ ਕਾਰਣ ਸ਼ੁਰੂਆਤ ਵਿਚ ਹੀ ਲੋਕਾਂ ਵੱਲੋਂ ਗੁੜ ਦੀ ਮੰਗ ਵਧ ਗਈ, ਸੋ ਸਾਨੂੰ ਦੇਰ ਰਾਤ ਤੱਕ ਮੁਸ਼ੱਕਤ ਕਰਨੀ ਪੈਂਦੀ ਸੀ,ਪਰ ਇਸ ਨਾਲ ਸਾਡੇ ਹੌਸਲੇ ਜ਼ਰੂਰ ਬੁਲੰਦ ਹੋਏ।

ਉਹਨਾਂ ਦੱਸਿਆ ਕਿ ਗੁੜ ਅਤੇ ਸ਼ੱਕਰ ਬਣਾਉਣ ਲਈ ਗੰਨੇ ਦੇ ਰਸ ਨੂੰ ਖ਼ਾਸ ਤਾਪਮਾਨ ਤੇ ਪਕਾਇਆ ਜਾਂਦਾ ਹੈ।ਗੁੜ ਪਕਾਉਣ ਲਈ ਕਿਸੇ ਵੀ ਕੈਮੀਕਲ ਦੀ ਵਰਤੋਂ ਨਹੀਂ ਕੀਤੀ ਜਾਂਦੀ, ਬਲਕਿ ਭਿੰਡੀਆਂ ਦੇ ਬੂਟਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਸਰਕਾਰੀ ਸਿਹਤ ਵਿਭਾਗ ਵੱਲੋਂ ਵੀ ਸੈਂਪਲ ਚੈੱਕ ਕੀਤੇ ਗਏ ਜੋ ਪ੍ਰਮਾਣਿਕਤਾ ਦੇ ਤਰਾਜੂ ਤੇ ਖ਼ਰੇ ਉੱਤਰੇ। ਉਹਨਾਂ ਗੰਨਾਂ 6 ਏਕੜ ਤੋਂ ਵਧਾ ਕੇ ਹੁਣ ਤੱਕ 25 ਏਕੜ ਜ਼ਮੀਨ ਵਿਚ ਬੀਜ ਦਿੱਤਾ, ਜੋ ਉਹਨਾਂ ਆਪਣੇ ਰਿਸ਼ਤੇਦਾਰਾਂ ਅਤੇ ਇੱਕ ਦੋ ਦੋਸਤਾਂ ਦੇ ਖੇਤਾਂ ਵਿਚ ਵੀ ਬਿਜਾਈ ਕਰਵਾਈ ਹੈ। ਉਹਨਾਂ ਦਾ ਕਹਿਣਾ ਹੈ ਕਿ ਉਹ ਭਿੰਡੀਆਂ ਦੀ ਬਿਜਾਈ ਵੀ ਆਪ ਹੀ ਕਰਦੇ ਹਨ ਅਤੇ ਗੁੜ ਬਣਾਉਣ ਚ ਇਸਦੀ ਵਰਤੋਂ ਕਰਦੇ ਹਨ। ਗੰਨੇ ਦੀ ਕਿਸਮ ਬਾਰੇ ਉਨ੍ਹਾਂ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਕਿਸਮ 18, ਕਿਸਮ 85 ਅਤੇ ਪੌਂਡਾ ਕਿਸਮ ਦਾ ਗੰਨਾ ਕਾਸ਼ਤ ਕੀਤਾ ਜਾਂਦਾ ਹੈ। ਗੰਨੇ ਉੱਪਰ ਵੀ ਕਿਸੇ ਕਿਸਮ ਦੀ ਪੈਸਟੀਸਾਈਡ ਦਾ ਛਿੜਕਾਅ ਨਹੀਂ ਕੀਤਾ ਜਾਂਦਾ, ਬਲਕਿ ਰੂੜੀ ਦੀ ਦੇਸੀ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ। ਉਹਨਾਂ ਦੀ ਘੁਲਾੜੀ ਤੋਂ ਵਧੀਆ ਗੁੜ, ਸ਼ੱਕਰ ਤੋਂ ਇਲਾਵਾ ਗਾਜਰ ਵਾਲਾ ਗੁੜ, ਹਲਦੀ ਵਾਲਾ ਗੁੜ, ਡਰਾਈ ਫਰੂਟ ਵਾਲਾ ਗੁੜ ਵੀ ਉਪਲਬਧ ਮਿਲਦਾ ਹੈ। ਹੁਣ ਗਾਹਕਾਂ ਦੀ ਮੰਗ ਉਹਨਾਂ ਸਰੋਂ ਦਾ ਤੇਲ, ਹਲਦੀ ਅਤੇ ਦੇਸੀ ਖੰਡ ਵੀ ਬਣਾਉਣਾ ਸ਼ੁਰੂ ਕਰ ਦਿੱਤਾ ਹੈ।

ਕਿਸਾਨੀ ਭਰਾਵਾਂ ਦਾ ਕਹਿਣਾ ਹੈ ਕਿ ਹਰ ਕੰਮ ਮਿਹਨਤ, ਸੂਝ, ਜ਼ਿੱਦ, ਸਹਿਣਸ਼ੀਲਤਾ ਅਤੇ ਰੌਚਕਤਾ ਮੰਗਦਾ ਹੈ।

'ਹਿੰਮਤ ਕਰੇ ਇਨਸਾਨ ਤੋਂ ਕਿਆ ਕਾਮ ਹੈ ਮੁਸ਼ਕਿਲ ..' ਦੇ ਧਾਰਨੀ ਬਣਨ ਦੀ ਲੋੜ ਹੁੰਦੀ ਹੈ। ਅਸੀਂ ਤਾਂ ਆਪਣੇ ਕੰਮ ਨੂੰ ਸਮਰਪਿਤ ਹਾਂ ਅਤੇ ਸਾਡਾ ਤਾਂ ਇੱਥੇ ਹੀ ਅਮਰੀਕਾ, ਕੇਨੈਡਾ ਹੈ। ਅਸੀਂ ਤਾਂ ਹਿੰਮਤ ਨੂੰ ਯਾਰ ਬਣਾਇਆ ਹੋਇਆ ਹੈ,ਨਾ ਸਾਨੂੰ ਏਜੰਟਾਂ ਹੱਥੋਂ ਲੁਟੇ ਜਾਣ ਦਾ ਦੁੱਖ ਹੈ ਅਤੇ ਨਾ ਹੀ ਡਿਪੋਰਟ ਹੋਣ ਦਾ ਡਰ।

ਹੁਣ ਘੁਲਾੜੀ ਨਵੰਬਰ ਮਹੀਨੇ ਤੋਂ ਸ਼ੁਰੂ ਹੋ ਕੇ ਅਪ੍ਰੈਲ ਦੇ ਪਹਿਲੇ ਹਫਤੇ ਤੱਕ ਚਲਦੀ ਹੈ। ਸਾਡਾ ਸਾਰਾ ਪਰਿਵਾਰ ਸਾਰਥਕ ਸੋਚ ਕਰਕੇ ਇਸ ਕੰਮ ਚ ਹੱਥ ਵਟਾਉਣ ਤੋਂ ਸੰਕੋਚ ਨਹੀਂ ਕਰਦਾ। ਨੌਜਵਾਨਾਂ ਨੂੰ ਸੁਨੇਹਾ ਦਿੰਦਿਆਂ ਉਨ੍ਹਾਂ ਦਾ ਕਹਿਣਾ ਹੈ ਕਿ ਨਵੀਆਂ ਤਕਨੀਕਾਂ ਨਾਲ ਰਵਾਇਤੀ ਤਰੀਕਿਆਂ ਅਤੇ ਫ਼ਸਲਾਂ ਦੇ ਬਦਲਾਅ ਨਾਲ ਖੇਤੀ ਫਾਇਦੇਮੰਦ ਧੰਦਾ ਹੈ। ਵਿਦੇਸ਼ੀਂ ਭੱਜਣ ਨਾਲੋਂ ਗੁਰੂਆਂ ਦੀ ਇਸ ਪੰਜਾਬ ਦੀ ਧਰਤੀ ਤੇ ਮਿਹਨਤ ਨਾਲ ਖੇਤੀ ਕਰਕੇ ਵੀ ਖੁਸ਼ਹਾਲ ਬਣਿਆ ਜਾ ਸਕਦਾ ਹੈ।

**– ਇੰਜੀ ਸਤਨਾਮ ਸਿੰਘ ਮੱਟੂ**

# ਪੰਜਾਬੀ ਸਿਨੇਮਾ ਦੀ 90ਵੀਂ ਵਰ੍ਹੇਗੰਢ (ਗ੍ਰੇਨਾਈਟ ਜੁਬਲੀ)



ਭੀਮ ਰਾਜ ਗਰਗ
91-98765-45157

ਸਿਨੇਮਾ 20ਵੀਂ ਸਦੀ ਦਾ ਚਮਤਕਾਰ ਭਾਰਤ ਵਿੱਚ 7 ਜੁਲਾਈ 1896 ਨੂੰ ਵਾਟਸਨ ਹੋਟਲ, ਬੰਬੇ ਵਿੱਚ ਲੁਮੀਅਰ ਬ੍ਰਦਰਜ਼ ਦੁਆਰਾ ਛੇ ਛੋਟੀਆਂ ਫਿਲਮਾਂ ਦੀ ਸਕ੍ਰੀਨਿੰਗ ਨਾਲ ਵਾਪਰਿਆ। ਧੁੰਡੀਰਾਜ ਗੋਵਿੰਦ ਫਾਲਕੇ ਨੇ ਭਾਰਤ ਦੀ ਪਹਿਲੀ ਮੂਕ ਫੀਚਰ ਫਿਲਮ "ਰਾਜਾ ਹਰਿਸ਼ਚੰਦਰ" (1913) ਬਣਾਈ ਸੀ। ਪੰਜਾਬ ਵਿੱਚ, ਪੰਨਾ ਲਾਲ ਘੋਸ਼ ਨੇ ਇੱਕ ਲਘੂ ਫਿਲਮ 'ਜਾਅਲੀ ਕਰੰਸੀ' (1920) ਬਣਾਈ, ਜੋ ਪੂਰੀ ਤਰ੍ਹਾਂ ਨਾਲ ਮਿੰਟ ਏਰੀਆ, ਲਾਹੌਰ ਵਿੱਚ ਫਿਲਮਾਈ ਗਈ ਸੀ। ਜੀ. ਕੇ. ਮਹਿਤਾ ਨੂੰ ਪੰਜਾਬ ਦੀ ਪਹਿਲੀ ਮੂਕ ਫਿਲਮ 'ਡਾਟਰਜ਼ ਆਫ ਟੂਡੇ' ਉਰਫ 'ਪ੍ਰੇਮ ਪਰੀਕਸ਼ਾ' (1928) ਦਾ ਨਿਰਮਾਣ ਕਰਨ ਦਾ ਮਾਣ ਪ੍ਰਾਪਤ ਹੋਇਆ ਸੀ, ਜੋ ਲਾਹੌਰ ਵਿੱਚ ਸਫਲਤਾਪੂਰਵਕ ਚੱਲਣ ਤੋਂ ਬਾਅਦ 5 ਜਨਵਰੀ, 1929 ਨੂੰ ਬੰਬਈ ਵਿੱਚ ਰਿਲੀਜ਼ ਹੋਈ ਸੀ। ਇਸ ਦੌਰਾਨ, ਹਿਮਾਂਸ਼ੂ ਰਾਏ ਨੇ 'ਦਿ ਲਾਈਟ ਆਫ਼ ਏਸ਼ੀਆ' ਉਰਫ਼ 'ਪ੍ਰੇਮ ਸੰਨਿਆਸ' (1925) ਦੇ ਨਿਰਮਾਣ ਲਈ ਲਾਹੌਰ ਹਾਈ ਕੋਰਟ ਦੇ ਸੇਵਾਮੁਕਤ ਜੱਜ, ਜਸਟਿਸ ਮੋਤੀ ਸਾਗਰ ਨਾਲ ਸਹਿਯੋਗ ਕੀਤਾ। ਇਸ ਦੇ ਨਾਲ ਹੀ ਆਰ।ਐਲ।ਸ਼ੋਰੀ (ਕਿਸਮਤ ਕੇ ਹੇਰ ਫੇਰ-1929) ਅਤੇ ਏ।ਆਰ। ਕਾਰਦਾਰ (ਹੁਸਨ ਕਾ ਡਾਕੂ, ਸਰਫਰੋਸ਼, ਸਫਦਰ ਜੰਗ ਅਤੇ ਕਾਤਿਲ ਕਟਾਰ ਆਦਿ) ਨੇ ਵੀ ਫਿਲਮ ਬਣਾਉਣ ਦਾ ਉੱਦਮ ਕੀਤਾ।

1931 ਵਿੱਚ ਟਾਕੀਜ਼ ਦੇ ਆਉਣ ਨਾਲ, ਪੰਜਾਬ ਦੀ ਪਹਿਲੀ ਟਾਕੀ ਬਣਾਉਣ ਲਈ ਇੱਕ ਰੇਸ ਲੱਗ ਗਈ ਸੀ। ਆਰ। ਐਲ। ਸ਼ੋਰੀ ਨੇ 2 ਸਤੰਬਰ 1932 ਨੂੰ 'ਰਾਧੇ ਸ਼ਿਆਮ' ਦੀ ਰਿਲੀਜ਼ ਦੇ ਨਾਲ ਮੁਕਾਬਲੇਬਾਜ਼ਾਂ ਨੂੰ ਪਛਾੜ ਦਿੱਤਾ। ਏ.ਆਰ. ਕਾਰਦਾਰ ਨੇ ਹੀਰ ਅਤੇ ਰਾਂਝੇ ਦੀ ਪ੍ਰਸਿੱਧ ਪੰਜਾਬੀ ਲੋਕ ਕਥਾ ਨੂੰ 'ਹੀਰ ਰਾਂਝਾ' (1932) ਦੇ ਸਿਨੇਮੈਟਿਕ ਬਿਰਤਾਂਤ ਵਿੱਚ ਢਾਲਿਆ। ਇਹਨਾਂ ਫਿਲਮਾਂ ਦੀ ਸਫਲਤਾ ਨੇ ਲਾਹੌਰ ਵਿੱਚ ਫਿਲਮ ਨਿਰਮਾਣ ਗਤੀਵਿਧੀਆਂ ਨੂੰ ਲੋੜੀਂਦੀ ਹੱਲਾਸ਼ੇਰੀ ਦਿਤੀ। ਹੋਰ ਖੇਤਰੀ ਫ਼ਿਲਮ-ਸਾਜ਼ਾਂ ਤੋਂ ਪ੍ਰੇਰਨਾ ਲੈ ਕੇ ਲਾਹੌਰ ਦੇ ਕੁਝ ਫ਼ਿਲਮਸਾਜ਼ਾਂ ਨੇ ਵੀ ਪੰਜਾਬੀ ਫ਼ਿਲਮ ਬਣਾਉਣ ਬਾਰੇ ਸੋਚਿਆ। ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਸਫ਼ਲਤਾ ਮਿਲੀ ਅਤੇ ਪੰਜਾਬੀ ਭਾਸ਼ਾ ਦੀ ਪਲੇਠੀ ਟਾਕੀ "ਇਸ਼ਕ-ਏ-ਪੰਜਾਬ" ਉਰਫ਼ "ਮਿਰਜ਼ਾ ਸਾਹਿਬਾਂ" (1935) ਹਿੰਦਮਾਤਾ ਸਿਨੇਟੋਨ ਦੇ ਬੈਨਰ ਹੇਠ ਤਿਆਰ ਕੀਤਾ ਗਿਆ। ਇਸਦਾ ਨਿਰਦੇਸ਼ਨ ਜੀ।ਆਰ। ਸੇਠੀ ਨੇ ਕੀਤਾ ਸੀ ਅਤੇ ਇਸ ਫਿਲਮ ਨੂੰ 29 ਮਾਰਚ, 1935 ਨੂੰ ਨਿਰੰਜਨ ਟਾਕੀਜ਼ ਲਾਹੌਰ ਵਿਖੇ ਰਿਲੀਜ਼ ਕੀਤਾ ਗਿਆ ਸੀ, ਜਿਸ ਨੇ ਭਾਰਤੀ ਸਿਨੇਮਾ ਦੇ ਇਤਿਹਾਸ ਵਿੱਚ ਇੱਕ ਸੁਨਹਿਰੀ ਅਧਿਆਏ ਜੋੜਿਆ ਸੀ।

ਪੰਜਾਬ ਦੇ ਪ੍ਰੀਮੀਅਰ ਸ੍ਰੀ ਸਿਕੰਦਰ ਹਯਾਤ ਖਾਨ ਨੇ ਮੁੱਖ ਮਹਿਮਾਨ ਵਜੋਂ ਕੇ।ਡੀ। ਮੇਹਰਾ ਦੀ ਬਲਾਕਬਸਟਰ ਪੰਜਾਬੀ ਫਿਲਮ 'ਸ਼ੀਲਾ' ਉਰਫ਼ 'ਪਿੰਡ ਦੀ ਕੁੜੀ' (1936) ਨੂੰ ਕੋਰਿੰਥੀਅਨ ਸਿਨੇਮਾ, ਕਲਕੱਤਾ ਵਿਖੇ ਸ਼ਿਰਕਤ ਕੀਤੀ ਸੀ। ਇਸ ਸਮਾਗਮ ਦੀ ਬਦੋਲਤ ਪੰਜਾਬੀ ਫ਼ਿਲਮਾਂ ਨੂੰ ਦੇਸ਼ ਭਰ ਵਿਚ ਚੰਗਾ ਹੁੰਗਾਰਾ ਮਿਲਿਆ। ਇਸ ਤੋਂ ਬਾਅਦ ਹੀਰ ਸਿਆਲ, ਗੁਲ ਬਕਾਵਲੀ, ਸੱਸੀ ਪੁੰਨੂ, ਸੋਹਣੀ ਮਹੀਵਾਲ, ਦੁੱਲਾ ਭੱਟੀ ਅਤੇ ਯਮਲਾ ਜੱਟ ਵਰਗੀਆਂ ਜੁਬਲੀ ਫ਼ਿਲਮਾਂ ਸਿਲਵਰ ਸਕ੍ਰੀਨ 'ਤੇ ਪੇਸ਼ ਕੀਤੀਆਂ ਗਈਆਂ। ਰੂਪ ਕੇ। ਸ਼ੋਰੀ ਦੀ ਫਿਲਮ 'ਮੰਗਤੀ' (1942) ਨੇ ਪਲੈਟੀਨਮ ਜੁਬਲੀ ਮਨਾਈ ਸੀ ਅਤੇ ਇਸਦਾ ਰਿਕਾਰਡ ਅਜੇ ਵੀ ਅਟੁੱਟ ਹੈ। ਇਹ ਫਿਲਮਾਂ ਮੁੱਖ ਤੌਰ 'ਤੇ ਪੰਜਾਬੀ ਲੋਕਧਾਰਾ ਵਿੱਚ ਡੂੰਘੀਆਂ ਜੜ੍ਹਾਂ ਵਾਲੇ ਪਿਆਰ, ਸਨਮਾਨ ਅਤੇ ਕੁਰਬਾਨੀ ਦੇ ਵਿਸ਼ਿਆਂ 'ਤੇ ਕੇਂਦਰਿਤ ਸਨ। ਨਤੀਜੇ ਵਜੋਂ, ਪੰਜਾਬੀ ਲੋਕ ਸੰਗੀਤ/ਨ੍ਰਿਤ ਫ਼ਿਲਮਾਂ ਦਾ ਅਨਿੱਖੜਵਾਂ ਅੰਗ ਬਣ ਗਿਆ। ਆਪਣੇ ਸਿਰਜਣਾਤਮਕ ਯਤਨਾਂ, ਉੱਦਮੀ ਪਹਿਲਕਦਮੀਆਂ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ, 'ਮਹਿਰਾ-ਸ਼ੋਰੀ-ਪੰਚੋਲੀ' ਦੀ ਤ੍ਰਿਏਕ ਨੇ ਪੰਜਾਬੀ ਸਿਨੇਮਾ ਦੇ ਵਿਕਾਸ ਲਈ ਇੱਕ ਮਜ਼ਬੂਤ ਨੀਂਹ ਰੱਖੀ। ਹਿੰਦੁਸਤਾਨ ਦੀ ਵੰਡ ਦਾ ਪੰਜਾਬੀ ਫਿਲਮ ਇੰਡਸਟਰੀ 'ਤੇ ਬਹੁਤ ਮਾੜਾ ਅਸਰ ਪਿਆ। ਸਟੂਡੀਓ ਦੇ ਮਾਲਕਾਂ, ਨਿਰਦੇਸ਼ਕਾਂ, ਟੈਕਨੀਸ਼ੀਅਨਾਂ, ਕਲਾਕਾਰਾਂ ਦੇ ਪਰਵਾਸ ਨੇ ਲਾਹੌਰ ਨੂੰ ਇੱਕ ਭੂਤ ਫਿਲਮ-ਸਿਟੀ ਵਿੱਚ ਬਦਲ ਦਿੱਤਾ। 6 ਅਗਸਤ, 1948 ਨੂੰ ਪਾਕਿਸਤਾਨ ਵਿੱਚ ਰਿਲੀਜ਼ ਹੋਈ ਆਜ਼ਾਦ ਭਾਰਤ ਦੀ ਪਹਿਲੀ ਪੰਜਾਬੀ ਫ਼ਿਲਮ "ਚਮਨ" ਸਰਹੱਦ ਦੇ ਦੋਵੇਂ ਪਾਸੇ ਜ਼ਬਰਦਸਤ ਹਿੱਟ ਹੋਈ। ਉਜੜੇ ਹੋਏ ਫਿਲਮ ਨਿਰਮਾਤਾਵਾਂ/ਕਲਾਕਾਰਾਂ ਨੇ ਲੱਛੀ, ਛਈ, ਮਦਾਰੀ, ਪੋਸਤੀ, ਜੁਗਨੀ, ਕੋਡੇ ਸ਼ਾਹ, ਵਣਜਾਰਾ ਵਰਗੀਆਂ ਰੋਮਾਂਟਿਕ ਕਾਮੇਡੀਜ਼ ਬਣਾ ਕੇ ਉਦਯੋਗ ਨੂੰ ਮੁੜ ਉਸਾਰਨ ਵਿੱਚ ਅਹਿਮ ਭੂਮਿਕਾ ਨਿਭਾਈ।

ਭਾਖੜੀ ਭਰਾਵਾਂ ਦੇ ਦਬਦਬੇ ਵਾਲੇ 1960 ਦੇ ਦਹਾਕੇ ਨੂੰ ਅਕਸਰ ਪੰਜਾਬੀ ਸਿਨੇਮਾ ਦਾ ਸੁਨਹਿਰੀ ਦੌਰ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਭੰਗੜਾ (1959) ਫਿਲਮ ਰਾਹੀਂ ਪੰਜਾਬੀ ਫਿਲਮਾਂ ਵਿੱਚ ਭੰਗੜਾ ਗੀਤਾਂ ਦਾ ਇੱਕ ਨਵਾਂ ਰੁਝਾਨ ਸਥਾਪਤ ਕੀਤਾ। ਚੌਧਰੀ ਕਰਨੈਲ ਸਿੰਘ, ਜੱਗਾ, ਸਤਲੁਜ ਦੇ ਕੰਡੇ ਅਤੇ ਸੱਸੀ ਪੁੰਨੂੰ (1965) ਨੇ ਪੰਜਾਬੀ ਸਿਨੇਮਾ ਵਿੱਚ ਨਵੇਂ ਬਿਰਤਾਂਤ ਅਤੇ ਸ਼ੈਲੀਆਂ ਪੇਸ਼ ਕੀਤੀਆਂ। ਨਾਨਕ ਨਾਮ ਜਹਾਜ਼ ਹੈ (1969), ਨੇ ਸਿੱਖ ਗੁਰੂਆਂ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਦਰਸਾਉਂਦੀਆਂ ਅਗਲੀਆਂ ਧਾਰਮਿਕ ਫਿਲਮਾਂ ਜਿਵੇਂ ਨਾਨਕ ਦੁਖੀਆ ਸਭ ਸੰਸਾਰ, ਦੁਖ ਭੰਜਨ ਤੇਰਾ ਨਾਮ ਅਤੇ ਚੰਗੇ ਮੰਦੇ ਤੇਰੇ ਬੰਦੇ ਆਦਿ ਲਈ ਸਟੇਜ ਤਿਆਰ ਕੀਤੀ। ਧਾਰਮਿਕ ਫਿਲਮਾਂ ਨੇ ਸੱਭਿਆਚਾਰਕ ਮਾਣ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨਾ ਜਾਰੀ ਰੱਖਿਆ, ਜਦੋਂ ਕਿ ਕਾਮੇਡੀਜ਼ ਨੇ ਹਾਸੇ-ਮਜ਼ਾਕ ਅਤੇ ਵਿਅੰਗਾਤਮਕ ਕਿਰਦਾਰਾਂ ਲਈ ਪ੍ਰਸਿੱਧੀ ਪ੍ਰਾਪਤ ਕੀਤੀ। ਕਣਕਾਂ ਦੇ ਓਹਲੇ, ਤੇਰੀ ਮੇਰੀ ਇਕ ਜਿੰਦੜੀ, ਦਾਜ, ਜਿੰਦੜੀ ਯਾਰ ਦੀ, ਸਰਪੰਚ ਅਤੇ ਪਹਿਲੀ ਮਲਟੀਸਟਾਰਰ ਫਿਲਮ 'ਪੁੱਤ ਜੱਟਾਂ ਦੇ' ਨੇ ਨੌਜਵਾਨਾਂ ਦੇ ਦਿਲਾਂ ';ਤੇ ਰਾਜ ਕੀਤਾ। ਇਸ ਸਮੇਂ ਦੌਰਾਨ ਪੰਜਾਬੀ ਸਿਨੇਮਾ ਵਿੱਚ ਵੇਖੇ ਗਏ ਵਿਭਿੰਨ ਰੁਝਾਨਾਂ ਨੇ ਦਰਸ਼ਕ ਬਦਲਦੀਆਂ ਤਰਜੀਹਾਂ ਅਤੇ ਸਮਾਜਿਕ ਗਤੀਸ਼ੀਲਤਾ ਦੇ ਅਨੁਕੂਲ ਹੋਣ ਦੀ ਉਦਯੋਗ ਦੀ ਯੋਗਤਾ ਨੂੰ ਦਰਸਾਇਆ।

ਅਗਲੇ ਦਹਾਕੇ ਵਿੱਚ ਉਡੀਕਾਂ, ਮੁਗਲਾਨੀ ਬੇਗਮ, ਚੰਨ ਪਰਦੇਸੀ ਅਤੇ ਮੜ੍ਹੀ ਦਾ ਦੀਵਾ ਵਰਗੀਆਂ ਫ਼ਿਲਮਾਂ ਨੇ ਪੋਲੀਵੁੱਡ ਵਿੱਚ ਸਮਾਨਾਂਤਰ ਸਿਨੇਮਾ ਦੇ ਉਭਾਰ ਨੂੰ ਦਰਸਾਇਆ। 1980 ਦੇ ਦਹਾਕੇ ਵਿੱਚ ਜੱਟ ਜਿਉਣਾ ਮੌੜ, ਜੱਟ ਸੂਰਮੇ, ਅਣਖ ਜੱਟਾਂ ਦੀ, ਜੱਟ ਦਾ ਗੰਡਾਸਾ ਅਤੇ ਜੱਟ ਪੰਜਾਬ ਦਾ ਆਦਿ ਫਿਲਮਾਂ ਵਿੱਚ ਜੱਟਵਾਦ, ਹਿੰਸਾ, ਬਦਲਾਖੋਰੀ ਅਤੇ ਅਸ਼ਲੀਲਤਾ ਹਾਵੀ ਰਹੀ। ਖ਼ੂਨ ਦੇ ਪਿਆਸੇ/ਬਦਲਾ ਲੈਣ ਵਾਲੇ ਨਾਇਕਾਂ ਦੇ ਇਸ ਦੌਰ ਵਿੱਚ, ਯੋਗਰਾਜ ਸਿੰਘ ਅਤੇ ਗੁੱਗੂ ਗਿੱਲ ਸਭ ਤੋਂ ਵੱਡੇ ਸਿਤਾਰੇ ਬਣ ਕੇ ਉਭਰੇ।


ਪੰਜਾਬੀ ਸਿਨੇਮਾ ਦੇ ਬੇਤਾਜ ਬਾਦਸ਼ਾਹ ਵੀਰੇਂਦਰ ਦੀ 'ਜੱਟ ਤੇ ਜ਼ਮੀਨ' (1988) ਫਿਲਮ ਦੀ ਸ਼ੂਟਿੰਗ ਦੌਰਾਨ ਮੰਦਭਾਗੀ ਹੱਤਿਆ ਕਾਰਣ ਪੰਜਾਬੀ ਫਿਲਮ ਇੰਡਸਟਰੀ ਨੂੰ ਬਹੁਤ ਵੱਡਾ ਝਟਕਾ ਲੱਗਿਆ ਸੀ। ਫਿਲਮ ਪ੍ਰੋਡਕਸ਼ਨ ਵਿਚ ਵੱਡੀ ਗਿਰਾਵਟ ਆ ਗਈ ਅਤੇ ਦਰਸ਼ਕ ਸਿਨੇਮਾ ਹਾਲਾਂ ਤੋਂ ਕੋਸੋਂ ਦੂਰ ਹੋ ਗਏ ਸਨ। 1999 ਵਿੱਚ ਮਨੋਜ ਪੁੰਜ ਦੀ 'ਸ਼ਹੀਦ-ਏ- ਮੁਹੱਬਤ ਬੂਟਾ ਸਿੰਘ' ਅਤੇ ਜਸਪਾਲ ਭੱਟੀ ਦੀ 'ਮਹੌਲ ਥੀਕ ਹੈ' ਨਾਲ ਬਦਲਾਅ ਦੀਆਂ ਹਵਾਵਾਂ ਚੱਲਣੀਆਂ ਸ਼ੁਰੂ ਹੋਈਆਂ। ਪੁਨਰਜਾਗਰਣ ਦੀ ਮਸ਼ਹੂਰ ਹਸਤੀ ਮਨਮੋਹਨ ਸਿੰਘ ਨੇ ਆਖ਼ਿਰੀ ਸਾਹਾਂ 'ਤੇ ਪਈ ਪੰਜਾਬੀ ਫ਼ਿਲਮ ਇੰਡਸਟਰੀ ਨੂੰ ਰੋਮਾਂਟਿਕਵਾਦ ਦੀ ਇੱਕ ਨਵੀਂ ਲਹਿਰ ਨਾਲ ਮੁੜ ਸੁਰਜੀਤ ਕੀਤਾ। ਸੁਰੀਲੀ ਰਚਨਾਵਾਂ ਜਿਵੇਂ 'ਜੀ ਆਇਆਂ ਨੂੰ' (2002) ਅਤੇ ਅਸਾਂ ਨੂੰ ਮਾਨ ਵਤਨਾ ਦਾ (2004) ਵਰਗੇ ਸਿਨੇਮੈਟਿਕ ਮਾਸਟਰਪੀਸਾਂ ਨੇ ਸ਼ਾਨਦਾਰ ਫਾਰਮ ਹਾਊਸਾਂ ਅਤੇ ਆਧੁਨਿਕ ਲਗਜ਼ਰੀ ਵਾਲੇ ਪੰਜਾਬ ਨੂੰ ਪ੍ਰਦਰਸ਼ਿਤ ਕੀਤਾ, ਜਿਸ ਨਾਲ ਸਮਕਾਲੀ ਸੰਵੇਦਨਾਵਾਂ ਨੂੰ ਆਕਰਸ਼ਿਤ ਕਰਦੇ ਹੋਏ, ਦਰਸ਼ਕਾਂ ਦੇ ਅਧਾਰ ਨੂੰ ਰਵਾਇਤੀ ਜਨਸੰਖਿਆ ਤੋਂ ਅੱਗੇ ਵਧਾਇਆ ਗਿਆ।

ਜੱਟ ਐਂਡ ਜੂਲੀਅਟ (2012), ਅਨੁਰਾਗ ਸਿੰਘ ਦੁਆਰਾ ਨਿਰਦੇਸਿਤ ਕੀਤਾ ਗਿਆ ਹੈ, ਜੋ ਕਿ ਇੱਕ ਬਿੰਦੂ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਦੇ ਸੀਕਵਲਾਂ ਨੇ ਬਾਕਸ-ਆਫਿਸ 'ਤੇ ਬੇਮਿਸਾਲ ਸਫਲਤਾ ਪ੍ਰਾਪਤ ਕੀਤੀ, ਸੀਕਵਲ ਅਤੇ ਫਰੈਂਚਾਈਜ਼ ਫਿਲਮਾਂ ਦਾ ਰੁਝਾਨ ਸਥਾਪਤ ਕੀਤਾ। ਡਾਂਯ ਅਤੇ ਛਘੀ ਦੇ ਨਾਲ 3ਧ ਐਨੀਮੇਸ਼ਨ ਪੀਰੀਅਡ-ਡਰਾਮਾ 'ਚਾਰ ਸਾਹਿਬਜ਼ਾਦੇ' (2014), ਇੱਕ ਤੋਂ ਵੱਧ ਤਰੀਕਿਆਂ ਨਾਲ ਇੱਕ ਮੋਹਰੀ ਸੰਕਲਪ ਸੀ। 'ਕੈਰੀ ਆਨ ਜੱਟਾ 3'; ਦੀ ਸਪੈਨਿਸ਼ ਸਬ-ਟਾਈਟਲਸ ਦੇ ਨਾਲ ਸਪੇਨ ਸਮੇਤ 30 ਦੇਸ਼ਾਂ ਵਿੱਚ ਜੇਤੂ ਰਿਲੀਜ਼, ਪੰਜਾਬੀ ਸਿਨੇਮਾ ਦੇ ਵਿਸ਼ਵਵਿਆਪੀ ਆਕਰਸ਼ਣ ਨੂੰ ਦਰਸਾਉਂਦੀ ਹੈ। ਬਹੁਤ ਸਾਰੀਆਂ ਔਰਤਾਂ-ਕੇਂਦ੍ਰਿਤ ਫਿਲਮਾਂ ਚੰਨੋ, ਗੇਲੋ, ਨੀਧੀ ਸਿੰਘ, ਗੁੜੀਆ ਪਟੋਲੇ, ਅੜ੍ਹਬ ਮੁਟਿਆਰਾਂ, ਅਫਸਰ ਅਤੇ ਸੌਂਕਣ ਸੌਂਕਣੇ ਆਦਿ ਨੇ ਵਪਾਰਕ ਸਫਲਤਾ ਅਤੇ ਆਲੋਚਨਾਤਮਕ ਪ੍ਰਸ਼ੰਸਾ ਪ੍ਰਾਪਤ ਕੀਤੀ। ਸੱਭਿਆਚਾਰਕ ਮੈਟ੍ਰਿਕਸ ਪੰਜਾਬੀ ਫਿਲਮਾਂ ਦੇ ਸਮੇਂ ਦੇ ਪਾਠਕ ਸਪੇਸ ਨੂੰ ਸਕ੍ਰਿਪਟ ਕਰਦਾ ਹੈ ਅਤੇ ਅੰਗਰੇਜ਼, ਬੰਬੂਕਾਟ, ਰੱਬ ਦਾ ਰੇਡੀਓ ਆਦਿ ਫਿਲਮਾਂ ਨੇ ਪੇਂਡੂ ਖੇਤੀ ਜੀਵਨ ਢੰਗ ਲਈ ਇੱਕ ਪੁਰਾਣੀ ਯਾਦ ਅਤੇ ਤਰਸ ਨੂੰ ਦਰਸਾਇਆ ਹੈ। ਹਾਲ ਹੀ ਵਿੱਚ ਮੇਲ ਕਰਾਦੇ ਰੱਬਾ, ਜਿਨ੍ਹੇ ਮੇਰਾ ਦਿਲ ਲੁਟਿਆ, ਪੰਜਾਬ 1984, ਅੰਬਰਸਰੀਆ, ਸ਼ਡਾ, ਅਰਦਾਸ ਕਰਾਂ ਅਤੇ ਚਲ ਮੇਰਾ ਪੁੱਟ ਆਦਿ ਫ਼ਿਲਮਾਂ ਨੇ ਬਾਕਸ-ਆਫਿਸ 'ਤੇ ਧੂਮ ਮਚਾਈ। ਮਸ਼ਹੂਰ ਗੀਤ 'ਲੌਂਗ-ਲਾਚੀ' ਨੇ ਜਾਦੂਈ 1 ਬਿਲੀਅਨ ਵਿਊਜ਼ ਦੇ ਅੰਕੜੇ ਨੂੰ ਛੂਹ ਲਿਆ ਹੈ।

ਹੰਬਲ ਮੋਸ਼ਨ ਪਿਕਚਰਸ, ਵ੍ਹਾਈਟ ਹਿੱਲ ਸਟੂਡੀਓਜ਼, ਰਿਦਮ ਬੁਆਏਜ਼ ਐਂਟਰਟੇਨਮੈਂਟ, ਓਹਰੀ ਪ੍ਰੋਡਕਸ਼ਨ ਆਦਿ ਵੱਡੇ ਪ੍ਰੋਡਕਸ਼ਨ ਹਾਊਸਾਂ ਦਾ ਇਸ ਮਨੋਰੰਜਨ ਵਾਲੇ ਉਦਯੋਗ ਨਾਲ ਜੁੜਣਾ, ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਨਿਵੇਸ਼ ਵਧ ਰਿਹਾ ਹੈ ਅਤੇ ਰਿਕਾਰਡ ਤੋੜ ਮੁਨਾਫ਼ਾ ਹੋ ਰਿਹਾ ਹੈ। ਚੰਡੀਗੜ੍ਹ, ਪਟਿਆਲਾ ਅਤੇ ਨਾਭਾ ਅਤਿ-ਆਧੁਨਿਕ ਤਕਨਾਲੋਜੀ ਅਤੇ ਟੈਕਨੋ-ਸਮਝਦਾਰ ਪੇਸ਼ੇਵਰਾਂ ਨਾਲ ਸ਼ੂਟਿੰਗ ਹੱਬ ਵਜੋਂ ਸਾਹਮਣੇ ਆਏ ਹਨ। ਕਈ ਨੌਜਵਾਨ ਨਿਰਦੇਸ਼ਕਾਂ ਨੇ ਆਪਣੇ 'ਦ੍ਰਿਸ਼ਟੀਕੋਣ' ਨਾਲ ਪੰਜਾਬੀ ਸਿਨੇਮਾ ਦੀ ਚਾਲ ਨੂੰ ਢਾਲਣ ਅਤੇ ਵਿਸ਼ਵ ਪੱਧਰ 'ਤੇ ਇਸ ਦੇ ਕੱਦ ਨੂੰ ਉੱਚਾ ਚੁੱਕਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਂਜ, ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਪ੍ਰਗਤੀਸ਼ੀਲ ਫ਼ਿਲਮ ਨੀਤੀ ਬਣਾ ਕੇ ਮਨੋਰੰਜਨ ਉਦਯੋਗ ਨੂੰ ਉਤਸ਼ਾਹਿਤ ਕਰੇ; ਚਾਹੇ ਉਹ ਫਿਲਮ ਸਿਟੀ ਦਾ ਵਿਕਾਸ ਹੋਵੇ ਜਾਂ ਸਿਖਰ ਫਿਲਮ ਇੰਸਟੀਚਿਊਟ ਦੀ ਸਥਾਪਨਾ ਹੋਵੇ ਅਤੇ ਰਾਜ ਫਿਲਮ ਪੁਰਸਕਾਰਾਂ ਦਾ ਗਠਨ ਹੋਵੇ। ਸਾਲਾਂ ਦੌਰਾਨ, ਕਈ ਪੰਜਾਬੀ ਫਿਲਮਾਂ ਨੇ ਅੰਤਰਰਾਸ਼ਟਰੀ ਫ਼ਿਲਮ ਮੇਲਿਆਂ ਵਿੱਚ ਰਾਸ਼ਟਰੀ ਫਿਲਮ ਅਵਾਰਡ ਅਤੇ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ, ਜੋ ਉਦਯੋਗ ਦੇ ਵਿਕਾਸ ਅਤੇ ਬਿਰਤਾਂਤਕ ਸੂਝ ਨੂੰ ਦਰਸਾਉਂਦੀਆਂ ਹਨ। ਚੌਧਰੀ ਕਰਨੈਲ ਸਿੰਘ (1962) ਪਹਿਲੀ ਪੰਜਾਬੀ ਫ਼ਿਲਮ ਸੀ ਜਿਸ ਨੂੰ ਰਾਸ਼ਟਰੀ ਪੱਧਰ 'ਤੇ ਸਨਮਾਨਿਤ ਕੀਤਾ ਗਿਆ ਸੀ, ਜਿਸ ਤੋਂ ਬਾਅਦ ਜੱਗਾ, ਸਤਲੁਜ ਦੇ ਕੰਡੇ, ਨਾਨਕ ਨਾਮ ਜਹਾਜ਼ ਹੈ, ਚੰਨ ਪ੍ਰਦੇਸੀ, ਮੜ੍ਹੀ ਦਾ ਦੀਵਾ, ਸ਼ਹੀਦ-ਏ-ਮੁਹੱਬਤ ਬੂਟਾ ਸਿੰਘ ਆਦਿ ਫ਼ਿਲਮਾਂ ਜੇਤੂ ਹੋਈਆਂ ਸਨ ਅਤੇ ਹੁਣ ਵੀ ਪੰਜਾਬੀ ਫ਼ਿਲਮਾਂ ਰਾਸ਼ਟਰੀ ਅਵਾਰ੍ਡ੍ਸ ਜਿੱਤ ਰਹੀਆਂ ਹਨ। ਅਪ੍ਰਤੱਖ ਤੌਰ 'ਤੇ 'ਵਾਰਿਸ ਸ਼ਾਹ-ਇਸ਼ਕ ਦਾ ਵਾਰਿਸ' ਨੇ ਆਸਕਰ (ਆਮ ਸ਼੍ਰੇਣੀ) ਵਿੱਚ ਜਗ੍ਹਾ ਬਣਾਈ ਸੀ। ਪੰਜਾਬੀ ਇੰਡੀ ਫਿਲਮ ਨਿਰਮਾਤਾਵਾਂ ਨੇ ਆਪਣੇ ਨਵ-ਯਥਾਰਥਵਾਦੀ ਪ੍ਰੋਡਕਸ਼ਨ ਜਿਵੇਂ ਕਿ ਅੰਨ੍ਹੇ ਘੋੜੇ ਦਾ ਦਾਨ, ਚੌਥੀ ਕੂਟ ਅਤੇ ਨਾਬਰ ਨਾਲ ਅੰਤਰਰਾਸ਼ਟਰੀ ਆਲੋਚਨਾਤਮਕ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ।

ਲਾਹੌਰ ਤੋਂ ਸ਼ੁਰੂ ਹੋਏ ਪੰਜਾਬੀ ਸਿਨੇਮਾ ਨੇ ਲੋਕ ਕਥਾਵਾਂ ਦੇ ਸ਼ੁਰੂਆਤੀ ਰੂਪਾਂਤਰਾਂ ਤੋਂ ਆਰੰਭ ਹੋਕੇ ਵਿਸ਼ਵ-ਵਿਆਪੀ ਵਿਸ਼ਿਆਂ ਦੇ ਆਪਣੇ ਸਮਕਾਲੀ ਖੋਜਾਂ ਤੱਕ ਇੱਕ ਸ਼ਾਨਦਾਰ ਸਫ਼ਰ ਤੈਅ ਕੀਤਾ ਹੈ। ਇਸ ਦੇ ਵਿਕਾਸ ਅਤੇ ਵਿਕਾਸ ਦੇ ਵੱਖ-ਵੱਖ ਪੜਾਵਾਂ ਨੇ ਪੰਜਾਬ ਦੇ ਸੱਭਿਆਚਾਰਕ ਦ੍ਰਿਸ਼ ਨੂੰ ਸ਼ਿੰਗਾਰਿਆ ਹੈ। ਬਹੁਤ ਸਾਰੀਆਂ ਚੁਣੌਤੀਆਂ ਦੇ ਬਾਵਜੂਦ, ਪੰਜਾਬੀ ਸਿਨੇਮਾ ਆਪਣੇ ਜੋਸ਼ੀਲੇ ਫਿਲਮ ਨਿਰਮਾਤਾਵਾਂ, ਪ੍ਰਤਿਭਾਸ਼ਾਲੀ ਕਲਾਕਾਰਾਂ/ਤਕਨੀਸ਼ੀਅਨਾਂ ਅਤੇ ਸਮਰਪਿਤ ਦਰਸ਼ਕ ਅਧਾਰ ਦੁਆਰਾ ਪ੍ਰਫੁੱਲਤ ਹੁੰਦਾ ਰਿਹਾ ਹੈ। ਪੰਜਾਬੀ ਸਿਨੇਮਾ ਹੁਣ ਭਾਰਤ ਦੇ ਚੋਟੀ ਦੇ ਖੇਤਰੀ ਸਿਨੇਮਾ ਵਿੱਚ ਸ਼ੁਮਾਰ ਹੈ ਅਤੇ ਇਹ ਹਰ ਸਾਲ 70 ਤੋਂ 80 ਫਿਲਮਾਂ ਦਾ ਨਿਰਮਾਣ ਕਰਕੇ 400-450 ਕਰੋੜ ਰੁਪਏ ਦਾ ਅੰਦਾਜ਼ਨ ਬਾਕਸ ਆਫਿਸ ਕਾਰੋਬਾਰ ਕਰਦਾ ਹੈ।

ਇਹ ਭਾਰਤੀ ਅਤੇ ਗਲੋਬਲ ਸਿਨੇਮਾ ਦੀ ਅਮੀਰ ਟੇਪਸਟਰੀ ਵਿੱਚ ਯੋਗਦਾਨ ਪਾਉਂਦੇ ਹੋਏ, ਆਪਣੇ ਲਈ ਇੱਕ ਖਾਸ ਮੁਕਾਮ ਬਣਾਉਣਾ ਜਾਰੀ ਰੱਖਦਾ ਹੈ। ਕੈਟਰਪਿਲਰ ਹੁਣ ਇੱਕ ਤਿਤਲੀ ਵਿੱਚ ਬਦਲ ਗਿਆ ਹੈ, ਇਹ ਨੱਬੇ ਸਾਲਾਂ ਦਾ ਜੀਵੰਤ 'ਪੰਜਾਬੀ ਸਿਨੇਮਾ' ਹੁਣ ਸਿਰਫ਼ ਭਾਰਤੀ ਪੰਜਾਬ ਨਾਲ ਸਬੰਧਤ ਨਹੀਂ ਹੈ, ਸਗੋਂ ਇਹ 'ਗਲੋਬਲ ਪੰਜਾਬ ਦੇ ਸਿਨੇਮਾ' ਵਜੋਂ ਉਭਰਿਆ ਹੈ।




















# ਆਪਣੀ ਸੋਚ ਦਾ ਦਾਇਰਾ ਵਿਸ਼ਾਲ ਰੱਖੋ

ਜਦੋਂ ਕੋਈ ਵੀ ਇਨਸਾਨ ਇਸ ਦੁਨੀਆਂ ਵਿੱਚ ਮਹਾਨ ਕੰਮ ਕਰਦਾ ਹੈ ਤਾਂ ਉਸਦੀ ਸੋਚ ਦੀ ਰੱਜ ਕੇ ਸਹਾਰਨਾ ਕੀਤੀ ਜਾਂਦੀ ਹੈ, ਕਿ ਫਲਾਣਾ ਬੰਦਾ ਬਹੁਤ ਸੁਚੱਜੀ ਸੋਚ ਦਾ ਮਾਲਿਕ ਹੈ । ਇਸੇ ਤਰ੍ਹਾਂ ਕੋਈ ਜੱਗੋ ਤੇਰਵੀਂ ਕਰ ਵਿਖਾਵੇ ਤਾਂ ਵੀ ਉਸਦੀ ਸੋਚ ਨੂੰ ਹੀ ਭੰਡਿਆ ਜਾਂਦਾ ਹੈ ਇੱਕ ਸੋਚ ਹੀ ਤਾਂ ਹੈ ਜੋ ਮਨੁੱਖ ਦੀ ਦੇਵਤੇ ਦੀ ਤਰ੍ਹਾਂ ਪੂਜਾ ਕਰਵਾ ਦਿੰਦੀ ਹੈ ਅਤੇ ਕਿਸੇ ਮਨੁੱਖ ਨੂੰ ਫਿਟਕਾਰਾਂ। ਸੋ ਥੋੜੇ ਸ਼ਬਦਾਂ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਮਨੁੱਖੀ ਸੋਚ ਮਨੁੱਖੀ ਸਖਸ਼ੀਅਤ ਨੂੰ ਉਭਾਰਣ ਵਿੱਚ ਖਾਸ ਭੂਮਿਕਾ ਨਿਭਾਉਂਦੀ ਹੈ।

ਹਰ ਇਨਸਾਨ ਦੇ ਸੋਚਣ ਦਾ ਤਰੀਕਾ ਵੱਖਰਾ ਵੱਖਰਾ ਹੈ, ਕਈ ਸਕਾਰਾਤਮਕ ਸੋਚ ਵਾਲੇ ਹੁੰਦੇ ਹਨ, ਕੁਝ ਨਕਰਾਤਮਕ ਸੋਚ ਵਾਲੇ ਅਤੇ ਕੁਝ ਦੋਨਾਂ ਪੱਖਾਂ ਨੂੰ ਨਾਲ ਲੈਕੇ ਚੱਲਦੇ ਹਨ। ਕਿਸੇ ਇਨਸਾਨ ਦੀ ਸੋਚ ਦੇ ਕਾਰਣ ਹੀ ਕਿਸੇ ਨੂੰ ਗੁਲਾਬ ਦੇ ਪੌਦੇ ਉੱਪਰ ਗੁਲਾਬ ਦੇ ਫੁੱਲ ਨਜ਼ਰ ਆ ਰਹੇ ਹੁੰਦੇ ਹਨ, ਨਵੀਆਂ ਖਿੜਦੀਆਂ ਕਲੀਆਂ ਨਜ਼ਰ ਆ ਰਹੀਆਂ ਹਨ ਪਰ ਕਿਸੇ ਨੂੰ ਪੌਦੇ ਉੱਪਰ ਲੱਗੇ ਕੰਡੇ ਨਜ਼ਰੀ ਪੈ ਰਹੇ ਹਨ, ਉਸਦਾ ਧਿਆਨ ਨਵੀਆਂ ਖਿੜੀਆਂ ਕਲੀਆਂ ਵੱਲ ਨਾ ਜਾ ਕੇ ਮੁਰਝਾ ਕੇ ਜਮੀਨ ਉੱਤੇ ਡਿੱਗੀਆਂ ਸੁੱਕੀਆਂ ਪੱਤੀਆਂ ਵੱਲ ਜਾਵੇਗਾ, ਕੁਝ ਅਜਿਹੇ ਹੁੰਦੇ ਹਨ ਜੋ ਫੁੱਲ ਦੀ ਸੁੰਦਰਤਾ ਦੇ ਨਾਲ ਨਾਲ ਕੰਡਿਆਂ ਵੱਲ ਵੀ ਧਿਆਨ ਲੈਕੇ ਜਾਂਦੇ ਹਨ। ਸੋ ਕਹਿਣ ਤੋਂ ਭਾਵ ਕਿ ਜਿੰਨੀ ਤਰ੍ਹਾਂ ਦੇ ਮਨੁੱਖ ਹੁੰਦੇ ਹਨ ਸਾਰੇ ਆਪਣੀ ਆਪਣੀ ਸੋਚ ਦੇ ਮੁਹਤਾਜ਼ ਹੁੰਦੇ ਹਨ।

ਅਸੀਂ ਆਪਣੀ ਸੋਚ ਦੇ ਅਨੁਸਾਰ ਹੀ ਇਨਸਾਨਾਂ ਦੇ ਕਿਰਦਾਰ ਆਪਣੇ ਮਨ ਅੰਦਰ ਬਣਾ ਲੈਂਦੇ ਹਾਂ। ਬਹੁਤ ਵਾਰ ਹੁੰਦਾ ਹੈ ਕਿ ਬਹੁਤਾਂਤ ਲੋਕਾਂ ਦੀ ਸੋਚ ਦਾ ਦਾਇਰਾ ਬਹੁਤ ਛੋਟਾ ਹੁੰਦਾ ਹੈ, ਜਿਸ ਕਾਰਣ ਉਹ ਹਰ ਚੀਜ਼ ਨੂੰ ਨਕਾਰਾਤਮਕ ਪੱਖ ਅਤੇ ਸੌੜੀ ਸੋਚ ਦੇ ਅਧੀਨ ਹੋਕੇ ਹੀ ਦੇਖਦੇ ਅਤੇ ਸੋਚਦੇ ਹਨ।

ਅਸੀਂ ਬਹੁਤ ਸਾਰੇ ਲੋਕ ਦੇਖਦੇ ਹਾਂ ਜੋ ਲੋਕਾਂ ਦੇ ਚਰਿੱਤਰ ਬਾਰੇ ਆਪਣੀ ਸੋਚ ਦੇ ਦਾਇਰੇ ਅਨੁਸਾਰ ਕਿਆਸ ਅਰਾਂਈਆਂ ਲਾਉਣ ਲੱਗਦੇ ਹਨ। ਇੱਕ ਲੜਕੀ ਲੜਕੇ ਨੂੰ ਕਿਸੇ ਜਨਤਕ ਥਾਂ ਤੇ ਗੱਲ ਕਰਦਿਆਂ ਵੇਖ ਜਾਵੇ ਤਾਂ ਬਹੁਤੇ ਲੋਕਾਂ ਦੇ ਮਨਾਂ ਵਿੱਚ ਉਹਨਾਂ ਦੇ ਰਿਸ਼ਤੇ ਨੂੰ ਲੈਕੇ ਹੀ ਵਿਚਾਰ ਚੱਲਣ ਲੱਗ ਪੈਂਦੇ ਹਨ, ਹਾਲਾਂਕਿ ਉਹ ਭੈਣ ਭਰਾ ਵੀ ਹੋ ਸਕਦੇ ਹਨ, ਚੰਗੇ ਦੋਸਤ ਵੀ ਹੋ ਸਕਦੇ ਹਨ। ਇਸੇ ਤਰ੍ਹਾਂ ਆਮ ਜਿੰਦਗੀ ਵਿੱਚ ਘਰਾਂ ਵਿੱਚ ਰਿਸ਼ਤੇਦਾਰੀਆਂ ਵਿੱਚ ਵੀ ਅਜਿਹੀਆਂ ਕਈ ਗੱਲਾਂ ਵੇਖਣ ਨੂੰ ਮਿਲਦੀਆਂ ਹਨ। ਪਰ ਇਹਨਾਂ ਸਾਰੀਆਂ ਘਟਨਾਵਾਂ ਪਿੱਛੇ ਜੋ ਕਾਰਣ ਹੈ ਉਹ ਹੈ ਸੋਚ ਦਾ ਦਾਇਰਾ।

ਅਸਲ ਵਿੱਚ ਸੋਚ ਦੀ ਦਾਇਰਾ ਛੋਟਾ ਹੋਣ ਕਰਕੇ ਹਰ ਗੱਲ ਦੇ ਹੀਣੇ ਅਰਥ ਹੀ ਕੱਢੇ ਜਾਂਦੇ ਹਨ। ਇਸਦਾ ਅਰਥ ਇਹ ਬਿਲਕੁਲ ਨਹੀਂ ਕਿ ਮੈਂ ਕਿਸੇ ਅਸੱਭਿਅਕ ਗੱਲ ਦੇ ਹੱਕ ਵਿੱਚ ਹਾਂ।ਪਰ ਜੇਕਰ ਅਸੀਂ ਚਾਹੁੰਦੇ ਹਾਂ ਕਿ ਅਸੀਂ ਇੱਕ ਵਧੀਆ ਸ਼ਖਸੀਅਤ ਦੇ ਮਾਲਕ ਹੋਈਏ ਤਾਂ ਉਸ ਲਈ ਜਰੂਰੀ ਹੈ ਕਿ ਸਾਡੀ ਸੋਚ ਦਾ ਦਾਇਰਾ ਵੀ ਵਿਸ਼ਾਲ ਹੋਵੇ। ਜਿੰਨੀ ਵੱਡੀ ਸਾਡੀ ਸੋਚ ਹੋਵੇਗੀ ਉਨੇ ਹੀ ਖੁੱਲ੍ਹੇ ਤੇ ਸਕਾਰਾਤਮਕ ਵਿਚਾਰ ਸਾਡੀ ਸ਼ਖਸੀਅਤ ਦਾ ਸ਼ਿੰਗਾਰ ਬਣਨਗੇ । ਜਿੰਨਾ ਅਸੀਂ ਹਰ ਚੀਜ਼ ਨੂੰ ਸੁਚੱਜੇ ਢੰਗ ਨਾਲ ਦੇਖਾਂਗੇ ਉਨ੍ਹਾਂ ਹੀ ਹਰ ਪਾਸੇ ਵਧੀਆ ਚੀਜ਼ਾਂ ਸਾਨੂੰ ਨਜ਼ਰੀ ਆਉਣਗੀਆਂ।

ਮੇਰਾ ਦਾਅਵਾ ਹੈ ਕਿ ਅਜਿਹੀ ਸੋਚ ਅਪਨਾਉਣ ਨਾਲ ਸਾਨੂੰ ਸਾਡਾ ਆਲਾ ਦੁਆਲਾ ਜਾਂ ਜਿੱਥੇ ਅਸੀਂ ਵਿਚਰਦੇ ਹਾਂ ਵਧੇਰੇ ਚੰਗਾ ਲੱਗਣ ਲੱਗ ਜਾਂਦਾ ਹੈ, ਜਿਸ ਨਾਲ ਯਕੀਨਨ ਹੀ ਸਾਡੀਆਂ ਸ਼ਿਕਾਇਤਾਂ ਘੱਟ ਜਾਂਦੀਆਂ ਹਨ ਨਫ਼ਰਤ ਦੇ ਬੀਜ, ਈਰਖਾ ਦੀ ਝਿਣਗਾਂ ਘੱਟ ਜਾਂਦੀਆਂ ਹਨ। ਕਿਉਂਕਿ ਅਸੀਂ ਹਰ ਇਨਸਾਨ ਵਿੱਚ ਚੰਗੇ ਗੁਣ ਹੀ ਦੇਖ ਰਹੇ ਹੋਵਾਂਗੇ। ਮੇਰਾ ਮੰਨਣਾ ਹੈ ਚੰਗੀ ਸ਼ਖਸੀਅਤ ਅਤੇ ਖੁਸ਼ਹਾਲ ਜੀਵਨ ਲਈ ਸਾਡੀ ਸੋਚ ਦਾ ਵੱਡਾ ਹੋਣਾ ਬਹੁਤ ਜਰੂਰੀ ਹੈ। ਜਿੰਨੀ ਵਿਸ਼ਾਲ ਸਾਡੀ ਸੋਚ ਹੋਵੇਗੀ ਉਨੀਆਂ ਹੀ ਵੱਡੀਆਂ ਸਾਡੀਆਂ ਪ੍ਰਾਪਤੀਆਂ ਹੋਣਗੀਆਂ।

**– ਵਿਜੇ ਗਰਗ**



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

# ਸੰਪੂਰਨਤਾ ਦੀ ਤਸਵੀਰ

ਸਾਡੇ ਸਾਰਿਆਂ ਦੇ ਮਨਾਂ ਵਿੱਚ ਹਮੇਸ਼ਾ ਇੱਕ ਆਦਰਸ਼ ਤਸਵੀਰ ਹੁੰਦੀ ਹੈ ਅਤੇ ਜੋ ਵੀ ਉਸ ਮਿਆਰ 'ਤੇ ਪੂਰਾ ਉਤਰਦਾ ਹੈ ਉਹ ਸਾਡੇ ਲਈ ਸੰਪੂਰਨ ਬਣ ਜਾਂਦਾ ਹੈ ਅਤੇ ਅਸੀਂ ਉਸਦੇ ਪ੍ਰਸ਼ੰਸਕ ਬਣ ਜਾਂਦੇ ਹਾਂ। ਅਸੀਂ ਉਸ ਵਿਅਕਤੀ ਵਾਂਗ ਖੁਸ਼, ਖੁਸ਼ਹਾਲ, ਸੰਤੁਸ਼ਟ ਹੋਣ ਦੀ ਇੱਛਾ ਕਰਨ ਲੱਗ ਪੈਂਦੇ ਹਾਂ। ਬਹੁਤ ਘੱਟ ਲੋਕਾਂ ਵਿੱਚ ਇਹ ਸਮਝਣ ਦਾ ਧੀਰਜ ਹੈ ਕਿ ਇਸ ਸੁਹਾਵਣੇ ਚਿੱਤਰ ਨੂੰ ਬਣਾਉਣ ਲਈ ਕਿਸ ਤਰ੍ਹਾਂ ਦਾ ਲੰਬਾ ਸਫ਼ਰ ਕਰਨਾ ਪਿਆ ਹੋਵੇਗਾ। ਉਸ ਖੁਸ਼ਹਾਲ ਮੁਸਕਰਾਉਂਦੇ ਸ਼ਖਸੀਅਤ ਨੂੰ ਬਣਾਈ ਰੱਖਣ ਲਈ ਕਿੰਨੀ ਹਿੰਮਤ ਦਿਖਾਈ ਹੋਵੇਗੀ। ਇਸ ਮੁਕਾਮ ਤੱਕ ਪਹੁੰਚਣ ਲਈ ਕਿੰਨੀ ਮਿਹਨਤ ਅਤੇ ਲਗਨ ਦੀ ਲੋੜ ਪਈ ਹੋਵੇਗੀ। ਪਰਿਪੱਕਤਾ ਦੇ ਕਿੰਨੇ ਮਾਪ ਨਿਰਧਾਰਤ ਕੀਤੇ ਗਏ ਹੋਣਗੇ? ਇਹ ਵੀ ਸੋਚਣ ਯੋਗ ਹੈ ਕਿ ਕਿੰਨੇ ਲੋਕਾਂ ਦੀਆਂ ਜ਼ਿੰਦਗੀਆਂ ਉਨ੍ਹਾਂ ਖੁਸ਼ਹਾਲ ਦਿਖਣ ਵਾਲੇ ਚਿਹਰੇ ਅਸਲ ਵਿੱਚ ਚਮਕਦਾਰ ਹੋਏ ਹੋਣਗੇ ਅਤੇ ਜੀਵਨ ਭਰ ਸੰਤੁਸ਼ਟੀ ਪ੍ਰਾਪਤ ਕੀਤੀ ਹੋਵੇਗੀ, ਜਾਂ ਉਨ੍ਹਾਂ ਨੇ ਆਪਣੀ ਨੀਂਹ ਦੂਜਿਆਂ ਦੇ ਦਰਦ ਅਤੇ ਦੁੱਖਾਂ 'ਤੇ ਬਣਾਈ ਹੋਵੇਗੀ ਅਤੇ ਚੰਗਿਆਈ ਦਾ ਮਖੌਟਾ ਪਹਿਨਿਆ ਹੋਵੇਗਾ। ਇਹ ਵੀ ਸਮਝਣਾ ਚਾਹੀਦਾ ਹੈ ਕਿ ਕੀ ਚਮਕਦਾਰ ਚਿਹਰੇ ਸਿਰਫ਼ ਨਕਲੀ ਹਨ ਜਾਂ ਨਹੀਂ ਜਾਂ ਕੀ ਉਹ ਆਪਣੇ ਅੰਦਰ ਕੋਈ ਭੇਤ ਛੁਪਾ ਰਹੇ ਹਨ। ਉਨ੍ਹਾਂ ਚਿਹਰਿਆਂ ਨੂੰ ਪਛਾਣਨਾ ਇੰਨਾ ਔਖਾ ਨਹੀਂ ਹੈ ਜਿਨ੍ਹਾਂ ਦੇ ਅੰਦਰ ਕੋਈ ਭੇਤ ਨਹੀਂ ਛੁਪਿਆ ਹੋਇਆ ਹੈ, ਕੋਈ ਛਲ ਨਹੀਂ ਹੈ, ਜੇਕਰ ਕੋਈ ਆਪਣੀ ਦ੍ਰਿਸ਼ਟੀ ਨੂੰ ਕਿਸੇ ਵੀ ਜ਼ਿੱਦ ਦੁਆਰਾ ਪ੍ਰੇਰਿਤ ਨਹੀਂ ਹੋਣ ਦਿੰਦਾ। ਚਮਕਦਾਰ ਪ੍ਰਸਿੱਧੀ ਦੀ ਆਪਣੀ ਕੀਮਤ ਹੁੰਦੀ ਹੈ। ਸੁੰਦਰਤਾ, ਸੰਪੂਰਨਤਾ, ਸਫਲਤਾ ਦਾ ਅਨੁਭਵ ਤਾਂ ਹੀ ਕੀਤਾ ਜਾ ਸਕਦਾ ਹੈ ਜਦੋਂ ਸਾਡਾ ਵਜੂਦ ਨਾ ਸਿਰਫ਼ ਸਾਡੇ ਆਪਣੇ ਜੀਵਨ ਵਿੱਚ, ਸਗੋਂ ਬਹੁਤ ਸਾਰੇ ਲੋਕਾਂ ਦੇ ਜੀਵਨ ਵਿੱਚ ਵੀ ਰੌਸ਼ਨੀ ਲਿਆਉਣ ਦੇ ਸਮਰੱਥ ਹੋਵੇ। ਕਿਸੇ ਵੀ ਤਰ੍ਹਾਂ ਦੀ ਤਸਵੀਰ ਜਾਂ ਬਿੰਬ ਨੂੰ ਤੁਰੰਤ ਆਪਣਾ ਆਦਰਸ਼ ਮੰਨਣਾ ਉਚਿਤ ਨਹੀਂ ਹੈ। ਹਾਂ, ਸਾਡਾ ਆਦਰਸ਼ ਕਿਸੇ ਦੇ ਚੰਗੇ ਵਿਚਾਰ, ਚੰਗੇ ਕੰਮ ਹੋ ਸਕਦੇ ਹਨ। ਪਰ ਕਿਸੇ ਦੀ ਨਿੱਜੀ ਪ੍ਰਾਪਤੀ ਸਾਡੇ ਲਈ ਆਦਰਸ਼ ਨਹੀਂ ਹੋ ਸਕਦੀ ਜਦੋਂ ਤੱਕ ਅਸੀਂ ਦੂਜੇ ਵਿਅਕਤੀ ਦੀ ਜੀਵਨ ਯਾਤਰਾ ਨੂੰ ਸਮਝਣ ਲਈ ਧੀਰਜ ਨਹੀਂ ਇਕੱਠਾ ਕਰ ਸਕਦੇ। ਅਕਸਰ ਅਜਿਹਾ ਹੁੰਦਾ ਹੈ ਕਿ ਜਦੋਂ ਅਸੀਂ ਕਿਸੇ ਮਕਸਦ ਦੀ ਭਾਲ ਵਿੱਚ ਹੁੰਦੇ ਹਾਂ, ਕਿਸੇ ਕਾਰਨ ਕਰਕੇ ਸਾਡੀ ਯਾਤਰਾ ਦੀ ਦਿਸ਼ਾ ਵਿੱਚ ਕੋਈ ਸਪੱਸ਼ਟਤਾ ਨਹੀਂ ਹੁੰਦੀ, ਤਾਂ ਜੇਕਰ ਅਚਾਨਕ ਕੋਈ ਵਿਅਕਤੀ ਆ ਕੇ ਦਿਸ਼ਾ ਦੇ ਆਪਣੇ ਗਿਆਨ ਨੂੰ ਸਭ ਤੋਂ ਵਧੀਆ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੰਦਾ ਹੈ, ਤਾਂ ਅਸੀਂ ਆਪਣੇ ਆਪ ਹੀ ਉਸ ਤੋਂ ਪ੍ਰਭਾਵਿਤ ਹੋਣਾ ਸ਼ੁਰੂ ਕਰ ਦਿੰਦੇ ਹਾਂ। ਜਦੋਂ ਕਿ ਕਿਸੇ ਚੀਜ਼ ਨੂੰ ਸਵੀਕਾਰ ਕਰਨਾ ਸਾਡੇ ਵਿਵੇਕ ਅਤੇ ਮੁਲਾਂਕਣ 'ਤੇ ਅਧਾਰਤ ਹੋਣਾ ਚਾਹੀਦਾ ਹੈ। ਸੰਪੂਰਨਤਾ ਦੀ ਤਸਵੀਰ ਜੋ ਅੱਖਾਂ ਨੂੰ ਦਿਖਾਈ ਦਿੰਦੀ ਹੈ, ਅਸਲ ਵਿੱਚ ਸਫਲਤਾ ਅਤੇ ਅਸਫਲ ਕੋਸ਼ਿਸ਼ਾਂ, ਕਮੀਆਂ, ਕਮੀਆਂ, ਨਿਰਾਸ਼ਾਵਾਂ, ਉਤਸ਼ਾਹ, ਬੇਇੱਜ਼ਤੀ, ਆਲੋਚਨਾ ਅਤੇ ਪ੍ਰਸ਼ੰਸਾ ਦੀਆਂ ਛੋਟੀਆਂ ਕਹਾਣੀਆਂ ਤੋਂ ਬਣੀ ਹੁੰਦੀ ਹੈ ਜੋ ਆਪਸ ਵਿੱਚ ਜੁੜੀਆਂ ਹੁੰਦੀਆਂ ਹਨ। ਇਸੇ ਲਈ ਇੱਕ ਸਫਲ ਆਦਰਸ਼ ਸ਼ਖਸੀਅਤ ਨੂੰ ਜਾਣਨਾ ਇੱਕ ਬਹੁਤ ਹੀ ਸੁੰਦਰ ਅਤੇ ਦਿਲਚਸਪ ਅਨੁਭਵ ਬਣ ਜਾਂਦਾ ਹੈ। ਜਦੋਂ ਅਸੀਂ ਅਸਲ ਜ਼ਿੰਦਗੀ ਦੀਆਂ ਕਹਾਣੀਆਂ ਸੁਣਦੇ ਹਾਂ, ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਸਫਲਤਾ ਅਸਲ ਵਿੱਚ ਕਿਸੇ ਟੀਚੇ ਨੂੰ ਪ੍ਰਾਪਤ ਕਰਨ ਨਾਲ ਪਰਿਭਾਸ਼ਿਤ ਨਹੀਂ ਹੁੰਦੀ। ਇਹ ਕੁਝ ਅਜਿਹਾ ਹੈ ਜੋ ਹਰ ਰੋਜ਼, ਹਰ ਪਲ ਵਾਪਰਦਾ ਹੈ। ਇਹੀ ਕਾਰਨ ਹੈ ਕਿ ਇੱਕ ਆਮ ਆਦਮੀ ਵੀ ਜੋ ਆਪਣੀ ਰੋਜ਼ਾਨਾ ਜ਼ਿੰਦਗੀ ਦੀਆਂ ਚੁਣੌਤੀਆਂ ਦੇ ਵਿਚਕਾਰ ਹਿੰਮਤ, ਇਮਾਨਦਾਰੀ ਅਤੇ ਸੰਤੁਸ਼ਟੀ ਨਾਲ ਆਪਣੀ ਜ਼ਿੰਦਗੀ ਜੀਉਂਦਾ ਹੈ, ਅਤੇ ਜੋ ਮੁਸ਼ਕਲਾਂ ਦੇ ਬਾਵਜੂਦ, ਆਪਣੇ ਅਜ਼ੀਜ਼ਾਂ ਨਾਲ ਖੁਸ਼ਹਾਲ ਪਲ ਬਿਤਾਉਣ ਦੀ ਹਿੰਮਤ ਜੁਟਾ ਸਕਦਾ ਹੈ, ਉਸਦੀ ਜ਼ਿੰਦਗੀ ਵੀ ਸੰਪੂਰਨ ਅਤੇ ਸੁੰਦਰ ਹੁੰਦੀ ਹੈ। ਫਿਰ ਜਦੋਂ ਅਸੀਂ ਸੰਪੂਰਨ ਬਣਨ ਦੀ ਇੱਛਾ ਨਾਲ ਕੋਸ਼ਿਸ਼ ਕਰਦੇ ਹਾਂ, ਤਾਂ ਅਸੀਂ ਸਮਝਣ ਲੱਗ ਪੈਂਦੇ ਹਾਂ ਕਿ ਇਸਦਾ ਸਾਡੀ ਹਿੰਮਤ ਨਾਲ ਵਧੇਰੇ ਸਬੰਧ ਹੈ। ਪੂਰੀ ਤਰ੍ਹਾਂ ਟੁੱਟਣ ਤੋਂ ਬਾਅਦ ਅਸੀਂ ਕਿੰਨੀ ਵਾਰ ਆਪਣੇ ਆਪ ਨੂੰ ਵਾਪਸ ਇਕੱਠਾ ਕਰਨ ਦੀ ਹਿੰਮਤ ਜੁਟਾਉਂਦੇ ਹਾਂ? ਹਰ ਵਾਰ ਜਦੋਂ ਅਸੀਂ ਨਿਰਾਸ਼ਾ ਦੀ ਬਜਾਏ ਹਿੰਮਤ ਨੂੰ ਚੁਣਦੇ ਹਾਂ, ਤਾਂ ਅਸੀਂ ਹੋਰ ਸ਼ੁੱਧ ਹੋ ਜਾਂਦੇ ਹਾਂ। ਸਾਡੀ ਕੁਸ਼ਲਤਾ, ਸਾਡੀ ਤਾਕਤ ਪਹਿਲਾਂ ਨਾਲੋਂ ਕਿਤੇ ਵੱਧ ਵਧਦੀ ਹੈ। ਜਪਾਨ ਵਿੱਚ, ਜਦੋਂ ਕੋਈ ਪੁਰਾਣਾ ਮਿੱਟੀ ਦਾ ਘੜਾ ਟੁੱਟਦਾ ਹੈ, ਤਾਂ ਇਸਨੂੰ ਸੋਨਾ, ਚਾਂਦੀ ਅਤੇ ਪਲੈਟੀਨਮ ਵਰਗੀਆਂ ਕੀਮਤੀ ਧਾਤਾਂ ਨਾਲ ਮਿਲਾ ਕੇ ਮੁਰੰਮਤ ਕੀਤਾ ਜਾਂਦਾ ਹੈ। ਇਸ ਕਲਾ ਨੂੰ 'ਕਿਨਟਸੁਗੀ' ਕਿਹਾ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਤੋੜਨ ਨਾਲ ਇਸਦੀ ਸੁੰਦਰਤਾ ਘੱਟ ਨਹੀਂ ਹੁੰਦੀ, ਸਗੋਂ ਵਧਦੀ ਹੈ। ਇਸ

> **ਸੰਪੂਰਨਤਾ ਸਾਨੂੰ ਸਾਡੇ ਜੀਵਨ ਦੇ ਸਫ਼ਰ ਵਿੱਚ ਵਿਲੱਖਣ ਬਣਾਉਂਦੀ ਹੈ, ਅਸੀਂ ਇਸਨੂੰ ਕਿਵੇਂ ਜੀਉਂਦੇ ਹਾਂ, ਅਸੀਂ ਕਿੰਨੇ ਸਮਰਪਿਤ ਹਾਂ, ਅੱਗੇ ਵਧਦੇ ਸਮੇਂ ਅਸੀਂ ਕਿਹੜੀਆਂ ਕਦਰਾਂ-ਕੀਮਤਾਂ ਆਪਣੇ ਨਾਲ ਲੈ ਕੇ ਜਾਂਦੇ ਹਾਂ। ਅਜਿਹਾ ਕੋਈ ਮਾਪਦੰਡ ਨਹੀਂ ਹੈ ਜਿਸ ਨਾਲ ਸੰਪੂਰਨਤਾ ਦਾ ਨਿਰਣਾ ਕੀਤਾ ਜਾ ਸਕੇ। ਪੈਸੇ, ਪ੍ਰਸਿੱਧੀ, ਪਰਿਵਾਰ, ਬੁੱਧੀ ਤੋਂ ਪਰੇ, ਜੇਕਰ ਅਸੀਂ ਆਪਣੇ ਸੰਘਰਸ਼ਾਂ ਵਿੱਚ ਵੀ ਮੁਸਕਰਾਉਣ, ਨੇੜਤਾ ਅਤੇ ਮਨੁੱਖਤਾ ਨੂੰ ਬਣਾਈ ਰੱਖਣ ਦੀ ਹਿੰਮਤ ਮਹਿਸੂਸ ਕਰ ਸਕਦੇ ਹਾਂ, ਤਾਂ ਇਹ ਸਾਡੀ ਪੂਰੀ ਅਤੇ ਸੁੰਦਰ ਤਸਵੀਰ ਹੈ।**

ਸਿਧਾਂਤ ਵਾਂਗ, ਜ਼ਿੰਦਗੀ ਵਿੱਚ ਵੀ ਹਰ ਕਮੀ ਅਤੇ ਅਸਫਲਤਾ ਸਾਨੂੰ ਪਹਿਲਾਂ ਨਾਲੋਂ ਵਧੇਰੇ ਤਜਰਬੇਕਾਰ ਬਣਾਉਂਦੀ ਹੈ ਅਤੇ ਸਾਡੇ ਅੰਦਰ ਸਬਰ ਪੈਦਾ ਕਰਦੀ ਹੈ। ਜੋ ਸਾਨੂੰ ਉੱਤਮਤਾ ਦੇ ਰਾਹ 'ਤੇ ਲੈ ਜਾਂਦਾ ਹੈ। ਜ਼ਿੰਦਗੀ ਵਿੱਚ ਕਠਿਨਾਈਆਂ, ਉਤਰਾਅ-ਚੜ੍ਹਾਅ, ਚੁਣੌਤੀਆਂ 'ਕਿਨਟਸੁਗੀ' ਵਿੱਚ ਵਰਤੇ ਗਏ ਸੋਨੇ ਅਤੇ ਚਾਂਦੀ ਵਰਗੀਆਂ ਕੀਮਤੀ ਧਾਤਾਂ ਵਾਂਗ ਹਨ, ਜਿਨ੍ਹਾਂ ਦੀ ਮੌਜੂਦਗੀ ਜ਼ਿੰਦਗੀ ਨੂੰ ਸ਼ੁੱਧ ਬਣਾਉਂਦੀ ਹੈ। ਸ਼ਖ਼ਸੀਅਤ ਨਿਖਾਰਦੀ ਹੈ। ਜ਼ਿੰਦਗੀ ਵਿੱਚ ਜਿੰਨੇ ਜ਼ਿਆਦਾ ਸੰਘਰਸ਼ ਹੁੰਦੇ ਹਨ, ਅਸੀਂ ਨੇ ਹੀ ਖੁਸ਼ਹਾਲ ਹੁੰਦੇ ਜਾਂਦੇ ਹਾਂ। ਉਸ ਸਮੇਂ ਸਾਡੇ ਰਾਹ ਵਿੱਚ ਆਉਣ ਵਾਲੀਆਂ ਮੁਸੀਬਤਾਂ ਤੋਂ ਅਸੀਂ ਜ਼ਰੂਰ ਨਿਰਾਸ਼ ਹੋ ਸਕਦੇ ਹਾਂ; ਸਾਡਾ ਮਨੋਬਲ ਕਮਜ਼ੋਰ ਹੋ ਸਕਦਾ ਹੈ; ਪਰ ਅਜਿਹੇ ਸਮੇਂ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਜ਼ਿੰਦਗੀ ਦਾ ਇੱਕ ਛੋਟਾ ਜਿਹਾ ਹਿੱਸਾ ਹੀ ਦੇਖ ਰਹੇ ਹਾਂ ਅਤੇ ਉਸ ਨਾਲ ਸੰਘਰਸ਼ ਕਰ ਰਹੇ ਹਾਂ। ਆਪਣੇ ਦੁੱਖਾਂ ਨੂੰ ਪਿੱਛੇ ਛੱਡ ਕੇ ਥੋੜ੍ਹੀ ਜਿਹੀ ਹਿੰਮਤ ਦਿਖਾ ਕੇ, ਸਾਡੇ ਕੋਲ ਯਕੀਨੀ ਤੌਰ 'ਤੇ ਇੱਕ ਨਵਾਂ ਦਿਸਹੱਦਾ ਹੈ। ਸਿਰਫ਼ ਕਿਸੇ ਦੀ ਨਕਲ ਕਰਨਾ ਅਤੇ ਉਨ੍ਹਾਂ ਵਰਗਾ ਬਣਨਾ ਸਾਨੂੰ ਕਦੇ ਵੀ ਸੰਤੁਸ਼ਟੀ ਦੀ ਭਾਵਨਾ ਨਹੀਂ ਦੇ ਸਕਦਾ।

ਸੰਪੂਰਨਤਾ ਸਾਨੂੰ ਸਾਡੇ ਜੀਵਨ ਦੇ ਸਫ਼ਰ ਵਿੱਚ ਵਿਲੱਖਣ ਬਣਾਉਂਦੀ ਹੈ, ਅਸੀਂ ਇਸਨੂੰ ਕਿਵੇਂ ਜੀਉਂਦੇ ਹਾਂ, ਅਸੀਂ ਕਿੰਨੇ ਸਮਰਪਿਤ ਹਾਂ, ਅੱਗੇ ਵਧਦੇ ਸਮੇਂ ਅਸੀਂ ਕਿਹੜੀਆਂ ਕਦਰਾਂ-ਕੀਮਤਾਂ ਆਪਣੇ ਨਾਲ ਲੈ ਕੇ ਜਾਂਦੇ ਹਾਂ। ਅਜਿਹਾ ਕੋਈ ਮਾਪਦੰਡ ਨਹੀਂ ਹੈ ਜਿਸ ਨਾਲ ਸੰਪੂਰਨਤਾ ਦਾ ਨਿਰਣਾ ਕੀਤਾ ਜਾ ਸਕੇ। ਪੈਸੇ, ਪ੍ਰਸਿੱਧੀ, ਪਰਿਵਾਰ, ਬੁੱਧੀ ਤੋਂ ਪਰੇ, ਜੇਕਰ ਅਸੀਂ ਆਪਣੇ ਸੰਘਰਸ਼ਾਂ ਵਿੱਚ ਵੀ ਮੁਸਕਰਾਉਣ, ਨੇੜਤਾ ਅਤੇ ਮਨੁੱਖਤਾ ਨੂੰ ਬਣਾਈ ਰੱਖਣ ਦੀ ਹਿੰਮਤ ਮਹਿਸੂਸ ਕਰ ਸਕਦੇ ਹਾਂ, ਤਾਂ ਇਹ ਸਾਡੀ ਪੂਰੀ ਅਤੇ ਸੁੰਦਰ ਤਸਵੀਰ ਹੈ।

# ਮੈਂ ਤੰਦਰੁਸਤ ਕਿਵੇਂ ਹੋਇਆ? ਪੁਸਤਕ : ਸਿਹਤਮੰਦ ਰਹਿਣ ਲਈ ਗੁਣਾਂ ਦੀ ਗੁੱਥਲੀ

**ਉਜਾਗਰ ਸਿੰਘ**

ਪ੍ਰੋ. ਸ਼ਿੰਗਾਰਾ ਸਿੰਘ ਢਿਲੋਂ ਪੰਜਾਬੀ ਦਾ ਜਾਣਿਆਂ ਪਛਾਣਿਆਂ ਕਾਲਮ ਨਵੀਸ ਹੈ। ਉਸਦੇ ਦੇਸ ਅਤੇ ਵਿਦੇਸ ਦੇ ਅਖਬਾਰਾਂ ਵਿੱਚ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਵੱਖੋ-ਵੱਖ ਵਿਸ਼ਿਆਂ 'ਤੇ ਲੇਖ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਸ਼ਿੰਗਾਰਾ ਸਿੰਘ ਢਿਲੋਂ ਦੀ 'ਮੈਂ ਤੰਦਰੁਸਤ ਕਿਵੇਂ ਹੋਇਆ? 'ਸਿਹਤਮੰਦ ਰਹਿਣ ਲਈ ਗੁਰ ਦੱਸਣ ਵਾਲੀ ਮਹੱਤਵਪੂਰਨ ਪੁਸਤਕ ਹੈ। ਸ਼ਖ਼ਸ਼ੀਅਤ ਬਨਾਉਣ ਲਈ ਨਿਯਮਤ ਢੰਗ ਤਰੀਕੇ ਆਪਨਾਉਣੇ ਪੈਂਦੇ ਹਨ। ਇੱਕ ਕਿਸਮ ਨਾਲ ਇਹ ਪੁਸਤਕ ਤੰਦਰੁਸਤ ਜੀਵਨ ਜਿਓਣ ਲਈ ਜੀਵਨ ਸ਼ੈਲੀ ਦੇ ਢੰਗ ਦੱਸਦੀ ਹੈ। ਚੰਗੀ ਸ਼ਖ਼ਸ਼ੀਅਤ ਬਣਾਉਣ ਲਈ ਚੰਗੀ ਸੋਚ ਤੇ ਤੰਦਰੁਸਤੀ ਜ਼ਰੂਰੀ ਹੈ। ਚੰਗੀ ਇਹ ਪੁਸਤਕ ਸ਼ਿੰਗਾਰਾ ਸਿੰਘ ਢਿਲੋਂ ਨੇ ਆਪਣੀ ਜ਼ਿੰਦਗੀ ਦੇ ਤਜ਼ਰਬਿਆਂ 'ਤੇ ਅਧਾਰਤ ਲਿਖੀ ਹੈ ਕਿਉਂਕਿ ਉਸਨੂੰ ਕਈ ਗੰਭੀਰ ਕਿਸਮ ਦੀਆਂ ਬਿਮਾਰੀਆਂ ਨੇ ਆ ਘੇਰਿਆ ਸੀ। ਉਨ੍ਹਾਂ ਬਿਮਾਰੀਆਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਜਿਹੜੇ ਗੁਰ ਤੰਦਰੁਸਤ ਹੋਣ ਲਈ ਉਸਨੇ ਵਰਤੇ, ਉਨ੍ਹਾਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਹੈ। ਤੰਦਰੁਸਤੀ ਦਾ ਸਰੀਰ ਅਤੇ ਮਨ ਦੋਹਾਂ ਨਾਲ ਸੰਬੰਧ ਹੁੰਦਾ ਹੈ। ਗੁਰਬਾਣੀ ਵਿੱਚ ਲਿਖਿਆ ਹੈ ਕਿ 'ਹੱਸਣ ਖੇਡਣ ਮਨ ਕਾ ਚਾਓ'। ਸਰੀਰ ਦੀ ਮਾਲਸ਼ ਨਾਲ ਵੀ ਬਹੁਤ ਸਾਰੇ ਰੋਗਾਂ ਤੋਂ ਮੁਕਤੀ ਮਿਲਦੀ ਹੈ। ਤੰਦਰੁਸਤੀ ਲਈ ਖ਼ੁਸ਼ ਰਹਿਣਾ ਤੇ ਹੱਸਣਾ ਰੂਹ ਦੀ ਖ਼ੁਰਾਕ ਹੁੰਦਾ ਹੈ। ਤਣਾਓ, ਪ੍ਰੇਸ਼ਾਨੀ ਤੇ ਨਖਿਧ ਸੋਚਾਂ ਬਿਮਾਰੀ ਦਾ ਕਾਰਨ ਬਣਦੇ ਹਨ। ਲੇਖਕ ਨੇ ਬਿਮਾਰੀਆਂ ਆਪਣੀ ਜੀਵਨ ਸ਼ੈਲੀ ਨਾਲ ਆਪ ਸਹੇੜੀਆਂ ਸਨ। ਲੇਖਕ ਨੂੰ ਡਾਕਟਰਾਂ ਨੇ ਕਿਹਾ ਕਿ ਉਹ ਸਿਰਫ 6 ਮਹੀਨੇ ਜੀਵੇਗਾ ਪ੍ਰੰਤੂ ਡਾਕਟਰਾਂ ਦੀ ਸਲਾਹ ਅਤੇ ਜੀਵਨ ਸ਼ੈਲੀ ਵਿੱਚ ਤਬਦੀਲੀ ਖਾਣ-ਪੀਣ, ਅੱਧ-ਪੱਕੀਆਂ ਸਬਜ਼ੀਆਂ ਖਾਣ, ਸੈਰ, ਹਲਕੀ ਕਸਰਤ ਕਰਨ ਨਾਲ ਉਹ ਜਿੰਦਾ ਹੈ। ਇੱਕ-ਇੱਕ ਕਰਕੇ ਸਾਰੀਆਂ ਦਵਾਈਆਂ ਤੋਂ ਨਿਜਾਤ ਮਿਲ ਗਈ। ਕਈ ਗੱਲਾਂ ਦਾ ਡਾਕਟਰ ਓਹਲਾ ਰੱਖਦੇ ਹਨ। ਲੇਖਕ ਨੇ ਵਿਸਤਾਰ ਨਾਲ ਇਹ ਵੀ ਦੱਸਿਆ ਹੈ ਕਿ ਸਾਡੇ ਸਰੀਰ ਦੇ ਸਾਰੇ ਅੰਗਾਂ ਦੇ ਕੀ ਕੰਮ ਹਨ? ਤੇ ਉਹ ਕਿਵੇਂ ਆਪਣੇ ਕੰਮ ਜ਼ਿੰਮੇਵਾਰੀ ਨਾਲ ਨਿਭਾਉਂਦੇ ਹਨ। ਇਸ ਪੁਸਤਕ ਵਿੱਚ ਉਨ੍ਹਾਂ ਦੇ ਛੋਟੇ-ਛੋਟੇ 72 ਲੇਖ ਹਨ, ਜਿਨ੍ਹਾਂ ਵਿੱਚ ਸਾਰੀ ਜਾਣਕਾਰੀ ਬਾਕਮਾਲ ਢੰਗ ਨਾਲ ਦਿੱਤੀ ਗਈ ਹੈ। ਇਨ੍ਹਾਂ ਲੇਖਾਂ ਨੂੰ ਪੜ੍ਹਨ ਲਈ ਦਿਲਚਸਪੀ ਬਣੀ ਰਹਿੰਦੀ ਹੈ, ਇਕ ਲੇਖ ਤੋਂ ਬਾਅਦ ਅਗਲਾ ਲੇਖ ਪੜ੍ਹਨ ਦੀ ਉਤਸੁਕਤਾ ਪੈਦਾ ਹੋ ਜਾਂਦੀ ਹੈ। ਇਹ ਪੁਸਤਕ ਤੰਦਰੁਸਤ ਰਹਿਣ ਲਈ ਇੱਕ ਕਿਸਮ ਨਾਲ ਸੁੰਡ ਦੀ ਗੱਠੀ ਹੈ। ਇਸਨੂੰ ਗੁਣਾਂ ਦੀ ਗੁਥਲੀ ਵੀ ਕਿਹਾ ਜਾ ਸਕਦਾ ਹੈ। ਤੰਦਰੁਸਤੀ ਮਨੁੱਖ ਦੇ ਆਪਣੇ ਹੱਥਾਂ ਵਿੱਚ ਹੁੰਦੀ ਹੈ। ਪੁਸਤਕ ਦਾ ਪਹਿਲਾ ਲੇਖ ਵਿਲੱਖਣ ਢੰਗ ਨਾਲ ਢਿਲੋਂ ਦੇ ਸਰੀਰ ਵੱਲੋਂ ਉਸਨੂੰ ਸੰਬੋਧਨ ਕੀਤਾ ਹੋਇਆ ਹੈ ਕਿ 'ਤੂੰ ਮੇਰੀ ਵਰਤੋਂ ਤਾਂ ਹਰ ਕੰਮ ਲਈ ਕਰ ਰਿਹਾ ਹੈਂ ਪ੍ਰੰਤੂ ਮੇਰੀ ਵੇਖ ਭਾਲ ਨਹੀਂ ਕਰਦਾ। ਜੇ ਇਸ ਤਰ੍ਹਾਂ ਕਰਦਾ ਰਿਹਾ ਤਾਂ ਮੈਂ ਤੁਹਾਨੂੰ ਇੱਕ-ਨਾ-'ਇੱਕ ਦਿਨ ਜਵਾਬ ਦੇ ਜਾਵਾਂਗਾ'। ਉਦਾਹਰਣਾ ਦੇ ਕੇ ਸਵਾਲ ਜਵਾਬ ਕੀਤੇ ਗਏ ਹਨ। ਜੀਵਨ ਇੱਕ ਅਨਮੋਲ ਗਹਿਣਾ ਹੈ। ਲੇਖਕ ਨੇ ਇਹ ਸਬੂਤਾਂ ਸਮੇਤ ਦੱਸਿਆ ਹੈ ਕਿ ਬਿਮਾਰੀ ਇਨਸਾਨ ਦੀ ਆਪਣੀ ਗ਼ਲਤੀ ਦਾ ਨਤੀਜਾ ਹੁੰਦੀ ਹੈ, ਜੇਕਰ ਮਨੁੱਖ ਇਤਿਹਾਤ ਵਰਤਦਾ ਰਹੇ ਤਾਂ ਕੋਈ ਬਿਮਾਰੀ ਲੱਗ ਹੀ ਨਹੀਂ ਸਕਦੀ। ਇਨਸਾਨ ਦੇ ਸਰੀਰ ਦੇ ਕਈ ਅੰਗ ਹਨ, ਉਨ੍ਹਾਂ ਦੇ ਵੱਖੋ-ਵੱਖਰੇ ਕੰਮ ਹਨ। ਜੇਕਰ ਮਨੁੱਖ ਇਨ੍ਹਾਂ ਦਾ ਧਿਆਨ ਨਾ ਰੱਖੇ ਤਾਂ ਇਨ੍ਹਾਂ ਸਾਰੇ ਅੰਗਾਂ ਨੂੰ ਬਿਮਾਰੀਆਂ ਲੱਗ ਜਾਂਦੀਆਂ ਹਨ। ਬਿਮਾਰੀਆਂ ਨਾਲ ਨਿਪਟਣ ਦੇ ਢੰਗ ਤਰੀਕੇ ਵੀ ਦੱਸੇ ਗਏ ਹਨ। ਉਨ੍ਹਾਂ ਅੰਗਾਂ ਦੀ ਜੇਕਰ ਅਸੀਂ ਵੇਖ ਭਾਲ ਕਰਦੇ ਰਹਾਂਗੇ ਤਾਂ ਉਹ ਸਹੀ ਢੰਗ ਨਾਲ ਕੰਮ ਕਰਦੇ ਰਹਿਣਗੇ। ਬਿਮਾਰੀ ਉਦੋਂ ਹੀ ਲੱਗਦੀ ਹੈ, ਜਦੋਂ ਕੋਈ ਅੰਗ ਆਪਣਾ ਕੰਮ ਕਰਨੋ ਜਵਾਬ ਦੇ ਦਿੰਦਾ ਹੈ। ਜਵਾਬ ਵੀ ਉਹ ਰਾਤੋ-ਰਾਤ ਨਹੀਂ ਦਿੰਦਾ । ਕਾਫੀ ਸਮਾਂ ਪਹਿਲਾਂ ਹੀ ਉਹ ਲੱਛਣਾ ਰਾਹੀਂ ਚੇਤਾਵਨੀ ਦਿੰਦਾ ਹੈ, ਮਨੁੱਖ ਅਣਗੌਲਿਆਂ ਕੰਮ ਕਰਦਾ ਰਹਿੰਦਾ ਹੈ। ਦਵਾਈਆਂ ਬਿਮਾਰੀਆਂ ਦਾ ਇਲਾਜ ਨਹੀਂ ਸਿਰਫ ਬਿਮਾਰੀ ਨੂੰ ਆਰਜ਼ੀ ਕੰਟਰੋਲ ਕਰਦੀਆਂ ਹਨ। ਹਰ ਦਵਾਈ ਡਾਕਟਰ ਦੀ ਸਲਾਹ ਨਾਲ ਲੈਣੀ ਚਾਹੀਦੀ ਹੈ ਤੇ ਆਪਣੀ ਮਰਜ਼ੀ ਨਾਲ ਬੰਦ ਨਹੀਂ ਕਰਨੀ ਚਾਹੀਦੀ। ਇਲਾਜ਼ ਤਾਂ ਸਰੀਰ ਦੇ ਅੰਦਰੋਂ ਹੀ ਆਪਣੇ ਆਪ ਹੁੰਦਾ ਰਹਿੰਦਾ ਹੈ, ਬਸ਼ਰਤੇ ਕਿ ਮਨੁੱਖ ਸਰੀਰ ਦੀ ਵੇਖ ਭਾਲ ਕਰਦਾ ਰਹੇ ਤੇ ਮਾਨਸਿਕ ਤੌਰ 'ਤੇ ਮਜ਼ਬੂਤ ਹੋਵੇ, ਕਿਉਂਕਿ ਸਰੀਰ ਤੇ ਮਨ ਦਾ ਗੂੜ੍ਹਾਂ ਸੰਬੰਧ ਹੁੰਦਾ ਹੈ। ਸਰੀਰ ਤੋਂ ਮਸ਼ੀਨ ਦੀ ਤਰ੍ਹਾਂ ਕੰਮ ਨਾ ਲਓ। ਜਿਵੇਂ ਮਨੁੱਖ ਆਪਣੇ ਵਾਹਨ ਦੀ ਸਰਵਿਸ ਕਰਵਾਉਂਦਾ ਹੈ ਤਾਂ ਜੋ ਉਹ ਖ਼ਰਾਬ ਨਾ ਹੋ ਜਾਵੇ। ਬਿਲਕੁਲ ਇਸੇ ਤਰ੍ਹਾਂ ਮਨੁੱਖ ਨੂੰ ਆਪਣੇ ਸਰੀਰ ਦੀ ਵੇਖ ਭਾਲ ਭਾਵ ਸਰਵਿਸ ਕਰਦੇ ਰਹਿਣਾ ਚਾਹੀਦਾ ਹੈ। ਕੁਦਰਤ ਦਾ ਮਕੈਨਿਯਮ ਸਰੀਰ ਵਿੱਚ ਫਿਟ ਹੈ। ਲੋੜ ਤੋਂ ਵੱਧ ਕੋਈ ਚੀਜ਼ ਨਾ ਖਾਉ, ਉਤਨੀ ਚੀਜ਼ ਖਾਧੀ ਜਾਵੇ ਜਿਤਨੀ ਸਰੀਰ ਨੂੰ ਉਸਦੀ ਲੋੜ ਹੈ, ਜਦੋਂ ਮਨੁੱਖ ਸਵਾਦ ਲਈ ਵਧੇਰੇ ਖਾ ਲੈਂਦਾ ਹੈ ਤਾਂ ਬਿਮਾਰੀ ਨੂੰ ਸੱਦਾ ਦੇ ਰਿਹਾ ਹੁੰਦਾ ਹੈ। ਉਦਾਹਰਣ ਲਈ ਮਨੁੱਖ ਦੇ ਸਰੀਰ ਨੂੰ ਹਰ ਰੋਜ਼ 10 ਗ੍ਰਾਮ ਸ਼ੂਗਰ ਤੇ 5 ਗ੍ਰਾਮ ਲੂਣ ਦੀ ਲੋੜ ਹੁੰਦੀ ਹੈ। ਜਿਹੜੀ ਵੀ ਚੀਜ਼ ਮਨੁੱਖ ਖਾਂਦਾ ਹੈ ਹਰ ਚੀਜ਼ ਵਿੱਚ ਸ਼ੂਗਰ ਹੁੰਦੀ ਹੈ। ਅਸੀਂ ਆਈਸ ਕਰੀਮ, ਜਲੇਬੀਆਂ ਅਤੇ ਹੋਰ ਮਿੱਠੀਆਂ ਚੀਜ਼ਾਂ 'ਤੇ ਜ਼ੋਰ ਦਈ ਜਾਂਦੇ ਹਾਂ, ਜੋ ਨੁਕਸਾਨ ਕਰਦੀ ਹੈ, ਸਵਾਦ ਜ਼ਿੰਦਗੀ ਦਾ ਬੇੜਾ ਗਰਕ ਕਰਦਾ ਹੈ। ਮਨੁਖ ਦੇ ਸਰੀਰ ਵਿੱਚ 80 ਫ਼ੀ ਸਦੀ ਪਾਣੀ ਹੈ, ਪਾਣੀ ਦੀ ਘਾਟ ਨੁਕਸਾਨ ਕਰਦੀ ਹੈ, ਪਾਣੀ ਦੀ ਘਾਟ ਕਰਕੇ ਮੌਤ ਹੋ ਜਾਂਦੀ ਹੈ ਪ੍ਰੰਤੂ ਮਨੁੱਖ ਅਲਸੂ-ਪਲਸੂ ਖਾਈ ਜਾਂਦਾ ਹੈ। ਐਲੋਪੈਥਿਕ ਦਵਾਈ ਦੇ ਸਾਈਡ ਅਫ਼ੈਕਟ ਹੁੰਦੇ ਹਨ। 40 ਸਾਲ ਦੀ ਉਮਰ ਤੋਂ ਬਾਅਦ ਸਰੀਰ ਦਾ ਧਿਆਨ ਰੱਖਣਾ ਅਤਿਅੰਤ ਜ਼ਰੂਰੀ ਹੈ, ਕਿਉਂਕਿ ਅਮਿਊਨ ਪ੍ਰਣਾਲੀ ਕਮਜ਼ੋਰ ਹੋ ਜਾਂਦੀ ਹੈ। ਸੰਤੁਲਤ ਖ਼ੁਰਾਕ ਬਿਮਾਰੀਆਂ ਤੋਂ ਦੂਰ ਰੱਖੇਗੀ। ਵਿਟਾਮਿਨ ਸਰੀਰ ਲਈ ਜ਼ਰੂਰੀ ਹਨ, ਵਿਟਾਮਿਨ ਕੁਦਰਤ ਵਿੱਚੋਂ ਮਿਲਦੇ ਹਨ, ਜੇ ਘਾਟ ਰਹੇ ਤਾਂ ਬਜ਼ਾਰੋਂ ਲੈ ਕੇ ਖਾ ਲਓ ਪ੍ਰੰਤੂ ਟੈਸਟ ਕਰਵਾਉਂਦੇ ਰਹੋ ਤਾਂ ਜੋ ਤੁਹਾਨੂੰ ਹਰ ਘਾਟ ਦਾ ਪਤਾ ਲੱਗ ਸਕੇ। ਲੇਖਕ ਨੇ ਵਿਟਾਮਿਨ ਕਿਹੜੀ ਵਸਤਾਂ ਵਿੱਚੋਂ ਮਿਲਦੇ ਹਨ ਦੀ ਜਾਣਕਾਰੀ ਵੀ ਦਿੱਤੀ ਹੈ। ਸਲਾਹਾਂ ਦੇਣ ਵਾਲੇ ਬਜ਼ੁਰਗ ਛੋਟੇ ਪਰਿਵਾਰਾਂ ਕਰਕੇ ਰਹੇ ਨਹੀਂ, ਨੌਜਵਾਨ ਬੇਪ੍ਰਵਾਹ ਹੋ ਗਏ। ਇਹ ਗੱਲਾਂ ਲੇਖਕ ਨੂੰ ਬਿਮਾਰੀਆਂ ਨੇ ਹੀ ਸਮਝਾਈਆਂ ਹਨ। ਮਨੁੱਖ ਬਿਮਾਰੀ ਲੱਗਣ ਤੋਂ ਬਾਅਦ ਹੀ ਅਹਿਸਾਸ ਕਰਦਾ ਹੈ। ਮੋਟਾਪਾ ਮੁੱਖ ਤੌਰ 'ਤੇ ਦਿਲ, ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੀਆਂ ਬਿਮਾਰੀਆਂ ਸਹੇੜਦਾ ਹੈ। ਹਰ ਵਸਤੂ ਦੀ ਵਰਤੋਂ ਨਿਸਚਤ ਮਾਤਰਾ ਵਿੱਚ ਕਰਨੀ ਲਾਭਦਾਇਕ ਰਹਿੰਦੀ ਹੈ, ਬਹੁਤਾਤ ਨੁਕਸਾਨ ਕਰਦੀ ਹੈ। ਦੰਦਾਂ ਦੀ ਸਫ਼ਾਈ ਜ਼ਰੂਰੀ ਹੈ ਪ੍ਰੰਤੂ ਕੰਨਾਂ ਦੀ ਸਫ਼ਾਈ ਖੁਦ ਨਹੀਂ ਕਰਨੀ ਚਾਹੀਦੀ ਕਿਉਂਕਿ ਕੰਨਾਂ ਵਿੱਚੋਂ ਵੈਕਸ ਆਪਣੇ ਆਪ ਬਾਹਰ ਨਿਕਲ ਜਾਂਦੀ ਹੈ। ਕੰਨਾ ਵਿੱਚ ਪਾਣੀ ਨਹੀਂ ਪੈਣ ਦੇਣਾ ਚਾਹੀਦਾ ਅਤੇ ਨਾ ਹੀ ਕੋਈ ਤੇਲ ਆਦਿ ਪਾਉਣਾ ਚਾਹੀਦਾ ਹੈ। ਨਸ਼ੇ ਅਤੇ ਮਾੜੀਆਂ ਆਦਤਾਂ ਮਨੁੱਖ ਦੀ ਬਰਬਾਦੀ ਦਾ ਕਾਰਨ ਬਣਦੇ ਹਨ। ਸ਼ੋਸ਼ਲ ਮੀਡੀਆ ਵੀ ਇੱਕ ਬਿਮਾਰੀ ਬਣ ਗਿਆ ਹੈ, ਇਸ ਤੋਂ ਬਚਣ ਲਈ ਸੰਜਮ ਨਾਲ ਵਰਤੋਂ ਕੀਤੀ ਜਾਵੇ। ਮਨੁੱਖ ਗ਼ਲਤੀਆਂ ਦਾ ਪੁਤਲਾ ਹੈ, ਇਨ੍ਹਾਂ ਨੂੰ ਸੁਧਾਰਕੇ ਤੰਦਰੁਸਤ ਬਣ ਸਕਦਾ ਹੈ। ਦੁੱਖ-ਸੁੱਖ ਜ਼ਿੰਦਗੀ ਦਾ ਹਿੱਸਾ ਹਨ, ਦੁੱਖਾਂ ਤੋਂ ਘਬਰਾਕੇ ਕੋਈ ਰੋਗ ਲਗਵਾਉਣ ਤੋਂ ਬਚਣਾ ਚਾਹੀਦਾ ਹੈ। ਦੁੱਖ-ਸੁੱਖ ਹਮੇਸ਼ਾ ਨਹੀਂ ਰਹਿੰਦੇ। ਉਨੀਂਦਰਾ ਕਿਸੇ ਸਮੱਸਿਆ ਦੇ ਹੱਲ ਨਾ ਹੋਣ ਕਰਕੇ ਬਹੁਤਾ ਸੋਚਣ ਨਾਲ ਹੋ ਜਾਂਦਾ ਹੈ। ਇਸ ਲਈ ਬਹੁਤਾ ਸੋਚਣਾ ਨਹੀਂ ਚਾਹੀਦਾ। ਮਨੁੱਖ ਪਦਾਰਥਵਾਦੀ ਹੋ ਗਿਆ, ਪਦਾਰਥਕ ਚੀਜ਼ਾਂ ਦੀਆਂ ਇਛਾਵਾਂ ਵਧਾ ਲੈਂਦਾ ਹੈ, ਉਨ੍ਹਾਂ ਦੇ ਨਾ ਪੂਰਾ ਹੋਣ ਨਾਲ ਕਈ ਰੋਗ ਲੱਗ ਜਾਂਦੇ ਹਨ। ਰੋਗੀ ਨੂੰ ਬਹੁਤ ਲੋਕ ਸਲਾਹਾਂ ਦਿੰਦੇ ਹਨ, ਹਰ ਸਲਾਹ ਮੰਨਣਯੋਗ ਨਹੀਂ ਹੁੰਦੀ, ਸੋਚ ਸਮਝਕੇ ਫ਼ੈਸਲਾ ਕਰਨਾ ਚਾਹੀਦਾ ਹੈ। ਮਨੁੱਖ ਨੂੰ ਆਪਣੇ ਅੰਤਰਝਾਤ ਮਾਰਕੇ ਸਵੈ-ਮੁਲਾਂਕਣ ਕਰਨਾ ਚਾਹੀਦਾ ਹੈ। ਬਾਕੀ ਬਿਮਾਰੀਆਂ ਦੀ ਤਰ੍ਹਾਂ ਲਿਵਰ ਦੀ ਬਿਮਾਰੀ ਵੀ ਬਹੁਤ ਖ਼ਰਨਾਕ ਹੁੰਦੀ ਹੈ। ਇਸ ਲਈ ਜੰਕ ਫੂਡ ਅਤੇ ਲਿਵਰ ਨੂੰ ਨੁਕਸਾਨ ਪਹੁੰਚਾਉਣ ਵਾਲਾ ਖਾਣਾ ਬਿਲਕੁਲ ਨਹੀਂ ਖਾਣਾ ਚਾਹੀਦਾ। 65 ਨੰਬਰ ਲੇਖ ਵਿੱਚ ਸੰਸਾਰ ਦੇ ਵਿਦਵਾਨਾ ਦੀ ਤੰਦਰੁਸਤ ਸਿਹਤ ਲਈ ਦਿੱਤੇ ਸੁਝਆ ਦੱਸੇ ਗਏ ਹਨ। 67 ਨੰਬਰ ਲੇਖ ਵਿੱਚ ਸਰੀਰ ਦੇ ਵੱਖ-ਵੱਖ ਅੰਗਾਂ ਦੇ ਮਾਪ ਦੰਡ ਲਿਖੇ ਹਨ, ਜਿਨ੍ਹਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਹਰ ਲੇਖ ਦੇ ਅਖ਼ੀਰ ਵਿੱਚ ਇੱਕ ਡੱਬੀ ਵਿੱਚ ਸਿਹਤਮੰਦ ਰਹਿਣ ਲਈ ਨੁਕਤੇ ਦੱਸੇ ਗਏ ਹਨ, ਉਨ੍ਹਾਂ 'ਤੇ ਅਮਲ ਕਰਨ ਨਾਲ ਸਰੀਰ ਤੰਦਰੁਸਤ ਰਹਿ ਸਕਦਾ ਹੈ।




ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਸਾਰਥਿਕ ਜੀਵਨ ਸ਼ੈਲੀ ਮਨੁੱਖ ਨੂੰ ਤੰਦਰੁਸਤ ਬਣਾ ਸਕਦੀ ਹੈ। ਪੁਸਤਕ ਵਿੱਚ ਦੁਹਰਾਓ ਬਹੁਤ ਹੈ, ਸ਼ਾਇਦ ਇਸ ਕਰਕੇ ਕਿ ਸਾਰੀਆਂ ਬਿਮਾਰੀਆਂ ਕਿਸੇ ਨਾ ਕਿਸੇ ਗੱਲ ਕਰਕੇ ਇੱਕ ਦੂਜੀ ਨਾਲ ਜੁੜੀਆਂ ਹੋਈਆਂ ਹਨ। ਇਹ ਵੀ ਹੋ ਸਕਦਾ ਹੈ ਕਿ ਲੇਖਕ ਪਾਠਕਾਂ ਨੂੰ ਸੁਚੇਤ ਕਰਨ ਲਈ ਵਾਰ-ਵਾਰ ਉਨ੍ਹਾਂ ਗੱਲਾਂ ਦਾ ਜ਼ਿਕਰ ਕਰਦਾ ਹੋਵੇ ਜੋ ਮਨੁੱਖਤਾ ਲਈ ਵਧੇਰੇ ਨੁਕਸਾਨਦਾਇਕ ਸਾਬਤ ਹੋ ਸਕਦੀਆਂ ਹਨ।

271 ਪੰਨਿਆਂ, 350 ਰੁਪਏ ਕੀਮਤ ਵਾਲੀ ਇਹ ਪੁਸਤਕ ਸਾਹਿਬਦੀਪ ਪਬਲੀਕੇਸ਼ਨ, ਡਾਕਖਾਨਾ: ਭੀਖੀ, ਜ਼ਿਲ੍ਹਾ ਮਾਨਸਾ ਨੇ ਪ੍ਰਕਾਸ਼ਤ ਕੀਤੀ ਹੈ।

ਸੰਪਰਕ: ਪਬਲਿਸ਼ਰ : 09988913155

# ਦਲਿਤ ਸਮਾਜ ਦਾ ਧਾਰਮਿਕ ਅਤੇ ਸਮਾਜਿਕ ਸੰਕਟ



Prof (Dr.) Ronki Ram
Prof (Dr.) Ronki Ram
Shaheed Bhagat Singh Chair Professor
Panjab University, Chandigarh
E-mail: ronkiram @yahoo.co.in

11-12 ਜੂਨ 1926 ਨੂੰ ਪਿੰਡ ਮੁਗੋਵਾਲ ਨਜ਼ਦੀਕ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਆਦਿ ਧਰਮ ਲਹਿਰ ਦੇ ਵਿਸ਼ਾਲ ਸੰਮੇਲਨ ਦੌਰਾਨ ਜੋ ਮੁੱਦਾ ਉਸ ਵੇਲੇ ਦੀ ਉਭਰ ਰਹੀ ਦਲਿਤ ਸਿਆਸਤ ਦਾ ਕੇਂਦਰ ਬਿੰਦੂ ਬਣਦਾ ਹੈ, ਉਹ ਸੀ ਅਖੌਤੀ ਅਛੂਤ ਸਮਾਜ ਵਾਸਤੇ ਨਵੇਂ ਅਤੇ ਵੱਖਰੇ ਧਰਮ ''ਆਦਿ ਧਰਮ'' ਦਾ ਐਲਾਨ 30 ਜਨਵਰੀ 2010 ਨੂੰ ਇਤਿਹਾਸ ਮੁੜ ਕੇ ਦੁਹਰਾਇਆ ਜਾਂਦਾ ਹੈ। ਇਸ ਦਿਨ ਡੇਰਾ ਬੱਲਾਂ ਵਾਲੇ ਸੰਤਾਂ ਵੱਲੋਂ ਸੀਰ ਗਵਰਧਨਪੁਰ ਵਾਰਾਨਸੀ ਵਿਖੇ ਪ੍ਰਸਿੱਧ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਤੋਂ ਇਕ ਵੱਖਰੇ ਧਰਮ ''ਰਵਿਦਾਸੀਆ ਧਰਮ'' ਦਾ ਐਲਾਨ ਕੀਤਾ ਗਿਆ। ਇਸ ਐਲਾਨ ਨੇ ਉਪਰੋਕਤ ਵਰਣਿਤ ਆਦਿ ਧਰਮ ਲਹਿਰ ਵੇਲੇ ਦੀ ਤਰ੍ਹਾਂ ਅਜੋਕੇ ਪੰਜਾਬੀ ਦਲਿਤ ਸਮਾਜ ਦੀ ਸਿਆਸਤ ਦੀ ਜੂਹ ਵਿਚ ਇਕ ਨਵਾਂ ਮੋੜ ਲਿਆ ਖੜਾ ਕੀਤਾ। ਆਦਿ ਧਰਮ ਲਹਿਰ ਦੀ ਇਹ ਖਾਸ ਵਿਸ਼ੇਸ਼ਤਾ ਸੀ ਕਿ ਜਿੱਥੇ ਇਹ ਦਲਿਤ ਸਮਾਜ ਦੀ ਰਾਜਨੀਤਿਕ ਜਗਤ ਵਿਚ ਸੰਗਠਨ ਦੇ ਤੌਰ ਤੇ ਪਹਿਲਕਦਮੀ ਸੀ, ਉਥੇ ਇਹ ਲਹਿਰ ਦਲਿਤ ਸਮਾਜ ਵਿਚਲੀਆਂ ਵੱਖ-ਵੱਖ ਜਾਤਾਂ ਜੋ ਦਰ-ਜਾਬੰਦੀ ਦੇ ਵਿਧਾਨ ਵਿਚ ਉਲਝੀਆਂ ਹੋਈਆਂ ਸਨ, ਨੂੰ ਇਕੱਠਾ ਕਰਕੇ ਇਕ ਸਾਂਝੇ ਚੌਂਤਰੇ 'ਤੇ ਲਿਆ ਖੜ੍ਹਾ ਕਰਨਾ ਚਾਹੁੰਦੀ ਸੀ। ਪਰ ਇਸ ਲਹਿਰ ਦੇ ਬਾਨੀਆਂ ਦੀ ਅਜਿਹੀ ਦੂਰ ਦ੍ਰਿਸ਼ਟੀ ਦੇ ਬਾਵਜੂਦ ਇਹ ਲਹਿਰ ਮੋਟੇ ਤੌਰ ਤੇ ਪੰਜਾਬ ਦੇ ਦੁਆਬਾ ਖਿੱਤੇ ਵਿਚ ਗੈਰ ਵਾਲਮੀਕ ਦਲਿਤ ਸਮਾਜ 'ਚ ਸਿਮਟ ਕੇ ਰਹਿ ਗਈ।

''ਰਵਿਦਾਸੀਆ ਧਰਮ'' ਦੇ ਐਲਾਨ ਬਾਰੇ ਜੋ ਗੱਲਾਂ ਹੁਣ ਤੱਕ ਮੀਡੀਆ ਰਾਹੀਂ ਪੁਣ ਕੇ ਸਾਹਮਣੇ ਆਈ ਹੈ, ਉਹ ਇਸ ਨੂੰ ਦਲਿਤ ਸਮਾਜ ਵਿਚਲੇ ਸਿਰਫ ਇਕ ਸਮੁਦਾਇ ਦੇ ਨਾਲ ਜੋੜ ਕੇ ਪੇਸ਼ ਕਰਦੀ, ਜਿਸਨੂੰ ਸਮੁੱਚੇ ਪੰਜਾਬੀ ਦਲਿਤ ਸਮਾਜ ਵਾਸਤੇ ਮੰਨਣਾ ਆਪ੍ਰਸੰਗਿਕ ਹੋਵੇਗਾ। ਇਸ ਵਿਚਾਰ ਦੀ ਪੁਸ਼ਟੀ ''ਸਮਾਜ ਬਚਾਓ ਮੋਰਚਾ'' ਅਤੇ ਸ੍ਰੀ ''ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ'' ਵੱਲੋਂ ਬੁਲਾਈਆਂ ਗਈਆਂ ਕਾਨਫਰੰਸਾਂ ਤੋਂ ਸਾਫ ਸਾਫ ਹੁੰਦੀ ਨਜ਼ਰ ਆਉਂਦੀ ਹੈ। ਸਮਾਜ ਬਚਾਓ ਮੋਰਚੇ ਨੇ ਇਸ ਐਲਾਨ ਤੋਂ ਪਹਿਲਾਂ ਵੀ ਇਸ ਬਾਰੇ ਚਿੰਤਾ ਦਰਸਾਉਂਦੇ ਹੋਏ ਇਸ ਦੇ ਸਮਾਧਾਨ ਬਾਰੇ ਗੱਲ ਕੀਤੀ ਸੀ।

ਉਪਰੋਕਤ ਰਵਿਦਾਸੀਆ ਧਰਮ ਦੇ ਐਲਾਨ ਨਾਲ ਸਬੰਧਤ ਇਕ ਹੋਰ ਪਹਿਲੂ ਜਿਸ ਬਾਰੇ ਜਿੰਨੀ ਤਫਸੀਲ ਨਾਲ ਵਿਚਾਰ ਚਰਚਾ ਹੋਣੀ ਚਾਹੀਦੀ ਸੀ, ਜੋ ਨਹੀਂ ਹੋ ਸਕੀ, ਉਹ ਹੈ ਇਸ ਦੇ ਪਿੱਛੇ ਛਿਪੇ ਹੋਏ ਕਾਰਨਾਂ ਦਾ ਮੁਲਾਂਕਣ। ਇਸ ਪਰਿਪੇਖ ਵਿਚ ਪਹਿਲੀ ਗੱਲ ਜੋ ਆਪਮੁਹਾਰੇ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਇਹ ਮੁੱਦਾ ਧਾਰਮਿਕ ਹੈ ਸਮਾਜਿਕ-ਰਾਜਨੀਤਿਕ? ਕੀ ਇਹ ਮੁੱਦਾ ਇਕ ਵੱਖਰੇ ਧਰਮ ਦੀ ਸਥਾਪਨਾ ਦੇ ਨਾਲ ਸਬੰਧਤ ਹੈ ਜਾਂ ਫਿਰ ਇਕ ਵੱਖਰੀ ਸਮਾਜਿਕ ਅਤੇ ਸਿਆਸੀ ਪਹਿਚਾਣ ਦੀ ਲਾਲਸਾ ਨਾਲ? ਜਿੱਥੋਂ ਤੱਕ ਧਰਮ ਦਾ ਸਵਾਲ ਹੈ, ਉਸ ਬਾਰੇ ਤਾਂ ਕੋਈ ਦੂਸਰੀ ਰਾਏ ਹੀ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਸ ਫਲਸਫੇ ਦੀ ਸੇਧ ਪ੍ਰਦਾਨ ਕਰਦਾ ਹੈ, ਉਹ ਸੱਚੇ ਅਤੇ ਸੁੱਚੇ ਬਰਾਬਰਤਾ ਦੇ ਸਨੇਹ ਭਰੇ ਸੁਤੰਤਰ ਸਮਾਜ ਦੀ ਉਸਾਰੀ ਦੇ ਪ੍ਰਤੀ ਆਪਣੇ ਆਪ ਦੇ ਵਿਚ ਲਾਸਾਨੀ ਹੈ। ਗੁਰੂ ਸਾਹਿਬਾਨ ਦੀ ਸਿੱਖਿਆ ਸਿਰਫ ਕਥਨੀ ਤੱਕ ਹੀ ਸੀਮਤ ਨਹੀਂ ਬਲਕਿ ਕਰਨੀ ਵਿਚ ਵੀ ਪੂਰਾ ਉਤਰ ਕੇ ਸਮਾਜ ਦੀ ਕਾਣੀ ਵੰਡ ਦਾ ਖੰਡਨ ਕਰਦੀ ਹੋਈ ਸਮਾਜਿਕ ਬਰਾਬਰਤਾ ਦੇ ਇਨਕਲਾਬ ਦਾ ਹੋਕਾ ਦਿੰਦੀ ਹੈ।

ਹੁਣ ਸਵਾਲ ਉੱਠਦਾ ਹੈ ਕਿ ਉਹ ਕਿਹੜੇ ਕਾਰਨ ਹੋ ਸਕਦੇ ਹਨ ਜਿਨ੍ਹਾਂ ਨੇ ਰਵਿਦਾਸੀਆ ਦਲਿਤ ਸਮੁਦਾਏ ਨੂੰ ਵਖਰੇਵੇਂ ਵੱਲ ਕਦਮ ਪੁੱਟਣ ਲਈ ਮਜ਼ਬੂਰ ਕੀਤਾ ਜਾਂ ਫਿਰ ਵੱਖਰੀ ਸਮਾਜਿਕ ਅਤੇ ਰਾਜਨੀਤਿਕ ਪਹਿਚਾਣ ਨੂੰ ਬਣਾਉਣ ਲਈ ਅਜਿਹੀ ਧਾਰਮਿਕ ਵਿਉਂਤਬੰਦੀ ਕਰਨ ਲਈ ਮਜਬੂਰ ਕੀਤਾ? ਅਗਰ ਅਜਿਹਾ ਸਭ ਕੁਝ ਕਿਸੇ ਇਕ ਵਿਸ਼ੇਸ਼ ਘਟਨਾ ਦੇ ਪ੍ਰਤੀਕਰਮ ਵਿਚ ਹੋਇਆ ਮੰਨਿਆ ਜਾਂਦਾ ਹੈ ਤਾਂ ਫਿਰ ਇਸ ਪੂਰਨ ਸਮੱਸਿਆ ਨੂੰ ਸਿਰਫ ਤੇ ਸਿਰਫ ਧਾਰਮਿਕ ਦ੍ਰਿਸ਼ਟੀਕੋਣ ਤੋਂ ਸਮਝਣਾ ਕਿਤੇ ਇਸਨੂੰ ਹੋਰ ਉਲਝਾਉਣ ਵੱਲ ਧੱਕਣ ਦੇ ਬਰਾਬਰ ਤਾਂ ਨਹੀਂ ਹੋਵੇਗਾ?

ਸਮਾਜਿਕ ਜਾਂ ਰਾਜਨੀਤਿਕ ਸਮੱਸਿਆਵਾਂ ਅਕਸਰ ਦੀ ਧਰਮ ਭਾਰੂ ਖਿੱਤਿਆਂ ਵਿਚ ਧਾਰਮਿਕ ਰੰਗਾਂ ਦੇ ਵਿਚ ਰੰਗ ਕੇ ਪੇਸ਼ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਦੀਆਂ ਗੰਢਾਂ ਸ਼ਾਂਤੀਪੂਰਵਕ ਖੋਲ੍ਹਣ ਦੀ ਬਜਾਏ ਹੋਰ ਵੀ ਪੀਡੀਆਂ ਹੋ ਕੇ ਉਲਝਦੀਆਂ ਜਾਂਦੀਆਂ ਹਨ।

ਸਮਾਜਿਕ ਪੱਧਰ ਤੇ ਵਿਤਕਰੇ ਦੀ ਗੱਲ ਆਪਣੇ ਆਪ ਵਿਚ ਇਕ ਤਰ੍ਹਾਂ ਨਾਲ ਦਰੁੱਸਤ ਹੋਣ ਦੇ ਨਾਲ-ਨਾਲ ਜਦੋਂ ਧਰਮ ਦਾ ਮੁਲੰਮਾ ਚੜ੍ਹਨ ਤੋਂ ਬਾਅਦ ਸਾਹਮਣੇ ਆਉਂਦੀ ਹੈ ਤਾਂ ਉਸ ਦੀ ਰੂਪ ਰੇਖਾ ਤਕਰਾਰ ਦੇ ਤੌਰ ਤੇ ਜ਼ਿਆਦਾ ਅਤੇ ਵਿਤਕਰੇ ਦੇ ਹੱਲ ਵੱਲ ਘੱਟ ਕੇਂਦਰਿਤ ਹੁੰਦੀ ਹੈ। ਵੈਸੇ ਵੀ ਜਿੱਥੋਂ ਤੱਕ ਡੇਰਾ ਬੱਲਾਂ ਦੇ ਉਪਰੋਕਤ ਵਰਣਿਤ ਧਰਮ ਦੇ ਬਾਰੇ ਐਲਾਨ ਦਾ ਸਵਾਲ ਹੈ, ਇਹ ਕੋਈ ਆਪਣੇ ਆਪ ਵਿਚ ਨਵੀਂ ਗੱਲ ਨਹੀਂ ਹੈ। ਜਿਸ ਧਾਰਮਿਕ ਚਿੰਨ੍ਹ ''ਹਰਿ'' ਦੀ ਗੱਲ ਐਲਾਨ ਦੌਰਾਨ ਕੀਤੀ ਗਈ ਹੈ ਉਹ ਤਾਂ 1987 ਦੌਰਾਨ ਸਰਕਾਰੀ ਤੌਰ ਤੇ ਡੇਰੇ ਵੱਲੋਂ ਰਜਿਸਟਰਡ ਕਰਵਾਇਆ ਜਾ ਚੁੱਕਾ ਹੈ। ''ਜੈ ਗੁਰਦੇਵ'' ਅੱਜ ਦੀ ਉਪਜ ਨਹੀਂ ਇਹ ਤਾਂ ਆਦਿ ਧਰਮ ਲਹਿਰ ਦੇ ਵੇਲੇ ਤੋਂ ਹੀ ਦਲਿਤ ਸਮਾਜ ਵਿਚ ਪ੍ਰਸਿੱਧ ਹੈ। ਇਸਦਾ ਇਕ ਮਤਲਬ ਇਹ ਹੋ ਸਕਦਾ ਹੈ ਕਿ ਸਮਾਜਿਕ ਸਮੱਸਿਆ ਨਿਰੰਤਰ ਕਾਫੀ ਸਮੇਂ ਤੋਂ ਚੱਲੀ ਆ ਰਹੀ ਹੈ, ਜਿਸਦੇ ਫਲਸਰੂਪ ਆਦਿ ਧਰਮ ਲਹਿਰ ਦਾ ਵੀ ਹੋਂਦ ਵਿਚ ਆਉਣਾ ਸਮਝਿਆ ਜਾਂਦਾ ਹੈ। ਪਰ ਹੁਣ ਇਸਦਾ ਧਾਰਮਿਕ ਸਮੱਸਿਆ ਦੇ ਵੱਲ ਮੋੜ ਕੱਟਣਾ ਇਕ ਨਵੀਂ ਸਮੱਸਿਆ ਨੂੰ ਰੂਪਾਂਤਰ ਕਰਦਾ ਮਹਿਸੂਸ ਹੁੰਦਾ ਹੈ। ਜਿਸ ਨਾਲ ਸਮਾਜਿਕ ਵਿਤਕਰੇ ਦਾ ਅਗਰ ਕੋਈ ਹੱਲ ਨਿਕਲਣਾ ਹੈ ਤਾਂ ਉਸ ਬਾਰੇ ਤਾਂ ਸ਼ਾਇਦ ਅੰਦਾਜ਼ਾ ਲਗਾਉਣਾ ਇੰਨਾ ਆਸਾਨ ਨਹੀਂ ਹੋਵੇਗਾ। ਪਰ ਅਜਿਹਾ ਸਭ ਕੁਝ ਸਮਾਜਿਕ ਵਿਤਕਰੇ ਦੀ ਸਮੱਸਿਆ ਨੂੰ ਧਾਰਮਿਕ ਘੁੰਮਣ-ਘੇਰੀ ਦੇ ਜੰਜਾਲ ਵਿਚ ਜ਼ਰੂਰ ਫਸਾ ਸਕਦਾ ਹੈ। ਜਿਸ ਤੋਂ ਬਚਣ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਪੰਜਾਬ ਨੂੰ ਪਹਿਲਾਂ ਹੀ ਅਜਿਹੀਆਂ ਸਮੱਸਿਆਵਾਂ ਵੱਲੋਂ ਦਿੱਤੇ ਹੋਏ ਜ਼ਖਮਾਂ ਤੋਂ ਆਏ ਖਰਿੰਡ ਅਜੇ ਅੱਲ੍ਹੇ ਹਨ। ਅਜਿਹੇ ਮੰਦਭਾਗੇ ਹਾਲਾਤ ਤੋਂ ਬਚਣ ਦਾ ਜੇ ਕੋਈ ਦਰੁੱਸਤ ਰਾਹ ਹੋ ਸਕਦਾ ਤਾਂ ਉਹ ਇਹ ਪ੍ਰੇਮ ਭਾਵ ਨਾਲ ਵਿਚਾਰ ਵਟਾਂਦਰੇ ਦਾ ਰਸਤਾ।

ਜਿੱਥੋਂ ਤੱਕ ਰਵਿਦਾਸ ਡੇਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੀ ਰੀਤ ਦਾ ਸਵਾਲ ਹੈ ਇਸ ਬਾਰੇ ਤਾਂ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਇਹ ਤਾਂ ਸ਼ੁਰੂ ਤੋਂ ਹੀ ਚੱਲੀ ਆ ਰਹੀ ਹੈ। ਇਸ ਦੇ ਨਾਲ ਨਾਲ ਹੀ ਇਨ੍ਹਾਂ ਡੇਰਿਆਂ ਵਿਚ ਸੰਤ ਰਵਿਦਾਸ ਜੀ ਦੀ ਮਹਿਮਾ ਅਤੇ ਪੂਜਨ ਉਨ੍ਹਾਂ ਨੂੰ ਗੁਰੂ ਜਾਣ ਦੇ ਕੀਤਾ ਜਾਂਦਾ ਹੈ। ਇਨ੍ਹਾਂ ਡੇਰਿਆਂ ਦੇ ਗੱਦੀ ਨਸ਼ੀਨਾਂ ਨੂੰ ਵੀ ਰਵਿਦਾਸੀਆ ਸਮਾਜ ਗੁਰੂ ਕਹਿ ਕੇ ਪੂਜਦਾ ਆ ਰਿਹਾ। ਰਵਿਦਾਸ ਡੇਰਿਆਂ ਵਿਚ ਪ੍ਰਲੋਕ ਸੁਧਾਰ ਗਏ ਗੱਦੀ ਨਸ਼ੀਨਾਂ ਦੀਆਂ ਮੂਰਤੀਆਂ ਵੀ ਪਾਈਆਂ ਜਾਂਦੀਆਂ ਹਨ। ਇਨ੍ਹਾਂ ਮੂਰਤੀਆਂ ਅਤੇ ਗੁਰੂ ਰਵਿਦਾਸ ਜੀ ਦੀ ਮੂਰਤੀ ਦੇ ਨਾਲ ਰਵਿਦਾਸ ਜੀ ਦੀ ਮੂਰਤੀ ਦੇ ਨਾਲ ਰਵਿਦਾਸ ਡੇਰਿਆਂ ਵਿਚ ਮੌਕੇ ਦੇ ਦੇਹਧਾਰੀ ਗੁਰੂਆਂ ਦੇ ਪ੍ਰਤੀ ਅਥਾਹ ਸ਼ਰਧਾ ਪਾਈ ਜਾਂਦੀ ਹੈ। ਇਹ ਰਵਿਦਾਸ ਡੇਰਿਆਂ ਵਿਡੰਬਨਾ ਹੈ ਕੀ ਧਰਮ ਦੇ ਸੰਦਰਭ ਵਿਚ ਇਹ ਸਿੱਖੀ ਰਹਿਤ ਮਰਿਆਦਾ ਦੇ ਨੁਕਤਾ ਨਿਗਾਹ ਤੋਂ ਇਕ ਤਰ੍ਹਾਂ ਦੀ ਉਲ-ਘਣਾ ਦੇ ਤੌਰ ਤੇ ਪੇਸ਼ ਹੁੰਦੀ ਹੈ। ਕਿਉਂਕਿ ਸਿੱਖ ਧਰਮ ਵਿਚ ਮੂਰਤੀ ਪੂਜਾ ਅਤੇ ਦੇਹਧਾਰੀ ਗੁਰੂ ਦੀ ਕੋਈ ਜਗ੍ਹਾ ਨਹੀਂ ਹੈ। ਦੂਸਰੇ ਪਾਸੇ ਰਵਿਦਾਸ ਡੇਰਿਆਂ ਦੇ ਗੱਦੀ ਨਸ਼ੀਨਾਂ ਅਤੇ ਪੈਰੋਕਾਰਾਂ ਦੀ ਅਕਸਰ ਇਹ ਧਾਰਨਾ ਹੁੰਦੀ ਹੈ ਕਿ ਉਹ ਸੰਤ ਰਵਿਦਾਸ ਨੂੰ ਗੁਰੂ ਦੀ ਉਪਾਧੀ ਨਾਲ ਸਤਿਕਾਰ ਕੇ ਉਸ ਦੀ ਮਾਨਤਾ ਕਰਦੇ ਹਨ। ਉਹ ਰਵਿਦਾਸ ਡੇਰਿਆਂ ਵਿਚ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਦੀ ਧਾਰਨਾ ਦੀ ਸਫਾਈ ਇਹ ਕਹਿ ਕੇ ਦਿੰਦੇ ਹਨ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਤਹਿ ਦਿਲੋਂ ਕਰਦੇ ਹਨ। ਪਰ ਉਨ੍ਹਾਂ ਦਾ ਸਬੰਧ ਰਵਿਦਾਸੀਆ ਸਮਾਜ ਨਾਲ ਹੋਣ ਦੇ ਨਾਤੇ ਉਹ ਇਸ ਸੰਪਰਦਾਇ ਨਾਲ ਸਬੰਧਿਤ ਰੀਤੀ ਰਿਵਾਜ਼ਾਂ ਦੀ ਵੀ ਮੰਨ ਮਨੌਤ ਕਰਦੇ ਹਨ।

ਇਸ ਮਸਲੇ ਦਾ ਹੱਲ ਜਿਵੇਂ ਕਿ ਅਸੀਂ ਉਪਰ ਜ਼ਿਕਰ ਕਰ ਆਏ ਹਾਂ ਸਦੀਆਂ ਤੋਂ ਚੱਲੀ ਆ ਰਹੀ ਰੀਤ ਨੂੰ ਛੱਡ ਕੇ ਨਹੀਂ ਹੋਣਾ। ਇਸ ਦਾ ਹੱਲ ਤਾਂ ਬਦਲ ਰਹੀਆਂ ਸਮਾਜਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਵਿਚ ਉਭਰ ਰਹੀ ਦਲਿਤ ਪਹਿਚਾਣ ਅਤੇ ਵਿਸ਼ਵੀਕਰਨ ਦੇ ਮੰਡੀਕਰਨ ਦੇ ਪ੍ਰਭਾਵ ਹੇਠ ਘੁੱਟ ਕੇ ਖੁਦਕੁਸ਼ੀਆਂ ਦੇ ਰਾਹ ਪੈ ਰਹੀ ਗਰੀਬ ਅਤੇ ਮੱਧਵਰਗੀ ਕਿਸਾਨੀ ਦੀਆਂ ਆਰਥਿਕ ਤੰਗੀਆਂ-ਤੁਰਸ਼ੀਆਂ ਨੂੰ ਸਮਝ ਕੇ ਤਰਕਸੰਗਤ ਵਿਚਾਰ ਵਟਾਂਦਰੇ ਨਾਲ ਹੋਣਾ ਹੈ।

# ਦਲਿਤਾਂ ਦਾ ਬੇਤਾਜ ਬਾਦਸ਼ਾਹ ਸਾਹਿਬ ਕਾਂਸ਼ੀ ਰਾਮ

ਭਾਜਪਾ ਨੂੰ ਫਨੀਅਰ ਸੱਪ, ਕਾਂਗਰਸ ਨੂੰ ਸੱਪਾਂ ਦਾ ਨਾਥ, ਸਾਂਝੇ ਫਰੰਟ ਨੂੰ ਨਾਗਾਂ ਦਾ ਨਾਥ ਅਤੇ ਕਮਿਊਨਿਸਟਾਂ ਨੂੰ ਘਾਹ ਵਿਚ ਲੁਕੇ ਹਰੇ ਸੱਪਾਂ ਦੇ ਖਿਤਾਬ ਵੰਡਣ ਪਿੱਛੋਂ ਗਰੀਬ ਗੁਰਬਿਆਂ ਦੇ ਬੇਤਾਜ਼ ਬਾਦਸ਼ਾਹ ਸਾਹਿਬ ਕਾਂਸ਼ੀ ਰਾਮ ਨੇ ਇੱਧਰ ਪੰਜਾਬ ਵੱਲ ਗੇੜਾ ਮਾਰਿਆ ਤਾਂ ਉਸ ਦੇ ਭਰਵੱਟਿਆਂ ਉਤੇ ਗੁੱਸੇ ਨਾਲ ਪਈਆਂ ਤਿਉੜੀਆਂ ਨਜ਼ਰ ਆਈਆਂ ਜਿਵੇਂ ਅੱਠਵੇਂ ਕਾਲਮ ਨੂੰ ਮੇਹਣਾ ਮਾਰ ਰਿਹਾ ਹੋਵੇ 'ਕਿਉਂ ਬਈ, ਅੱਠਵਾਂ ਕਾਲਮ ਉਚੀਆਂ ਜਾਤੀਆਂ ਨੇ ਬੈਅ ਕਰਵਾਇਆ ਹੋਇਐ?'' ਇਸ ਤੋਂ ਪਹਿਲਾਂ ਕਿ ਇਨਸਾਫ ਦੀ ਦੇਵੀ ਬਦਦੁਆ ਦਿੰਦੀ ਜਾਂ ਸਾਡੇ ਉਤੇ ਰੱਬੀ ਕਹਿਰ ਹੀ ਢਹਿ ਜਾਂਦਾ, ਸੱਜਣੋ!' ਅੱਠਵਾਂ ਕਾਲਮ' ਅੱਜ ਕਾਂਸ਼ੀ ਰਾਮ ਦੇ ਹਵਾਲੇ ਕੀਤਾ।

ਬਈ ਕੀ, ਆਖਣੇ ਰੱਬ ਦੇ ਇਸ ਬੰਦੇ ਨੇ ਜਿਵੇਂ ਸਵਰਨ ਜਾਤੀਆਂ ਦੀਆਂ ਪਦੀੜਾਂ ਪੁਆਈਆਂ ਹਨ ਅਤੇ ਜਿਵੇਂ ਦਿਲ ਤੇ ਦਿਮਾਗ ਦੀ ਸਾਂਝੀ ਵਰਤੋਂ ਕਰਕੇ ਮੁਹੱਲਾਂ ਤੇ ਉਚੀਆਂ ਹਵੇਲੀਆਂ ਵਿਚ ਰਹਿਣ ਵਾਲਿਆਂ ਦਾ ਮੱਕੂ ਠੱਪਿਆ ਹੈ ਅਤੇ ਜਿਵੇਂ ਧੌਣਾਂ ਅਕੜਾ ਕੇ ਤੁਰਨ ਵਾਲੀਆਂ ਰਾਜਸੀ ਪਾਰਟੀਆਂ ਦੀਆਂ ਬੈਠਕਾਂ ਕਢਵਾਈਆਂ ਹਨ, ਉਸ ਨਾਲ ਸੱਚੀਓ! ਹਿੰਦੁਸਤਾਨ ਦੇ ਇਤਿਹਾਸ ਵਿਚ ਇਕ ਵਾਰ ਤਾਂ ਹਾਲ ਪਾਹਰਿਆ ਮੱਚ ਗਈ ਹੈ। ਇਸ ਯਾਦਗਾਰੀ ਮੋੜ ਦਾ ਕਿੱਸਾ ਲਿਖਣ ਵਾਲਾ ਕੋਈ ਮਾਈ ਦਾ ਲਾਲ ਅਜੇ ਜੰਮਣੈ।

ਡਾਕਟਰ ਅੰਬੇਦਕਰ ਤੋਂ ਪਿੱਛੋਂ ਸਿਰਫ ਕਾਂਸ਼ੀ ਰਾਮ ਨੂੰ ਹੀ ਇਹ ਸਮਝ ਲੱਗੀ ਕਿ ਭਾਰਤ ਦੀਆਂ ਤਮਾਮ ਰਾਜਸੀ ਪਾਰਟੀਆਂ ਦਲਿਤਾਂ ਨੂੰ ਜਿਸਮਾਨੀ, ਰੂਹਾਨੀ ਅਤੇ ਮਾਨਸਿਕ ਤੌਰ ਤੇ ਲੁੱਟ ਰਹੀਆਂ ਹਨ ਕੁਝ ਡਾਕੂਆਂ ਅਤੇ ਕੁਝ ਸਾਧੂਆਂ ਦੇ ਭੇਸ ਵਿਚ। ਕਾਂਸ਼ੀ ਰਾਮ ਇਨ੍ਹਾਂ ਸਭਨਾਂ ਨੂੰ ਇਕੱਠਿਆਂ ਵੀ ਅਜੇ ਕਦੇ ਇਕੱਲੇ ਇਕੱਲੇ ਹੋ ਕੇ ਪੈਂਦਾ ਹੈ ਅਤੇ ਜਦੋਂ ਪੈਂਦਾ ਹੈ ਦਿਨੇ ਹੀ ਹਨੇਰਾ ਕਰਾ ਛੱਡਦਾ ਹਾਂ। ਦਲਿਤਾਂ ਵੱਲੋਂ ਬਖਸ਼ੇ ਗੁਰਜ ਦੀ ਇਕ ਸੱਟ ਨਾਲ ਉਹ ਹਜ਼ਾਰਾਂ ਲੱਖਾਂ ਬੰਦੇ ਸੁੱਟ ਲੈਂਦਾ ਹੈ, ਹਿਰਨਾਂ ਦੀ ਤਰ੍ਹਾਂ ਅੱਗੇ ਵੀ ਲਾ ਲੈਂਦਾ ਹੈ।

ਬੰਦੇ ਨੂੰ ਜਦੋਂ ਘੇਰੇ ਵਿਚ ਲਿਆਉਂਦਾ ਹੈ ਤਾਂ ਉਸ ਦਾ ਦਿਮਾਗ ਖੋਹ ਲੈਂਦਾ ਹੈ। ਭਾਜਪਾ ਵਾਲੇ ਕਿਵੇਂ ਤਿੰਗੜਦੇ ਸੀ ਕਿ ਰਾਜਸੀ ਚਤੁਰਾਈ ਦੀ ਖੇਡ ਵਿਚ ਅਸੀਂ ਕੌਟਲਿਆ ਦੇ ਚੇਲੇ ਬਾਲਕੇ ਕਿਸੇ ਨੂੰ ਦਬਾਲ ਨਹੀਂ। ਪਰ ਕਾਂਸ਼ੀ ਰਾਮ ਨੇ ਭਾਜਪਾ ਦੇ ਲੀਡਰਾਂ ਦਾ ਇਹੋ ਜਿਹਾ ਪੀਪੂ ਬਣਾਇਆ ਕਿ ਅੱਜਕਲ੍ਹ ਕਾਂਸ਼ੀ ਰਾਮ ਕਹਿੰਦਾ ਹੈ 'ਅਜੇ ਕੁਝ ਚਿਰ ਹੋਰ ਮੈਂ ਇਨ੍ਹਾਂ ਦੀ ਇਕ 'ਤੇ ਮੂੰਗ ਦਲਣੀ ਹੈ।'' ਇਹ ਕੋਈ ਵੱਡੀ ਗੱਲ ਨਹੀਂ ਜਦੋਂ ਛੇ ਮਹੀਨੇ ਪੂਰੇ ਹੋਣ ਲੱਗਣ ਤਾਂ ਮਾਇਆਵਤੀ ਭਾਜਪਾ ਨੂੰ ਠੁੱਠ ਵਿਖਾ ਕੇ ਕੋਈ ਹੋਰ ਹੀ ਭਾਣਾ ਵਰਤਾ ਦੇਵੇ।

ਕਾਂਸ਼ੀ ਰਾਮ ਕਹਿੰਦੇ, ਪਈ ਉਚੀਆਂ ਜਾਤੀਆਂ ਵਾਲਿਆਂ ਨੂੰ ਨੱਕ ਰਾਹੀਂ ਛੋਲੇ ਚਬਾਉਣੇ ਹਨ ਅਤੇ ਚਬਾਉਂਦਾ ਵੀ ਹੈ। ਸਿਆਣੀਆਂ ਪਾਰਟੀਆਂ ਅਤੇ ਖਾਸ ਕਰਕੇ ਕਮਿਊਨਿਸਟ ਇਕ ਮਰੀਅਲ ਤੇ ਬੇਹਾ ਜਿਹਾ ਸ਼ਬਦ 'ਮੌਕਾਪ੍ਰਸਤ' ਕਹਿ ਕੇ ਕਾਂਸ਼ੀ ਰਾਮ ਉਤੇ ਵਾਰ ਕਰਦੇ ਹਨ ਤਾਂ ਕਾਂਸ਼ੀ ਰਾਮ ਇਨ੍ਹਾਂ ਬੀਬੀਆਂ ਰਾਣੀਆਂ ਪਾਰਟੀਆਂ ਨੂੰ ਜਵਾਬ ਦਿੰਦਾ ਹੈ, ''ਹਾਂ, ਮੈਂ ਮੌਕਾਪ੍ਰਸਤ ਹਾਂ। ਮੌਕੇ ਦੀ ਭਾਲ ਕਰਨੀ ਤੇ ਠੀਕ ਚੋਣ ਕਰਨੀ ਜੇ ਮੌਕਾਪ੍ਰਸਤੀ ਹੈ ਤਾਂ ਅਸੀਂ ਇਹ ਖੇਡ ਲੱਖ ਵਾਰ ਖੇਡਾਂਗੇ। ਤੁਸੀਂ ਆਵਦੀ ਅਸੂਲਪ੍ਰਸਤੀ ਆਪਣੀ ਜੇਬ ਵਿਚ ਪਾ ਕੇ ਰੱਖੋ।

ਕਿਸੇ ਦੀ ਰੀਸ ਨਹੀਂ ਕਰਦਾ। ਸਵਾਲਾਂ ਦੀ ਝੜੀ ਲਾ ਦਿੰਦਾ ਹੈ। ਕੁਝ ਸਵਾਲ ਹਨ: ਮੈਨੂੰ ਦੱਸੋ! ਰਾਜਸੀ ਪਾਰਟੀਆਂ ਦੇ ਪ੍ਰਧਾਨਾਂ ਤੇ ਅਹੁਦੇਦਾਰਾਂ ਵਿਚ ਕਿੰਨੇ ਦਲਿਤ ਹਨ? ਇਹ ਵੀ ਦੱਸੋ ਮਜ਼ਦੂਰਾਂ ਦੀਆਂ ਹਮਾਇਤੀ ਕਹਾਉਣ ਵਾਲੀਆਂ ਕਮਿਊਨਿਸਟ ਪਾਰਟੀਆਂ ਵਿਚ ਹੁਣ ਤੱਕ ਇਕ ਵੀ ਦਲਿਤ ਚੇਅਰਮੈਨ ਬਣਿਆ ਹੈ? ਨਾਲੇ ਇਹ ਗੱਲ ਦੱਸਣ ਲਈ ਵੀ ਟੈਮ ਕੱਢੋ ਕਿ ਉਚੀਆਂ ਜਾਤੀਆਂ ਵਾਲਿਆਂ ਨੇ ਦਲਿਤਾਂ ਨਾਲ ਕਿੰਨੇ ਕੁ ਰਿਸ਼ਤੇ ਨਾਤੇ ਕੀਤੇ ਹਨ? ਜਦੋਂ ਉਹ ਸਵਾਲ ਕਰਦਾ ਹੈ ਤਾਂ ਉਸ ਇਨਸਾਫ ਦੀ ਸਹੁੰ (ਜੋ ਲੜ ਕੇ ਹੀ ਹਾਸਲ ਹੁੰਦਾ ਹੈ) ਸਾਰੇ ਹੀ ਪੇਸ਼ਾਬ ਦੀ ਝੱਗ ਵਾਂਗ ਬਹਿ ਜਾਂਦੇ ਹਨ। ਸਾਰਿਆਂ ਨੂੰ ਸੱਪ ਸੁੰਘ ਜਾਂਦੇ ਹਨ। ਸਾਰੇ ਡੌਰ ਭੌਰ ਹੋਏ ਏਧਰ ਉਧਰ ਝਾਕਦੇ ਰਹਿੰਦੇ ਹਨ, ਸਭਨਾਂ ਨੂੰ ਕੱਚੀਆਂ ਤਰੇਲੀਆਂ ਆ ਜਾਂਦੀਆਂ ਹਨ, ਦੰਦ ਜੁੜ ਜਾਂਦੇ ਹਨ।

ਪੂੰਜੀਵਾਦ, ਸਮਾਜਵਾਦ, ਸਾਮਵਾਦ, ਅਗਾਂਹਵਧੂ, ਪਿਛਾਂਹ ਖਿੱਚੂ ਅਤੇ ਬੁਨਿਆਦਵਾਦ ਵਰਗੇ ਸ਼ਬਦਾਂ ਦੇ ਅਰਥ ਸਮਝਾਉਣ ਲਈ ਕਮਿਊਨਿਸਟ ਪੂਰੀ ਅੱਧੀ ਸਦੀ ਤੋਂ ਪੱਬਾਂ ਭਾਰ ਲੱਗੇ ਹੋਏ ਹਨ, ਪਰ ਉਨ੍ਹਾਂ ਦੇ ਚੇਲੇ ਅਜੇ ਵੀ ਹਨੇਰੀਆਂ ਦੇ ਗੱਡੇ ਢੋਹ ਰਹੇ ਹਨ, ਪਰ ਕਾਂਸ਼ੀ ਰਾਮ ਦੀ ਗੱਲ ਪਿੰਡ ਦਾਨੇਵਾਲ ਦਾ ਬੱਕਰੀਆਂ ਚਾਰਨ ਵਾਲਾ ਘੀਚੂ ਵੀ ਸਮਝਦਾ ਹੈ ਅਤੇ ਵਰ੍ਹਿਆਂ ਤੋਂ ਉਚੀਆਂ ਜਾਤੀਆਂ ਦਾ ਆਪਣੇ ਸਿਰ ਉਤੇ ਗੰਦ ਢੋਣ ਵਾਲੀ ਬੀਬੀ ਦੀਸ਼ੋ ਵੀ ਸਮਝਦੀ ਹੈ। ਦਲਿਤ ਉਸ ਦੀ ਗੱਲ ਆਪਣੇ ਲਹੂ ਵਿਚ ਰਚਾ ਲੈਂਦੇ ਹਨ ਜਦਕਿ ਕਾਂਸ਼ੀ ਰਾਮ ਨੂੰ ਉਚੀਆਂ ਜਾਤੀਆਂ ਦੇ ਗਿੱਟੇ ਸੇਕ ਕੇ ਜਾਂ ਉਨ੍ਹਾਂ ਦੇ ਪੁੜੇ ਭੰਨ ਕੇ ਅਨੋਖਾ ਸਵਾਦ ਆਉਂਦਾ ਹੈ।

ਗੁਰੂ ਨਾਨਕ ਦੇ ਘਰ ਦਾ ਆਸ਼ਕ ਹੈ ਅਤੇ ਦਸਮੇਸ਼ ਦਾ ਪੁੱਜ ਕੇ ਸ਼ਰਧਾਲੂ ਹੈ, ਪਰ ਅਕਾਲੀਆਂ ਉਤੇ ਕਦੇ ਕਦੇ ਡਾਂਗ ਵਰ੍ਹਾਉਂਦਾ ਹੈ। ਗਿਲਾ ਕਰਦਾ ਹੈ ਕਿ ਜੋ ਅਕਾਲੀ ਸਰਬੱਤ ਦਾ ਭਲਾ ਮੰਗਦੇ ਹਨ ਤਾਂ ਫਿਰ ਦਲਿਤਾਂ ਦੇ ਗੁਰਦੁਆਰੇ ਅਜੇ ਵੀ ਵੱਖਰੇ ਕਿਉਂ ਹਨ? ਕਿਉਂ ਜੱਟਾਂ ਨੇ ਦਲਿਤਾਂ ਨੂੰ ਪਿੰਡਾਂ ਵਿਚੋਂ ਧੱਕ ਕੇ 'ਵਿਹੜੇ ਵਾਲੇ' ਬਣਾਇਆ ਹੈ? ਜੱਟ ਕਿਉਂ ਆਪਣੇ ਆਪ ਨੂੰ ਉਚੀਆਂ ਜਾਤੀਆਂ ਵਾਲੇ ਸਮਝ ਕੇ ਦਲਿਤਾਂ ਨਾਲ ਰਿਸ਼ਤੇ ਨਹੀਂ ਕਰਦੇ? ਇਨ੍ਹਾਂ ਗੱਲਾਂ ਨਾਲ ਅਕਾਲੀ ਸ਼ਰਮਿੰਦੇ ਹੁੰਦੇ ਕੋਈ ਜਵਾਬ ਨਹੀਂ ਦੇ ਰਹੇ ਜਦਕਿ ਉਹ ਜਵਾਬ ਦੀ ਉਡੀਕ ਕਰ ਰਿਹਾ ਹੈ।

ਇਸ ਉਚੇ ਆਸਮਾਨ ਹੇਠ ਕਾਂਸ਼ੀ ਰਾਮ ਵਰਗੇ ਬੰਦੇ ਥੋੜੇ ਹੀ ਹਨ। ਹੋ ਸਕਦੈ ਉਚੀਆਂ ਜਾਤੀਆਂ ਦੇ ਸੰਘ ਵਿਚ ਇਹ ਸੱਚ ਅਜੇ ਅੜਿਆ ਰਹੇ।

(ਪੰਜਾਬੀ ਟ੍ਰਿਬਿਊਨ ਫੀਚਰ ਦੇ ਧੰਨਵਾਦ ਸਹਿਤ 25-5-97)

# ਸਾਹਿਬ ਕਾਂਸ਼ੀ ਰਾਮ ਨੇ ਹਰ ਸਫਲ ਕਦਮ ਉਠਾਇਆ- ਦੀਨਾ ਭਾਨਾ

ਮੈਂ ਕਿਹਾ ਸੀ ਸਾਹਿਬ ਤੁਸੀਂ ਰਹਿਣ ਦਿਓ, ਤਾਂ ਕਾਂਸ਼ੀ ਰਾਮ ਸਾਹਿਬ ਨੇ ਕਿਹਾ ਦੀਨਾ ਭਾਨਾ ਲੜਾਈ ਤੇਰੀ ਕੱਲੀ ਦੀ ਨਹੀਂ ਇਹ ਸਾਡੀ ਸਾਂਝੀ ਲੜਾਈ ਹੈ।

ਜਦੋਂ ਬ੍ਰਾਹਮਣਵਾਦ ਆਪਣੀ ਚਰਮ ਸੀਮਾ ਪਰ ਸੀ ਉਸ ਸਮੇਂ ਪੂਨਾ ਨਗਰੀ 'ਚ ਜੋਤੀਬਾ ਫੂਲੇ, ਜੋ ਅੱਗੇ ਜਾ ਕੇ ਮਹਾਤਮਾ ਉਪਾਧੀ ਨਾਲ ਜਾਣੇ ਗਏ। ਆਪਣੀ ਜਵਾਨੀ 'ਚ ਹੀ ਜੋਤੀਬਾ ਰਾਓ ਫੂਲੇ ਨੇ ਬ੍ਰਾਹਮਣਵਾਦੀ ਵਿਵਸਥਾ ਦੇ ਖਿਲਾਫ ਸੰਘਰਸ਼ ਆਰੰਭ ਕਰ ਦਿੱਤਾ ਅਤੇ ਆਪਣੇ ਜੀਵਨ ਦੇ ਅੰਤਿਮ ਸਮੇਂ ਤੱਕ ਸੰਘਰਸ਼ ਕਰਦੇ ਰਹੇ। ਉਨ੍ਹਾਂ ਤੋਂ ਬਾਅਦ ਮਹਾਂਰਾਸ਼ਟਰ ਦੇ ਕੋਹਲਾਪੁਰ ਜ਼ਿਲ੍ਹੇ 'ਚ ਪੈਦਾ ਹੋਏ ਕੋਹਲਾਪੁਰ ਦੇ ਰਾਜਾ ਰਾਜ ਸ੍ਰੀ ਸ਼ਾਹੂ ਜੀ ਮਹਾਰਾਜ ਨੇ ਬ੍ਰਾਹਮਣਵਾਦ ਉਪਰ ਦੂਸਰਾ ਹਮਲਾ ਕੀਤਾ। ਉਨ੍ਹਾਂ ਦੇ ਮਰਨ ਉਪਰੰਤ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਡਕਰ ਨੇ ਮਹਾਤਮਾ ਜੋਤੀਬਾ ਫੂਲੇ ਦੇ ਅੰਦੋਲਨ ਨੂੰ ਅੱਗੇ ਵਧਾਇਆ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਅਣਥੱਕ ਯਤਨਾਂ ਅਤੇ ਜੀਵਨ ਸੰਘਰਸ਼ ਨੇ ਸ਼ੂਦਰ ਅਤੇ ਅਤਿਸ਼ੂਦਰਾਂ 'ਚ ਇਕ ਨਵੀਂ ਚੇਤਨਾ ਪੈਦਾ ਕੀਤੀ। ਮਨੂੰ ਦੇ ਸੰਵਿਧਾਨ (ਬ੍ਰਾਹਮਣਵਾਦ) ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਆਜ਼ਾਦ ਭਾਰਤ ਨੂੰ ਨਵਾਂ ਸੰਵਿਧਾਨ ਦੇ ਕੇ ਖਤਮ ਕਰ ਦਿੱਤਾ। ਲੇਕਿਨ ਉਸ ਨਾਲ ਵੀ ਭਾਰਤ ਦੇ ਬ੍ਰਾਹਮਣਵਾਦੀ ਲੋਕਾਂ ਦੀ ਨੀਅਤ ਵਿਚ ਕੋਈ ਪ੍ਰੀਵਰਤਨ ਨਹੀਂ ਆਇਆ।

ਕੇਂਦਰ ਸਰਕਾਰ ਦੁਆਰਾ ਸੰਚਾਲਿਤ ''ਕੇਂਦਰੀ ਇੰਸਟੀਚਿਊਟ ਆਫ ਮਿਲਟਰੀ- ਪੂਨਾ 'ਚ ਕੰਮ ਕਰ ਰਹੇ ਸਨ। ਉਸ ਸੰਸਥਾ ਵਿਚ ਸਾਰੇ ਦੇਸ਼ ਦੇ ਵੱਖ-ਵੱਖ ਪ੍ਰਦੇਸ਼ਾਂ 'ਚੋਂ ਆਏ ਹੋਏ ਕਰਮਚਾਰੀ ਕੰਮ ਕਰ ਰਹੇ ਸਨ। ਇਹ ਦੀ ਗੱਲ ਹੈ, ਇਸ ਸੰਸਥਾ ਵਿਚ ਦੇ ਲਈ ਛੁੱਟੀਆਂ ਦਾ ਫੈਸਲਾ ਲਿਆ ਗਿਆ। ਪ੍ਰੰਤੂ ਉਨ੍ਹਾਂ ਛੁੱਟੀਆਂ 'ਚ ਜਿਨ੍ਹਾਂ ਭਾਰਤ ਦੇ ਕਰੋੜਾਂ ਦਲਿਤ ਸ਼ੋਸ਼ਿਤ ਸਮਾਜ ਦੇ ਲੋਕ ਆਪਣਾ ਮਾਰਗਦਾਤਾ ਮੰਨਦੇ ਹਨ ਅਤੇ ਜਿਨ੍ਹਾਂ ਦਾ ਜਨਮ ਦਿਨ ਸਾਰੇ ਦੇਸ਼ 'ਚ ਆਪਣੇ ਦਿਨ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਉਸ ਡਾ. ਅੰਬੇਡਕਰ ਜੀ ਅਤੇ ਸਾਰੇ ਵਿਸ਼ਵ ਨੂੰ ਸੰਦੇਸ਼ ਦੇਣ ਵਾਲੇ ਮਹਾਤਮਾ ਬੁੱਧ ਜੀ ਦੀ ਜੈਅੰਤੀ ਦੀ ਛੁੱਟੀ ਸ਼ਾਮਲ ਨਹੀਂ ਸੀ। ਇਸ ਗੱਲ ਨੂੰ ਉਸ ਸੰਸਥਾ 'ਚ ਕੰਮ ਕਰਨ ਵਾਲੇ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਨੇ ਰੋਸ ਪ੍ਰਗਟਾਇਆ ਤਾਂ ਬ੍ਰਾਹਮਣਵਾਦੀ ਲੋਕ ਇਸ ਰੋਸ ਵਿਰੁੱਧ ਭੜਕ ਉਠੇ ਤਾਂ ਉਨ੍ਹਾਂ ਨੇ ਡਾ. ਅੰਬੇਡਕਰ ਜੀ ਦੇ ਸਮਰਥਕਾਂ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਡਾ. ਅੰਬੇਡਕਰ ਜੀ ਦੇ ਸਮਰਥਕਾਂ ਸਾਹਮਣੇ ਦੋ ਪ੍ਰਸਤਾਵ ਰੱਖੇ ਉਹ ਸਨ, ਨੌਕਰੀ ਜਾਂ ਛੁੱਟੀ। ''ਉਸ ਸਮੇਂ ਡਾ. ਅੰਬੇਡਕਰ ਜੀ ਨੂੰ ਮੰਨਣ ਵਾਲੇ ਮਹਾਰਾਂ ਨੇ ਨੌਕਰੀ ਨੂੰ ਚੁਣਿਆ ਅਤੇ ਆਪਣਾ ਸਵੈਮਾਣ ਅਤੇ ਆਤਮ ਸਨਮਾਨ ਗੁਆ ਲਿਆ। ਉਸ ਸਮੇਂ ਰਾਜਸਥਾਨ 'ਚ ਪੈਦਾ ਹੋਇਆ ਵਾਲਮੀਕਿ ਜਿਸਦਾ ਨਾਮ ਸੀ ''ਦੀਨਾ ਭਾਨਾ'' ਅਤੇ ਉਸਦੇ ਪਿਤਾ ਦਾ ਨਾਮ ਸੀ ਭਾਨਾ। ਲੇਕਿਨ ਉਸਨੂੰ ਦੀਨਾ ਭਾਨਾ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਦੀਨਾ ਭਾਨਾ ਸੀਨਾ ਠੋਕ ਕੇ ਅੱਗੇ ਆਇਆ ਅਤੇ ਉਸਨੇ ਕਿਹਾ ਕਿ ਮੈਨੂੰ ਤਾਂ ਭਗਵਾਨ ਬੁੱਧ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜਨਮ ਦਿਨ ਦੀ ਛੁੱਟੀ ਵੀ ਚਾਹੀਦੀ ਹੈ ਅਤੇ ਨੌਕਰੀ ਵੀ। ਦੀਨਾ ਭਾਨਾ ਦੀ ਇਸ ਲਲਕਾਰ ਨੂੰ ਆਪਣਾ ਅਪਮਾਨ ਮੰਨ ਕੇ ਬ੍ਰਾਹਮਣਵਾਦੀ ਲੋਕਾਂ ਨੇ ਦੀਨਾ ਭਾਨਾ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ। ਦੀਨਾ ਭਾਨਾ ਦੀ ਮੁਅੱਤਲੀ ਦੀ ਜਿਸ ਸਮੇਂ ਬ੍ਰਾਹਮਣਵਾਦੀ ਖੁਸ਼ੀ ਮਨਾ ਰਹੇ ਹਨ ਉਸ ਸਮੇਂ ਪੰਜਾਬ ਤੋਂ ਨੌਕਰੀ ਕਰਨ ਆਏ ਕਾਂਸ਼ੀ ਰਾਮ ਨੇ ਬ੍ਰਾਹਮਣਵਾਦੀਆਂ ਨੂੰ ਲਲਕਾਰਿਆ ਅਤੇ ਦੀਨਾ ਭਾਨਾ ਨੂੰ ਕਿਹਾ ''ਦੀਨਾ ਭਾਨਾ ਜੀ ਇਹ ਲੜਾਈ ਹੁਣ ਤੁਹਾਡੇ ਇਕੱਲਿਆਂ ਦੀ ਨਹੀਂ, ਇਹ ਲੜਾਈ ਹੁਣ ਸਾਡੀ ਸਭ ਦੀ ਹੈ।'' ਕਿਉਂਕਿ ਤੂੰ ਵਾਲਮੀਕ ਹੈਂ ਤੇ ਮੈਂ ਚਮਾਰ ਹਾਂ, ''ਅਸੀਂ ਭਰਾ ਭਰਾ ਹਾਂ।'' ਕਾਂਸ਼ੀ ਰਾਮ ਜੀ ਦੇ ਸੰਘਰਸ਼ ਨੇ ਦੀਨਾ ਭਾਨਾ ਦੀ ਨੌਕਰੀ ਵਾਪਸ ਲੁਆ ਦਿੱਤੀ ਅਤੇ ਉਸ ਸਮੇਂ ਕਸਮ ਖਾਧੀ ਕਿ ਬ੍ਰਾਹਮਣਵਾਦੀ ਸਮਾਜ ਨੂੰ ਜੜ੍ਹ ਤੋਂ ਉਖਾੜ ਦਿਆਂਗੇ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਅਧੂਰੇ ਮਿਸ਼ਨ ਨੂੰ ਪੂਰਾ ਕਰਾਂਗੇ। ਉਸ ਦਿਨ ਤੋਂ ਹੀ ਕਾਂਸ਼ੀ ਰਾਮ ਜੀ ਆਪਣੇ ਰਸਤੇ ਤੇ ਚੱਲ ਪਏ, ਆਪਣੇ ਸਾਰੇ ਸੁੱਖ ਤਿਆਗ ਕੇ, ਸਮਾਂ ਬੀਤਦਾ ਗਿਆ ਤੇ ਕਾਫਲਾ ਵਧਦਾ ਗਿਆ।

ਬਹੁਜਨ ਸਮਾਜ ਪਾਰਟੀ ਦੇ ਕੇਂਦਰੀ ਦਫਤਰ 'ਚ ਨਵੀਂ ਦਿੱਲੀ ਵਿਖੇ ਦੀਨਾ ਭਾਨਾ ਜੀ ਨਾਲ ਇਸ ਸਬੰਧ ਵਿਚ ਹੋਈ ਗੱਲਬਾਤ ਦੇ ਮੁੱਖ ਅੰਸ਼:-

ਸਵਾਲ: ਦੀਨਾ ਭਾਨਾ ਜੀ ਤੁਸੀਂ ਪੂਨਾ ਵਿਖੇ ਕੀ ਕਰਨ ਆਏ ਸੀ?

ਦੀਨਾ ਭਾਨਾ- ਮੇਰਾ ਪਿੰਡ ਬਗਾਸ ਹੈ ਜੋ ਰਾਜਸਥਾਨ 'ਚ ਜ਼ਿਲ੍ਹਾ ਜੈਸਲਮੇਰ 'ਚ ਆਉਂਦਾ ਹੈ, ਮੈਂ ਪਿਤਾ ਜੀ ਦੀ ਮੌਤ ਤੋਂ ਬਾਅਦ ਦਿੱਲੀ ਆਇਆ ਅਤੇ ਵੱਡੇ ਭਰਾ ਦੇ ਨਾਲ ਰਹਿਣ ਲੱਗ ਪਿਆ। ਇਕ ਵਾਰ ਭਰਾ ਦੇ ਨਾਲ ਕੁਝ ਅਣਬਣ ਹੋ ਗਈ, ਮੈਂ ਦਿੱਲੀ 'ਚ ਭਰਾ ਦੇ ਘਰ ਤੋਂ ਭੱਜ ਕੇ ਪੂਨਾ ਆ ਗਿਆ।

ਸਵਾਲ: ਤੁਹਾਨੂੰ ਕੇਂਦਰੀ ਇੰਸਟੀਚਿਊਟ ਆਫ ਮਿਲਟਰੀ ਪੂਨਾ 'ਚ ਨੌਕਰੀ ਕਦੋਂ ਮਿਲੀ?

ਦੀਨਾ ਭਾਨਾ- ਸੀ. ਆਰ. ਐਮ. ਈ. 'ਚ ਮੈਨੂੰ ਕੰਮ ਮਿਲਿਆ। ਉਸ ਸਮੇਂ ਦਸ ਆਨਾ ਮਜ਼ਦੂਰੀ ਮਿਲਦੀ ਸੀ।

ਸਵਾਲ: ਤੁਹਾਨੂੰ ਡਾ. ਅੰਬੇਡਕਰ ਜੀ ਦੇ ਜੀਵਨ ਅਤੇ ਮਿਸ਼ਨ ਦੀ ਜਾਣਕਾਰੀ ਕਿੱਥੋਂ ਮਿਲੀ?

ਦੀਨਾ ਭਾਨਾ- ਜਦੋਂ ਮੈਂ ਕੁਛ ਸਮੇਂ ਦਿੱਲੀ 'ਚ ਰਿਹਾ ਸੀ। ਉਸ ਸਮੇਂ ਦੌਰਾਨ ਮੈਨੂੰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸਬੰਧ 'ਚ ਜਾਣਕਾਰੀ ਮਿਲੀ ਤੇ ਪੂਨਾ 'ਚ ਆ ਕੇ ਜਾਣਕਾਰੀ 'ਚ ਹੋਰ ਵਾਧਾ ਹੋਇਆ।

ਸਵਾਲ: ਕਾਂਸ਼ੀ ਰਾਮ ਜੀ ਸੀ. ਆ. ਐਮ.. ਈ. 'ਚ ਕਦੋਂ ਆਏ?

ਦੀਨਾ ਭਾਨਾ- ਕਾਂਸ਼ੀ ਰਾਮ ਜੀ ਸੰਨ 'ਚ ਆਏ।

ਸਵਾਲ: ਤੁਹਾਡੇ ਅਤੇ ਕਾਂਸ਼ੀ ਰਾਮ ਜੀ ਦਾ

## ਬਾਬਾ ਤੁਹਾਡਾ ਕਾਫਲਾ ਅੱਗੇ ਹੀ ਜਾਏਗਾ, ਜਿੱਥੇ ਤੁਹਾਡੀ ਮੰਜ਼ਿਲ ਸੀ

# ਸਾਹਿਬ ਕਾਂਸ਼ੀ ਰਾਮ ਜੀ ਨਾਲ 1995 ਦੀ ਇੱਕ ਮੁਲਾਕਾਤ

### ਪਰਿਵਾਰ ਦਾ ਕਾਂਸ਼ੀ ਰਾਮ, ਬਹੁਜਨਾਂ ਦਾ 'ਸਾਹਿਬ'

20ਵੀਂ 21 ਵੀਂ ਸਦੀ ਦਾ ਦਲਿਤ, ਬਹੁਜਨਾਂ ਦਾ ਜਨਰੈਲ ਸਾਹਿਬ ਕਾਂਸ਼ੀ ਰਾਮ ਭਾਰਤ ਦੀ ਰਾਜਨੀਤੀ 'ਚ ਕਿਸੇ ਜਾਣ ਪਹਿਚਾਣ ਦੇ ਮੁਹਤਾਜ ਨਹੀਂ ਰਹੇ। ਉਹ ਹਜ਼ਾਰਾ ਸਾਲਾਂ ਤੋਂ ਭਾਰਤੀ ਸਮਾਜ ਵਿੱਚ ਹਾਸ਼ੀਏ ਤੇ ਕੀਤੇ ਸਮਾਜ ਨੂੰ ਮੁੜ ਦੇਸ਼ ਦਾ ਸ਼ਾਸ਼ਿਕ ਵਰਗ ਬਣਉਣਾ ਚਾਹੁੰਦੇ ਸਨ। ਅੱਜ ਭਾਰਤੀ, ਸਗੋਂ ਦੁਨੀਆਂ ਭਰ 'ਚ ਮਨੁੱਖੀ ਹੱਕਾਂ ਲਈ ਸੰਘਰਸ਼ਾਂ ਦਾ ਮਾਰਗਦਾਤਾ, ਰਣਨੀਤੀਕਾਰ, ਰਾਜਨੀਤਿਕ ਵਿਗਿਆਨਿਕ ਸਿਧਾਂਤਾ ਦਖ ਖੋਜੀ, ਕਰੋੜਾਂ ਬਹੁਜਨਾਂ ਅੰਦਰ ਆਤਮ-ਸਨਮਾਨ ਦਾ ਜਜ਼ਬਾ ਪੈਦਾ ਕਰਨ ਵਾਲੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਖੁਦ ਦੀ ਮੁਲਾਕਾਤ ਦੇ ਅੰਸ਼ ਪੇਸ਼ ਕਰਦੇ ਹਨ। ਇਕ ਵਿਸ਼ੇਸ਼ ਅੰਕ ਸਾਹਿਬ ਦੇ ਜਨਮ ਦਿਨ 15 ਮਾਰਚ 1995 'ਬਹੁਜਨ ਸਮਾਜ ਦਿਵਸ' ਨੂੰ ਸਮਰਪਿਤ ਕੀਤਾ ਗਿਆ ਸੀ। 'ਬਹੁਜਨ ਨਾਇਕ' ਨਾਂ ਦੇ ਇੱਕ ਮਰਾਠੀ ਸਪਤਾਹਿਕ ਮੈਗਜ਼ੀਨ (ਮਹਾਂਰਾਸ਼ਟਰ) ਤੋਂ ਪੰਜਾਬੀ ਅਨੁਵਾਦ ਸਾਡੇ ਪੱਤਰਕਾਰ ਕਾਲਮ ਨਵੀਸ ਅਜਿਹੇ ਅਨੇਕਾਂ ਤੱਥਾਂ ਭਰਪੂਰ ਲੇਖ, ਖੁਦ ਸਾਹਿਬ ਦੀਆਂ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਕੀਤੀਆਂ ਮੁਲਕਾਤਾਂ, ਸਾਹਿਬ ਦੁਆਰਾ ਲਿਖੇ ਗਏ ਅਨੇਕਾਂ ਲੇਖ ਅਤੇ ਕਾਨਫਰੰਸਾਂ ਦੇ ਭਾਸ਼ਣਾਂ ਦਾ ਨਿਚੋੜ, ਟੀ.ਵੀ ਚੈਨਲਾਂ, ਪਾਰਲੀਮੈਂਟ ਵਿੱਚ ਦਿੱਤੇ ਗਏ ਭਾਸ਼ਣ ਅਤੇ ਵਿਦੇਸ਼ਾਂ ਵਿੱਚ ਕੀਤੇ ਸਮਾਗਮਾਂ ਦੀਆਂ ਰਿਪੋਰਟਾਂ ਨੂੰ ਪੇਸ਼ ਕਰਦੀ ਹੋਈ ਆ ਰਹੀ ਪੁਸਤਕ "ਇਕ ਸਨ ਸਾਹਿਬ ਕਾਂਸ਼ੀ ਰਾਮ" ਵਿਚੋਂ।)

ਸਾਹਿਬ ਕਾਂਸ਼ੀ ਰਾਮ ਤੋਂ ਬਿਨ੍ਹਾਂ ਕੋਈ ਵੀ ਰਾਜਨੀਤਿਕ ਗਿਣਤੀ ਪੂਰੀ ਨਹੀਂ ਹੋ ਸਕਦੀ ਅਤੇ ਸੱਤਾ ਦੇ ਨਿਰੰਤਰ ਦੇ ਤੌਰ ਤੇ ਉਨ੍ਹਾਂ ਦੀ ਤਾਕਤ ਨੂੰ ਹੁਣ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਲੋਕ ਉਹਨਾਂ ਨੂੰ ਜੱਦੀ ਮੂੰਹ ਫੱਟ ਅਤੇ ਹਮਲਾਵਾਰ ਹੋਣ ਦੇ ਕਾਰਣ ਇੱਕ ਸੀਮਾ ਤੱਕ ਬਦਤਮੀਜ ਵੀ ਮੰਨਦੇ ਸਨ, ਲੇਕਿਨ ਉਹਨਾਂ ਦੀ ਪ੍ਰਤੀਬੱਧਤਾ ਬਾਰੇ ਕੋਈ ਵੀ ਸਵਾਲ ਆਮ ਤੌਰ ਤੇ ਨਹੀਂ ਕੀਤਾ ਜਾ ਸਕਦਾ। ਬਾਰਬਾਰ ਰਾਜਨੀਤਿਕ ਤਾਲਮੇਲ ਬਦਲਣ ਦੇ ਲਈ ਉਹਨਾਂ ਦੀ ਅਲੋਚਨਾ ਹੁੰਦੀ ਰਹੀ, ਪਰ ਹਰ ਤਾਲਮੇਲ ਬਦਲਣ ਨੂੰ ਦਲਿਤਾਂ ਦੇ ਹਿੱਤ ਵਿੱਚ ਸਮਝਦੇ ਸਨ। ਇੱਕ ਸਿਫਰ ਤੋਂ ਵੀ ਇੱਕ ਫੈਸਲਾਕੁੰਨ ਤਾਕਤ ਦੇ ਤੌਰ 'ਤੇ ਨਜ਼ਰ ਆਉਣ ਵਾਲੇ ਕਾਂਸ਼ੀ ਰਾਮ ਨਾਲ ਮੁਲਾਕਾਂਤ:-



ਸੰਤੋਖ ਸਿੰਘ ਜੱਸੀ
91-70876-19800



ਭਾਰਤ ਵਿੱਚ ਪਹਿਲੀ ਜਨਤਕ ਕਾਨਫਰੰਸ

**ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਦੇ ਜੀਵਨ ਬਾਰੇ ਦੱਸੋ?**

- ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਸਮਾਜਿਕ ਸੰਸਥਾਵਾਂ ਨੂੰ ਚਲਾਉਂਦਾ ਸੀ ਅਤੇ ਸਮਾਜਿਕ ਸੰਸਥਾਵਾਂ ਨੂੰ ਪਰਿਵਰਤਨ ਦੇ ਲਈ ਲੋਕਾਂ ਨੂੰ ਸਗੰਠਿਤ ਕਰਕੇ ਸਮਾਜਿਕ ਬਦਲਾਅ ਦੀ ਗਰਾਊਂਡ ਬਣਾਉਣ ਲਈ ਲੱਗਾ ਰਹਿੰਦਾ ਸੀ।

**ਰਾਜਨੀਤੀ ਵਿੱਚ ਤੁਸੀਂ ਕਿਉਂ, ਕਿਸ ਤਰ੍ਹਾਂ ਕਿਸ ਦੀ ਪ੍ਰੇਰਣਾ ਨਾਲ ਆਏ?**

- ਸਮਾਜਿਕ ਬਦਲਾਅ ਲਈ ਜਦੋਂ ਮੈਂ ਕੰਮ ਕਰ ਰਿਹਾ ਸੀ ਤਾਂ ਮੈਂ ਮਹਿਸੂਸ ਕੀਤਾ ਕਿ ਸਮਾਜ ਵਿੱਚ ਰਾਜਨੀਤੀ ਦਾ ਬਹੁਤ ਪ੍ਰਭਾਵ ਹੈ ਅਤੇ ਰਾਜਨੀਤੀ ਤੋਂ ਬਗੈਰ ਮੈਂ ਆਪਣੇ ਕੰਮ ਵਿੱਚ ਸਫਲ ਨਹੀਂ ਹੋ ਸਕਾਂਗਾ। ਮੈਂ ਸਮਾਜਿਕ ਪਰਿਵਰਤਨ ਦੇ ਪ੍ਰਤੀ ਆਪਣੀ ਪ੍ਰਤੀਬਧਤਾ ਨੂੰ ਪ੍ਰੇਰਣਾ ਮੰਨ ਕੇ ਰਾਜਨੀਤੀ ਵਿੱਚ ਸਰਗਰਮ ਹੋ ਗਿਆ।

**ਤੁਸੀਂ ਆਪਣੇ ਜੀਵਨ ਵਿੱਚ ਕਿਸ ਕਿਸ ਤੋਂ ਪ੍ਰਭਾਵਿਤ ਹੋ ਅਤੇ ਤੁਹਾਡੇ ਪ੍ਰੇਰੇਣਾ ਸ੍ਰੋਤ ਕੌਣ ਹਨ?**

- ਜ਼ਿੰਦਗੀ ਵਿੱਚ ਬਹੁਤਿਆਂ ਤੋਂ ਪ੍ਰਭਾਵਿਤ ਹਾਂ ਪਰ ਮੈਂ ਪ੍ਰੇਰਣਾ ਸ੍ਰੋਤ ਦੇ ਤੌਰ ਤੇ ਬਾਬਾ ਸਾਹਿਬ ਡਾ: ਅੰਬੇਡਕਰ ਜੀ ਅਤੇ ਰਾਸ਼ਟਰਪਿਤਾ ਜੋਤੀਬਾ ਫੂਲੇ ਨੂੰ ਮੰਨਦਾ ਹਾਂ। ਉਹਨਾਂ ਦੀਆਂ ਨੀਤੀਆਂ ਆਦਰਸ਼ ਅਤੇ ਬਿਆਨਾ ਤੋਂ ਮੈਂ ਬਹੁਤ ਹੀ ਪ੍ਰਭਾਵਿਤ ਹਾਂ ਇਹਨਾਂ ਲੋਕਾਂ ਨੇ ਸਮਾਜਿਕ ਪਰਿਵਰਤਨ ਲਈ ਬਹੁਤ ਕੰਮ ਕੀਤਾ ਜਿਸਨੂੰ ਪ੍ਰੇਰਣਾ ਸ੍ਰੋਤ ਮੰਨਦਾ ਹਾਂ।

**ਬਹੁਜਨ ਸਮਾਜ ਪਾਰਟੀ ਦਾ ਪ੍ਰਭਾਵ ਤੁਸੀਂ ਕਿਸ ਕਿਸ ਪ੍ਰਦੇਸ਼ ਵਿੱਚ ਮੰਨਦੇ ਹੋ?**

- ਪਹਿਲੇ ਨੰਬਰ 'ਤੇ ਉੱਤਰ ਪ੍ਰਦੇਸ਼, ਦੂਸਰੇ ਤੇ ਮੱਧ ਪ੍ਰਦੇਸ਼ ਤੇ ਤੀਸਰੇ ਨੰਬਰ ਤੇ ਮੈਂ ਪੰਜਾਬ ਨੂੰ ਰੱਖਣਾ ਚਾਹਾਂਗਾ। ਉਸ ਤੋਂ ਬਾਅਦ ਜੰਮੂ, ਹਿਮਾਚਲ ਤੇ ਬਾਕੀ ਪ੍ਰਦੇਸ਼ ਹੋਣਗੇ।

**ਮਤਲਬ ਤੁਸੀਂ ਬਸਪਾ ਨੂੰ ਹੌਲੀ-ਹੌਲੀ ਨੈਸ਼ਨਲ ਪਾਰਟੀ ਬਣਾਉਗੇ?**

- ਰਾਸ਼ਟਰੀ ਪਾਰਟੀ ਤਾਂ ਇਹਨਾਂ ਚੋਣਾਂ ਵਿੱਚ ਹੀ ਬਣ ਜਾਵੇਗੀ।

**ਤੁਸੀਂ ਦੇਸ਼ ਵਿੱਚ ਕੋਨਾ ਕੋਨਾ ਘੁੰਮ ਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦੇ ਲੋਕਾਂ ਦੇ ਹਲਾਤਾਂ ਨੂੰ ਨੇੜੇ ਤੋਂ ਤੱਕਿਆ ਹੈ, ਅੱਜ ਉਹਨਾਂ ਦੀ ਕੀ ਸਥਿਤੀ ਹੈ ਅਤੇ ਤਹਾਡੇ ਕੋਲ ਤਰੱਕੀ ਲਈ ਕੀ ਕੀ ਯੋਜਨਾਵਾਂ ਹਨ?**

- ਇਨ੍ਹਾਂ ਜਾਤੀਆਂ ਬਾਰੇ ਸਾਰੀਆ ਪਾਰਟੀਆਂ ਬੋਲਦੀਆ ਹਨ, ਪਰ ਕਰਦੀਆ ਕੁੱਝ ਨਹੀਂ। ਇਸ ਲਈ ਇਨ੍ਹਾਂ ਲਈ ਕੁਝ ਕਰਨ ਦਾ ਕੰਮ ਬਹੁਜਨ ਸਮਾਜ ਪਾਰਟੀ ਕਰੇਗੀ।ਸਾਨੂੰ ਲੋਕ ਬੋਲਦੇ ਹਨ, ਕਰਦੇ ਕੁਝ ਨਹੀਂ, ਪਰ ਅਸੀਂ ਬੋਲਾਂਗੇ ਨਹੀਂ ਬਲਿਕ ਦਿ-ਖਾਂਵਾਗੇ ਉਨ੍ਹਾਂ ਦੀ ਤਰੱਕੀ ਲਈ ਸਾਨੂੰ ਵੀ ਲੱਗਣਾ ਪਵੇਗਾ, ਕਿਉਂਕਿ ਉਹ ਸਾਡੀ ਜਰੂਰਤ ਹੈ। ਸਾਡਾ ਮੁੱਖ ਉਦੇਸ਼ ਇਨ੍ਹਾਂ ਜਾਤੀਆਂ ਵਿੱਚ ਲੀਡਰਸ਼ਿਪ ਪੈਦਾ ਕਰਨਾ ਹੈ, ਦੂਸਰੀਆਂ ਪਾਰਟੀਆਂ ਸਿਰਫ ਚਮਚੇ ਪੈਦਾ ਕਰਦੀਆਂ ਹਨ ਪਰ ਅਸੀਂ ਲੀਡਰ ਪੈਦਾ ਕਰਾਂਗੇ।

**ਅਨੁਸੂਚਿਤ ਜਾਤੀ ਅਨੁਸੂਚਿਤ ਜਨ ਜਾਤੀ ਤੋਂ ਬਾਅਦ ਪੱਛੜੇ ਵਰਗ ਮੰਡਲ ਕਮਿਸ਼ਨ ਵਰਗ ਬਾਰੇ ਤੁਹਾਡੀ ਕੀ ਰਾਏ ਹੈ?**

- ਮੰਡਲ ਕਮਿਸ਼ਨ ਦਾ ਲਾਗੂ ਹੋਣਾ ਜਰੂਰੀ ਹੈ, ਮੰਡਲ ਕਮਿਸ਼ਨ ਸਾਡੀ ਸੰਸਥਾ ਦਾ ਇੱਕ ਅੰਸ਼ ਹੈ ਭਾਰਤੀਆ ਬਾਗੀਦਾਰ ਅੰਦੋਲਨ ਭਾਰਤ ਦੇ ਸ਼ਾਸਨ ਅਤੇ ਪ੍ਰਸ਼ਾਸਨ ਵਿੱਚ ਬਹੁਜਨ ਸਮਾਜ ਦੀ ਹਿੱਸੇਦਾਰੀ ਹੈ। ਮੰਡਲ ਕਮਿਸ਼ਨ ਇੱਕ ਸੀਮਤ ਯਤਨ ਹੈ ਅਤੇ ਇਸਦੇ ਲਾਗੂ ਹੋਣ ਨਾਲ ਕੋਈ ਤਾਂ ਫਾਇਦਾ ਹੋਵੇਗਾ।

**ਜਿਸ ਤਰ੍ਹਾਂ ਮੰਡਲ ਦਾ ਰੌਲਾ ਪਾਇਆ ਜਾ ਰਿਹਾ ਹੈ ਅਤੇ ਜਦ ਸਮਾਜਿਕ ਨਿਆਂ ਲਈ ਰੌਲਾ ਪਾ ਰਹੀਆਂ ਰਾਜਨੀਤਿਕ ਪਾਰਟੀਆਂ, ਲੋਕ ਕੀ ਸੱਚਮੁੱਚ ਚਿੰਤਤ ਹਨ, ਜਾਂ ਕੇਵਲ ਉਹਨਾਂ ਦੇ ਨਾਮ ਤੇ ਰਾਜਨੀਤੀ ਹੀ ਕਰ ਰਹੀਆ ਹਨ?**

- ਰਾਜਨੀਤਿਕ ਇੱਛਾ ਦੀ ਕਮੀ ਹੈ, ਲੋਕਾਂ ਨੂੰ ਵੀ ਸੱਤਾ ਵਿੱਚ ਆਉਣ ਦਾ ਮੌਕਾ ਦਿੱਤਾ ਉਹ ਚੋਣਾ ਤੋਂ ਪਹਿਲਾ ਹੀ ਚੀਕਦੇ ਹਨ, ਪਰ ਬਾਅਦ ਵਿੱਚ ਖੁਦ ਹੀ ਅਨਿਆ ਕਰਦੇ ਹਨ।

**ਜਿਸ ਤਰ੍ਹਾਂ ਦਿਨ-ਬ-ਦਿਨ ਬਸਪਾ ਦੀ ਤਾਕਤ ਵੱਧ ਰਹੀ ਹੈ ਉਸ ਤੋ ਤੁਹਾਨੂੰ ਬਸਪਾ ਦਾ ਭਵਿੱਖ ਕਿਸ ਤਰ੍ਹਾਂ ਦਾ ਲੱਗ ਰਿਹਾ ਹੈ?**

- ਜਿਸ ਤਰ੍ਹਾਂ ਬਸਪਾ ਦੀ ਤਾਕਤ ਵਧ ਰਹੀ ਹੈ ਉਸ ਤੋਂ ਪਤਾ ਲੱਗਦਾ ਹੈ ਕਿ ਜਲਦੀ ਹੀ ਦੇਸ਼ ਦੀ ਸੱਤਾ ਬਹੁਜਨ ਸਮਾਜ ਦੇ ਹੱਥਾਂ ਵਿੱਚ ਹੋਵੇਗੀ। ਪਰ ਸੱਤਾ ਪ੍ਰਾਪਤ ਕਰਨਾ ਸਾਡਾ ਦਾ ਉਦੇਸ਼ ਨਹੀਂ, ਬਸਪਾ ਤਾਂ ਰਾਜਨੀਤਿਕ ਤਾਕਤ ਦਾ ਸਹਾਰਾ ਲੈ ਕੇ ਸਮ-ਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਚਾਹੁੰਦੀ ਹੈ।

**ਇਹ ਸਾਰੇ ਨੇਤਾ ਕਦੇ ਕੀ ਤੁਹਾਨੂੰ ਵੀ ਆਪਣੀਆਂ ਚਾਲਬਾਜੀਆਂ ਵਿੱਚ ਫਸਾਉਣ ਦੀ ਕੋਸ਼ਿਸ਼ ਕਰਦੇ ਹਨ?**

- ਕਈ ਵਾਰ, ਇਸ ਤਰ੍ਹਾਂ ਦੀ ਕੋਸ਼ਿਸ਼ ਤਾਂ ਇੰਨੀ ਹੀ ਲਗਾਤਾਰ ਚੱਲਦੀ ਰਹਿੰਦੀ ਹੈ।

**ਬਚਪਨ ਵਿੱਚ ਕੋਈ ਅਜਿਹੀ ਇੱਛਾ ਅਧੂਰੀ ਰਹਿ ਗਈ ਹੋਵੇ ਕਿ ਬਚਪਨ ਵਿੱਚ ਹੀ ਰਾਜਨੀਤੀ ਵਿੱਚ ਆਉਣ ਦਾ ਫੈਸਲਾ ਲੈ ਲਿਆ ਹੋਵੇ?**

- ਇਸ ਤਰ੍ਹਾਂ ਦੀ ਕੋਈ ਇੱਛਾ ਨਹੀਂ ਸੀ, ਪਰ ਮੈਂ ਜਦ ਥੋੜਾ ਵੱਡਾ ਹੋਇਆਂ ਤਾਂ ਸਮਾਜਿਕ ਪਰਿਵਰਤਨ ਦੀ ਚਾਹਤ ਮਨ ਵਿੱਚ ਸੀ, ਜਿਸ ਕਾਰਣ ਮੈਂ ਰਾਜੀਨੀਤੀ ਵਿੱਚ ਆਉਣ ਦਾ ਫੈਸਲਾ ਲਿਆ।

**ਤੁਹਾਡੀ ਸ਼ਾਦੀ ਕਦੋਂ ਹੋਈ?**

- ਮੈਂ ਸ਼ਾਦੀ ਨਹੀਂ ਕੀਤੀ ਜਦੋਂ ਮੇਰੀ ਸ਼ਾਦੀ ਦੀ ਗੱਲ ਚੱਲ ਰਹੀ ਸੀ ਤਾਂ ਮੈਂ ਫੈਸਲਾ ਕੀਤਾ ਕਿ ਮੈਂ ਸਮਾਜਿਕ ਤੇ ਰਾਜਨੀਤਿਕ ਜੀਵਨ ਵਿੱਚ ਰਹਿਣਾ ਹੈ ਇਸ ਲਈ ਮੈਨੂੰ ਸ਼ਾਦੀ ਨਹੀਂ ਕਰਨੀ ਚਾਹੀਦੀ, ਮੇਰਾ ਕੋਈ ਆਪਣਾ ਪਰਿਵਾਰ, ਮੋਹ ਮਾਇਆ ਦਾ ਜੰਜਾਲ ਨਹੀਂ ਹੈ।

**ਤੁਹਾਡੇ ਪ੍ਰਤੀ ਤੁਹਾਡੇ ਪਰਿਵਾਰ ਦੀ ਕੀ-ਕੀ ਸ਼ਿਕਾਇਤ ਰਹੀ ਹੈ?**

- ਮੇਰੇ ਪਰਿਵਾਰ ਦੀ ਮੇਰੇ ਪ੍ਰਤੀ ਹਮੇਸ਼ਾ ਸ਼ਿਕਾਇਤ ਰਹੀ ਹੈ। ਮੈਂ ਫੈਸਲਾ ਕੀਤਾ ਕਿ ਮੈਂ ਪੂਰੀ ਤਰ੍ਹਾਂ ਪਰਿਵਾਰ ਤੋਂ ਅਲੱਗ ਰਹਾਂਗਾ, ਚਾਹੇ ਘਰ ਵਿੱਚ ਕਿਸੇ ਦੀ ਵੀ ਸ਼ਾਦੀ ਹੋਵੇ, ਕਿਸੇ ਦੇ ਵੀ ਬੱਚਾ ਹੋਵੇ ਜਾਂ ਕਿਸੇ ਦੀ ਵੀ ਮੌਤ ਹੋਵੇ, ਮੈਂ ਘਰ ਨਹੀਂ ਜਾਵਾਂਗਾ, ਸ਼ਾਇਦ ਭਾਰਤ ਵਿੱਚ ਮੈਂ ਇੱਕ ਅਜਿਹਾ ਆਦਮੀ ਹਾਂ ਜੋ ਭਾਰਤ ਦੇ ਹਰ ਜ਼ਿਲ੍ਹੇ ਵਿੱਚ ਕਿਤੇ ਪੈਦਲ, ਕਿਤੇ ਬੱਸ ਤੇ ਕਿਤੇ ਗੱਡੀ 'ਚ, ਕਿਤੇ ਹਵਾਈ ਜ਼ਹਾਜ 'ਚ ਘੁੰਮਿਆ ਹਾਂ।



ਸਾਹਿਬ ਕਾਂਸ਼ੀ ਰਾਮ ਇੱਕ ਮੁਲਾਕਾਤ ਦੌਰਾਨ

**ਤੁਹਾਡੀ ਕੋਈ ਇੱਛਾ ਜੋ ਹੁਣ ਤੱਕ ਪੂਰੀ ਨਾ ਹੋਈ ਹੋਵੇ?**

- ਬਹੁਜਨ ਸਮਾਜ ਹੀ ਮੇਰਾ ਇੱਕ ਮਾਤਰ ਸੁਪਨਾ ਹੈ ਜਾਂ ਇੱਛਾ ਹੈ, ਜਿਸ ਲਈ ਮੈਂ ਸੰਘਰਸ਼ ਕਰ ਰਿਹਾ ਹਾਂ। ਮੈਨੂੰ ਲੱਗਦਾ ਹੈ ਕਿ ਮੇਰਾ ਸਾਰਾ ਜੀਵਨ ਸੰਘਰਸ਼ ਵਿੱਚ ਹੀ ਗੁਜ਼ਰ ਜਾਵੇਗਾ। ਇੱਕ ਗੱਲ ਪੱਕੀ ਹੈ ਕਿ ਬਾਬਾ ਸਾਹਿਬ ਬਾਬਾ ਤੁਹਾਡਾ ਕਾਬਲਾ ਅੱਗੇ ਹੀ ਜਾਏਗਾ, ਜਿੱਥੇ ਤੁਹਾਡੀ ਮੰਜ਼ਿਲ ਸੀ।

**ਕੋਈ ਐਸੀ ਰਾਜਨੀਤਿਕ ਭੁੱਲ ਜਿਸ ਤੇ ਤੁਹਾਨੂੰ ਪਛਤਾਵਾ ਹੋਵੇ?**

- ਅਜੇ ਤਾਂ ਮੈਂ ਕੋਈ ਵੱਡਾ ਕੰਮ ਨਹੀਂ ਕੀਤਾ।

**ਕੀ ਤੁਸੀਂ ਪੂਜਾ ਕਰਦੇ ਹੋ?**

- ਨਾ ਮੈਂ ਪੂਜਾ ਕਰਦਾ ਹਾਂ ਨਾ ਹੀ ਪਾਠ ਤੇ ਭਗਵਾਨ ਦੇ ਬਾਰੇ ਜਾਣਦਾਂ ਹਾਂ।

**ਤੁਹਾਨੂੰ ਪੜ੍ਹਨ ਦਾ ਸ਼ੌਕ ਹੈ?**

- ਹਾਂ ਮੈਨੂੰ ਪੜ੍ਹਨ ਦਾ ਸ਼ੌਕ ਹੈ, ਪਰ ਸਮਾਂ ਨਹੀਂ ਮਿਲਦਾ, ਪੜ੍ਹਨਾਂ ਮੇਰੀ ਆਦਤ ਵਿੱਚ ਸ਼ਾਮਿਲ ਹੈ।

**ਤੁਹਾਡੇ ਪਸੰਦੀਦਾ ਲੇਖਕ ਕੋਣ ਹਨ?**

- ਬਹੁਤ ਸਾਰੇ ਹਨ, ਪਰ ਮੈਂ ਸਮਾਜਿਕ ਦ੍ਰਿਸ਼ਟੀਕੋਣ ਤੇ ਲਿਖਣ ਵਾਲਿਆਂ ਨੂੰ ਜ਼ਿਆਦਾ ਪਸੰਦ ਕਰਦਾ ਹਾਂ। ਸਾਹਿਬ ਕਾਂਸ਼ੀ ਰਾਮ ਵਲੋਂ ਭਾਰਤ ਵਿੱਚ ਪਹਿਲੀ ਜਨਤਕ ਕਾਨਫਰੰਸ ਪੰਜਾਬ ਦੇ ਜ਼ਿਲ੍ਹਾ ਨਵਾਂਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡ ਮੂਸਾਪੁਰ ਵਿਖੇ 6 ਅਪ੍ਰੈਲ 1981 ਨੂੰ ਸਰਕਾਰੀ ਸਕੂਲ ਦੀ ਗਰਾਊਂਡ ਵਿਖੇ ਕੀਤੀ ਗਈ ਇਸ ਮੌਕੇ ਸਾਹਿਬ ਕਾਂਸ਼ੀ ਰਾਮ ਮੰਚ ਤੇ ਸੰਬੋਧਨ ਕਰਦੇ ਹੋਏ ਅਤੇ ਬਾਬਾ ਬੋਹੜ ਸ਼੍ਰੀ ਹਰਭਜਨ ਲਾਖਾ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ।

### ਇੱਕ ਕਿਤਾਬ ਨੇ ਬਦਲ ਦਿੱਤੀ ਕਾਂਸ਼ੀ ਰਾਮ ਦੀ ਜ਼ਿੰਦਗੀ

ਸਾਹਿਬ ਕਾਂਸ਼ੀ ਰਾਮ ਜੀ ਨੇ ਆਪਣੀ ਜ਼ਿੰਦਗੀ ਵਿੱਚ ਬਾਬਾ ਸਾਹਿਬ ਦੁਆਰਾ ਲਿਖੀ ਹੋਈ ਜਾਤ-ਪਾਤ ਦਾ ਬੀਜ ਨਾਸ਼ ਕਿਤਾਬ ਪੜ੍ਹੀ ਅਤੇ ਉਹਨਾਂ ਦੀ ਜ਼ਿੰਦਗੀ ਵਿੱਚ ਇਕ ਬਹੁਤ ਵੱਡਾ ਬਦਲਾਅ ਆਇਆ ਜਿਸ ਨੇ ਜਿਸਨੇ ਸਮਾਜ ਨੂੰ ਬਾਮਸੇਫ, ਡੀ ਐਸ ਫੋਰ ਅਤੇ ਬਸਪਾ ਵਰਗੀ ਰਾਸ਼ਟਰੀ ਪਾਰਟੀ ਦਿੱਤੀ। ਆਪਣੇ ਜੀਵਨ ਵਿੱਚ ਸਾਹਿਬ ਕਾਂਸ਼ੀ ਰਾਮ ਨੇ ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਅੰਗ੍ਰੇਜ਼ੀ ਅਤੇ ਹਿੰਦੀ ਵਿੱਚ ਅਨੇਕਾਂ ਅਖ਼ਬਾਰਾਂ ਪ੍ਰਕ-ਾਸ਼ਿਤ ਕੀਤੀਆਂ ਇਸ ਤੋਂ ਇਲਾਵਾ ਭਾਰਤ ਦੇ ਅਨੇਕਾਂ ਸੂਬਿਆ ਦੀਆਂ ਭਾਸ਼ਾਵਾ ਵਿੱਚ ਹਫ਼ਤਾਵਾਰ ਪੇਪਰ ਕੱਢੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਬਹੁਜਨ ਸੰਦੇਸ਼ ਨੇ ਬਹੁਜਨਾਂ ਦੇ ਮਿਸ਼ਨ ਵਿੱਚ ਵੱਡੀ ਭੂਮਿਕਾ ਨਿਭਾਈ ਸਾਹਿਬ ਕਾਂਸ਼ੀ ਰਾਮ ਨੇ ਆਪਣੀ ਜ਼ਿੰਦਗੀ ਵਿਚ ਇੱਕੋ ਇੱਕ ਕਿਤਾਬ ਚਮਚਾ ਯੁੱਗ (ਭੜੂਏ ਅਤੇ ਦਲਾਲਾਂ ਦਾ ਯੁੱਗ) ਅੰਗ੍ਰੇਜ਼ੀ ਭਾਸ਼ਾ ਵਿੱਚ ਕੱਢੀ। ਉਹਨਾਂ ਇਸ ਕਿਤਾਬ ਵਿੱਚ ਲਿਖਿਆ ਕਿ ਸੰਪੂਰਣ ਗੈਰ-ਬਰਾਬਰੀ ਦੀ ਵਿਵਸਥਾ ਨੂੰ 'ਪੂਰਣ-ਸਮਾਨਤਾ' ਦੀ ਵਿਵਸਥਾ ਵਿੱਚ ਬਦਲਣ ਲਈ, ਅਸੀਂ ਪੂਰੀ ਇਮਾਨਦਾਰੀ ਅਤੇ ਤਨ-ਦੇਹੀ ਨਾਲ ਕੰਮ ਕਰਾਂਗੇ, ਜੋ ਕਿ ਸਾਡੇ ਜੀਵਨ ਦਾ ਇੱਕ ਮਾਤਰ ਉਦੇਸ਼ ਹੈ।

### ਮਿਸ਼ਨਰੀ ਗੀਤਾ ਵਿੱਚ ਕਾਂਸ਼ੀ ਰਾਮ

ਬਹੁਜਨਾਂ ਦੇ 'ਮਸੀਹਾ' ਲਈ ਸੈਕੜੇ ਕਲਾਕਾਰਾਂ, ਗੀਤਾਕਾਰਾਂ, ਸੰਗੀਤਕਾਰਾਂ ਨੇ ਜ਼ਿੰਦਗੀ ਦਾ ਸੁਨਹਿਰੀ ਸਮਾਂ ਸਮਰਪਿਤ ਕੀਤਾ।ਸੰਘਰਸ਼ ਦੇ ਮੁੱਢਲੇ ਦਿਨਾਂ ਤੋਂ ਤਾਅ ਜ਼ਿੰਦਗੀ ਤੱਕ ਆਪਣੀ ਕਲਮ ਤੇ ਆਵਾਜ਼ ਰਾਹੀ ਸੰਕਲਪ ਲੈਣ ਵਾਲੇ ਹਰਨਾਮ ਸਿੰਘ ਬਹਿਲਪੁਰੀ ਦੇ ਇੱਕ ਡਿਉਟ (ਦੋਗਾਣਾ) ਗੀਤ ਦੇ ਕੁੱਝ ਬੋਲ:

ਔਰਤ: ਵੇ ਗੱਲ ਸੁਣ ਲੈ ਮੇਰਿਆ ਚੰਨਾ, ਤੇਰੀ ਹਰ ਇੱਕ ਗੱਲ ਮੈਂ ਮੰਨਾ।
ਤੇਰੇ ਅੱਗੇ ਹੱਥ ਮੈਂ ਬੰਨਾ ਸੱਚੀ ਦੱਸ ਖੋਲ ਵੇ,
ਪਿੰਡਾਂ ਵਿੱਚ ਕਾਹਦੇ ਜਾ ਵਜਾਉਦੇ ਢੋਲ ਵੇ...
ਮਰਦ: ਪਿੰਡ-ਪਿੰਡ ਮੀਟਿੰਗਾਂ ਜਾ ਕਰਾਵਾਂ, ਬਾਬਾ ਸਾਹਿਬ ਦਾ ਮਿਸ਼ਨ ਫੈਲਾਵਾਂ।
ਕਾਂਸ਼ੀ ਰਾਮ ਬਾਰੇ ਸਮਝਾਵਾਂ, ਸੁੱਤੇ ਦਲਿਤਾਂ ਤਾਂਈ ਜਗਾਵਾਂ ਕਰਾਂ ਪ੍ਰਚਾਰ ਮੈਂ, ਸਾਥੀਆਂ ਨੂੰ ਦੱਸਾਂ ਆਪਣੇ ਵਿਚਾਰ ਮੈਂ...



ਦਿੱਲੀ ਵਿਖੇ 25 ਦਸੰਬਰ, 1982 ਨੂੰ ਇੱਕ 'ਲੋਕ ਸੰਸਦ' ਦੇ ਸ਼ੈਸ਼ਨ ਦੌਰਾਨ ਡੀ.ਐਸ.ਫੋਰ ਦੇ ਮਾਧਿਅਮ ਤੋਂ ਸੰਬੋਧਨ ਕਰਦੇ ਹੋਏ ਸਾਹਿਬ ਕਾਂਸ਼ੀ ਰਾਮ ਜੀ।

### ਬਸਪਾ ਪੰਜਾਬ ਵਿੱਚ ਮੁੜ ਹੋਈ ਸਰਗਰਮ

ਪੰਜਾਬ ਜਿਹੜੀ ਕਿ ਸਾਹਿਬ ਕਾਂਸ਼ੀ ਰਾਮ ਜੀ ਦੀ ਜਨਮ ਭੂਮੀ ਹੈ।ਸਾਹਿਬ ਜੀ ਦੀ ਇਹ ਦਿਲੀ ਇੱਛਾ ਰਹੀ ਕਿ ਯੂ.ਪੀ ਵਾਂਗ ਪੰਜਾਬ ਵਿੱਚ ਵੀ ਉਹਨਾਂ ਦੀ ਸਰਕਾਰ ਹੋਵੇ। ਪ੍ਰੰਤੂ ਇਹ ਉਹਨਾਂ ਦੇ ਜਿਉਂਦੇ ਜੀਅ ਸੰਭਵ ਨਾ ਹੋ ਸਕਿਆ। ਹੁਣ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪੁਰਾਣੇ ਬਾਮਸੇਫ ਵਰਕਰ ਨੌਜਵਾਨ ਪ੍ਰਧਾਨ ਸ: ਜਸਵੀਰ ਸਿੰਘ ਗੜ੍ਹੀ ਵਲੋਂ ਹਰ ਫਰੰਟ ਤੇ ਹਰ ਮੁੱਦੇ ਤੇ ਚੋਹ ਤਰਫਾ ਕਾਰਜ ਆਰੰਭਿਆ ਗਿਆ ਹੈ ਦੁਆਬੇ ਦੇ ਨਾਲ-ਨਾਲ ਮਾਂਝੇ ਤੇ ਮਾਲਵੇ ਵਿੱਚ ਵੀ ਸਰਗਰਮੀਆ ਤੇਜ਼ ਕੀਤੀਆ ਗਈਆ ਹਨ। ਕੋਰੋਨਾ ਮਹਾਂਮਾਰੀ ਦੇ ਬਾਵਜੂਦ ਨਵੀਆ ਤਕਨੀਕ ਦੇ ਸਹਾਰੇ ਬਹੁਜਨ ਮਿਸ਼ਨ ਲਈ ਸਰਗਰਮੀਆਂ ਬੇ ਰੋਕ ਜਾਰੀ ਹਨ। ਪੰਜਾਬ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਬਸਪਾ

(ਬਾਕੀ ਅਗਲੇ ਸਫੇ 'ਤੇ)

# ਸਾਹਿਬ ਕਾਂਸ਼ੀ ਰਾਮ ਜੀ ਨਾਲ 1995 ਦੀ ਇੱਕ ਮੁਲਾਕਾਤ



**ਸਾਲ 1989 ਵਿੱਚ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਵਾਉਣ ਲਈ ਦਿੱਲੀ ਵਿਖੇ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਦੇ ਸਾਥੀ ਸਮੇਤ ਲੇਖਕ।**



**ਹਰਨਾਮ ਸਿੰਘ ਬਹਿਲਪੁਰੀ ਮਿਸ਼ਨਰੀ ਗਾਇਕ ਅਤੇ ਗੀਤਕਾਰ ਨੂੰ ਸਨਮਾਨਿਤ ਕਰਦੇ ਹੋਏ ਇੱਕ ਸਮਾਗਮ ਦੌਰਾਨ ਸਾਹਿਬ ਕਾਂਸ਼ੀ ਰਾਮ ਨਾਲ ਸੀਨੀਅਰ ਸਪਾ ਆਗੂ ਸ: ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜਸਭਾ।**

**(ਸਫਾ 24 ਦੀ ਬਾਕੀ)**

ਸਪੋਟਰਾਂ, ਸਮਰਥਕਾਂ, ਸ਼ੁੱਭਚਿੰਤਕਾਂ ਨੂੰ 2022 ਨੂੰ ਹੋਣ ਵਾਲੀਆ ਵਿਧਾਨ ਸਭਾ ਚੋਣਾਂ ਲਈ ਇਕੱਠੇ ਕਰਨ ਦੀ ਮਹਿਮ ਸ਼ੁਰੂ ਕੀਤੀ ਗਈ ਹੈ।ਪੰਜਾਬ ਦੀ ਨੰ:1 ਅਖ਼ਬਾਰ ਮੰਨੀ ਜਾਂਦੀ ਨੇ 24 ਜੁਲਾਈ ਦੇ ਸੰਪਾਦਕੀ ਪੰਨੇ ਤੇ ਵੀ ਮੰਨਿਆ ਹੈ ਕਿ ਪੰਜਾਬ ਵਿੱਚ ਸਰਦਾਰ ਗੜ੍ਹੀ ਦੀ ਪ੍ਰਧਾਨਗੀ ਉਪਰੰਤ ਪਾਰਟੀ ਵਿੱਚ ਮੁੜ ਜਾਨ ਪੈਦੀ ਨਜ਼ਰ ਆ ਰਹੀ ਹੈ। ਸ: ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਦੇ ਲੋਕ ਲੰਬੀ ਦੇ ਜਾਗੀਦਾਰਾ ਅਤੇ ਪਟਿਆਲੇ ਦੇ ਮੋਤੀ ਮਹਿਲਾ ਨਾਲ ਟੱਕਰ ਲੈਣਗੇ ਅਤੇ ਰਾਜਭਾਗ ਆਪਣੇ ਹੱਥ ਵਿੱਚ ਲੈ ਕੇ ਬਾਬਾ ਸਾਹਿਬ ਡਾ.ਅੰਬੇਡਕਰ ਅਤੇ ਸਾਹਿਬ ਕਾਂਸ਼ੀ ਰਾਮ ਦੇ ਸੁਪਨਿਆ ਵਾਲਾ ਸਮਤਾ, ਸਮਾਨਤਾ, ਭਾਈਚਾਰਾ ਅਤੇ ਇਨਸਾਫ ਵਾਲਾ ਰਾਜ ਸਥਾਪਿਤ ਕਰਨ ਲਈ ਇਸ ਵਾਰ ਮਨ ਬਣਾਈ ਬੈਠੇ ਹਨ ਅਤੇ ਬਹੁਜਨ ਸਮਾਜ ਪਾਰਟੀ ਹਰ ਵਰਗ ਦਾ ਸਹਾਰਾ ਬਣੇਗੀ ਅਤੇ ਬਾਂਹ ਫੜੇਗੀ।

**(ਹੇਠਾਂ ਲਿਖੇ ਛੋਟੇ-ਛੋਟੇ ਪੇਰ੍ਹਿਆ 'ਚ ਪਾਠਕਾਂ, ਪ੍ਰਸ਼ਾਸਕਾਂ, ਜਗਿਆਸੂ, ਮਾਨਵਤਾਂ ਪ੍ਰੇਮੀਆਂ ਅਤੇ ਬਹੁਜਨ ਸਮਰਥਕਾਂ ਲਈ ਰੋਚਕਤਾਂ ਅਤੇ ਤੱਥਾਂ ਨੂੰ ਅਤੇ ਮੌਜੂਦਾ ਸਮੇਂ ਲੋੜੀਦੀ ਜਾਣਕਾਰੀ ਮੁੱਹਈਆਂ ਕਰਵਾਉਣ ਦੇ ਮਕਸਦ ਨਾਲ ਦਿੱਤੀ ਗਈ)**

### ਦੇਸ਼ ਦੀ ਤੀਜੀ ਕੌਮੀ ਪਾਰਟੀ ਬਸਪਾ

ਸਾਹਿਬ ਕਾਂਸ਼ੀ ਰਾਮ ਜੀ ਦੀ ਸਬਰ, ਸਬਕ ਤੇ ਸਿਰੜ ਦੀ ਫਿਲਾਸਫੀ ਅਪਣਾਉਣ ਕਾਰਨ ਅੱਜ ਬਹੁਜਨ ਸਮਾਜ ਪਾਰਟੀ ਭਾਰਤ ਦੀ ਭਾਜਪਾ, ਕਾਂਗਰਸ ਤੋਂ ਬਾਅਦ ਦੇਸ਼ ਦੀ ਤੀਜੀ ਕੌਮੀ ਪਾਰਟੀ ਹੈ।

### ਸੰਸਾਰ ਪ੍ਰਸਿੱਧ ਲੇਖਕ ਨੇ ਦਿੱਤੀਆਂ ਸ਼ੁੱਭ ਕਾਮਨਾਵਾਂ

ਵਿਸ਼ਵ ਪ੍ਰਸਿੱਧ ਭਾਰਤੀ ਬੇਬਾਕ ਲੇਖਕ ਦੇ ਤੌਰ ਤੇ ਜਾਣੇ ਜਾਂਦੇ ਸ.ਖੁਸ਼ਵੰਤ ਸਿੰਘ (ਮਰਹੂਮ) ਜਿਹੜੇ ਹਰ ਹਫ਼ਤੇ ਕਰੀਬ 34 ਭਾਸ਼ਾਵਾਂ 'ਚ ਛਪਦੇ ਸਨ। ਬਹੁਜਨ ਸਮਾਜ ਪਾਰਟੀ ਦੇ 14 ਅਪ੍ਰੈਲ 1984 ਨੂੰ ਗਠਨ ਹੋਣ ਤੇ ਉਨ੍ਹਾਂ ਸਾਹਿਬ ਕਾਂਸ਼ੀ ਰਾਮ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ ਸਨ।

### ਰਾਜਨੀਤਿਕ, ਵਿਗਿਆਨਿਕ ਸੰਸਥਾ ਤੇ ਅਧਾਰਿਤ ਕਾਂਸ਼ੀ ਰਾਮ ਦਾ ਅੰਦੋਲਨ

ਪ੍ਰਸਿੱਧ ਚਿੰਤਕ ਪ੍ਰੋ.ਵਿਵੇਕ ਕੁਮਾਰ ਨੇ ਹੁਣੇ-ਹੁਣੇ ਇੱਕ ਆਨਲਾਇਨ ਸਮਾਗਮ 'ਚ ਕਿਹਾ ਕਿ ਬਹੁਜਨ ਮਹਾਂਨ-ਾਇਕ ਸਾਹਿਬ ਕਾਂਸ਼ੀ ਰਾਮ ਨੇ ਜਿਹੜਾ ਅੰਦੋਲਨ ਕੀਤਾ ਸੀ ਉਹ ਬਹੁਤ ਹੀ ਖੋਜ ਤੇ ਅਧਾਰਿਤ ਵਿਗਿਆਨਿਕ ਅੰਦੋਲਨ ਸੀ। ਕਾਂਸ਼ੀ ਰਾਮ ਨੇ ਜਰੂਰਤ + ਚਾਹਤ + ਤਾਕਤ = ਪਰਿਵਰਤਨ ਨੂੰ ਆਪਣਾ ਮਿਸ਼ਨ ਬਣਾਇਆ। ਕਾਂਸ਼ੀ ਰਾਮ ਕਹਿੰਦੇ ਸਨ ਕਿ ਦਿਲ 'ਚ ਅੱਗ ਰੱਖੋ, ਪਰ ਦਿਮਾਗ ਠੰਡਾ ਰੱਖੋ।

### ਸਾਹਿਬ ਦਾ ਇਸਤਰੀਆਂ ਨੂੰ ਸਨਮਾਨ: ਮਾਇਆਵਤੀ ਬਣੀ ਪ੍ਰਧਾਨ

ਭਾਰਤ ਦੇ ਸਦੀਆਂ ਪੁਰਾਣੇ ਇਤਿਹਾਸ 'ਚ ਜਿੱਥੇ ਦੇਸ਼ ਦੇ ਮੂਲ ਨਿਵਾਸੀਆਂ ਨਾਲ ਜ਼ਿੰਦਗੀ ਦੇ ਹਰ ਖੇਤਰ ਵਿੱਚ, ਹਰ ਪਹਿਲੂ 'ਤੇ ਹਰ ਪਲ ਵਿਤਕਰਿਆਂ ਦੀ ਦਾਸਤਾਨ ਹੈ। ਰਾਜਿਆਂ ਦੀਆਂ ਕੌਮਾਂ ਨੂੰ ਹਜ਼ਾਰਾਂ ਸਾਲ ਤੋਂ ਹਾਸ਼ੀਏ ਤੇ ਕੀਤਾ ਹੋਇਆ ਹੈ।ਮਰਦ ਪ੍ਰਧਾਨ ਸਮਾਜ ਬਣਾ ਦੇ ਔਰਤਾਂ ਨਾਲ ਸ਼ੂਦਰਾਂ/ ਅਛੂਤਾਂ ਤੋਂ ਵੀ ਭੈੜਾ ਵਰਤਾਓ ਹੁੰਦਾ ਰਿਹਾ। ਪਰ ਤਥਾਗਤ ਬੁੱਧ, ਗੁਰੂ ਨਾਨਕ ਦੇਵ, ਜੋਤੀਬਾ ਫੂਲੇ, ਮਾਤਾ ਸਵਿਤਰੀ ਭਾਈ ਫੂਲੇ ਤੋਂ ਬਾਅਦ ਬਾਬਾ ਸਾਹਿਬ ਨੇ ਅਛੂਤਾਂ ਤੇ ਹਰ ਵਰਗ ਦੀਆਂ ਔਰਤਾਂ ਨੂੰ ਸਨਮਾਨ, ਮਨੁੱਖੀ ਹੱਕ ਦਵਾਉਣ ਲਈ ਸੰਘਰਸ਼ ਕੀਤਾ ਅਤੇ ਬਰਾਬਰ ਸੰਵਿਧਾਨਿਕ ਹੱਕ ਲੈ ਕੇ ਦਿੱਤੇ। ਬਾਬਾ ਸਾਹਿਬ ਦੇ ਬਣੇ ਸੱਚੇ ਪੈਰੋਕਾਰ / ਲੈਫਟੀਨੈਂਟ ਨੇ ਆਪਣੇ ਜਿਉਂਦੇ ਜੀਅ ਇੱਕ ਔਰਤ ਮਾਇਆਵਤੀ ਨੂੰ ਲੱਖਾਂ ਲੋਕਾਂ ਸਾਹਮਣੇ ਆਪਣੀ ਉੱਤਰਾਧਿਕਾਰੀ ਬਣਾਇਆ ਅਤੇ ਚਾਰ ਵਾਰ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣਾਇਆ। ਉੱਤਰ ਪ੍ਰਦੇਸ਼ (ਯੂ.ਪੀ) ਵਿੱਚ ਸਾਹਿਬ ਕਾਂਸ਼ੀ ਰਾਮ ਵਲੋਂ ਦਿੱਤੀ ਸਿਖਲਾਈ ਕਾਰਨ ਉਸਨੇ ਉਹ ਅਜੂਬੇ ਕਰ ਦਿਖਾਏ ਜਿਸਨੂੰ ਇੱਕ ਕ੍ਰਾਂਤੀ ਹੀ ਕਿਹਾ ਜਾਵੇਗਾ। ਕਿਉਂਕਿ ਵੱਡੇ ਸੂਬੇ ਤੇ ਸਫ਼ਲਤਾ ਪੂਰਵਕ ਰਾਜ ਕਰਨਾ ਕੋਈ ਬੱਚਿਆ ਦਾ ਖੇਲ ਨਹੀਂ ਹੁੰਦਾ।

### 13 ਅਪ੍ਰੈਲ 1999 ਨੂੰ ਗੁਰੂ ਗੋਬਿੰਦ ਸਿੰਘ ਜੀ ਪਾਸ ਸਿੱਖਾਂ ਦੀ ਸ਼ਿਕਾਇਤ

ਖਾਲਸੇ ਦੀ ਜਨਮ ਭੂਮੀ ਸ਼੍ਰੀ ਆਨੰਦਪੁਰ ਸਾਹਿਬ ਵਿੱਚ ਇੱਕ ਵੱਡੇ ਇੱਕਠ ਵਿੱਚ ਬੋਲਦਿਆਂ ਕਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਮੈਂ ਤੁਹਾਡੇ ਸਿੱਖਾਂ ਦੀ ਸ਼ਿਕਾਇਤ ਲਗਾਉਣ ਆਇਆ ਹਾਂ ਕਿ ਤੁਸੀਂ ਤਾਂ ਕਿਹਾ ਸੀ ਕਿ ਇਹਨਾਂ ਗਰੀਬ ਸਿੱਖਾਂ ਨੂੰ ਪਾਤਸ਼ਾਹੀ (ਰਾਜਭਾਗ) ਦੇਣਾ ਪਰ ਇਨ੍ਹਾਂ ਨੇ ਤਾਂ ਆਪਣੇ ਸੀਰੀ (ਨੌਕਰ) ਬਣਾ ਲਿਆ ਹੈ।

### ਬਾਬਾ ਸਾਹਿਬ ਦੇ ਸੱਚੇ ਲੈਫਟੀਨੈਂਟ ਬਣੇ 'ਸਾਹਿਬ'

ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੇ ਉਦੇਸ਼ ਨੂੰ ਪੂਰਾ ਕਰਨ ਲਈ ਕਾਂਸ਼ੀ ਰਾਮ ਨੇ ਆਖਰੀ ਸਾਹ ਤੱਕ ਸੰਘਰਸ਼ ਕਰਕੇ ਉਹਨਾਂ ਦੇ ਸੱਚੇ ਲੈਫਟੀਨੈਂਟ ਹੋਣ ਦਾ ਸਬੂਤ ਦਿੱਤਾ। ਭਾਰਤੀ ਇਤਿਹਾਸ ਵਿੱਚ ਡਾ.ਭੀਮ ਰਾਓ ਅੰਬੇਡਕਰ ਨੂੰ 'ਬਾਬਾ ਸਾਹਿਬ' ਅਤੇ ਕਾਂਸ਼ੀ ਰਾਮ ਜੀ ਨੂੰ ਸਮਾਜ ਨੇ 'ਸਾਹਿਬ' ਦਾ ਖਿਤਾਬ ਦਿੱਤਾ।

ਬਾਬਾ ਸਾਹਿਬ ਦੇ ਮਿਸ਼ਨ ਨੂੰ ਮੁੜ ਜ਼ਿੰਦਾ ਕੀਤਾ ਕਾਂਸ਼ੀ ਰਾਮ ਜੀ ਨੇ ਇਹ ਸਿਹਰਾ ਵੀ ਸਾਹਿਬ ਕਾਂਸ਼ੀ ਰਾਮ ਜੀ ਦੇ ਸਿਰ ਬੱਝਦਾ ਹੈ ਕਿ ਜਦੋਂ ਸਾਹਿਬ ਕਾਂਸ਼ੀ ਰਾਮ ਨੇ ਬਹੁਜਨ ਮਹਾਂਪੁਰਸ਼ਾਂ ਖਾਸ ਤੌਰ ਤੇ ਬਾਬਾ ਸਾਹਿਬ ਦੇ ਅਧੂਰੇ ਮਿਸ਼ਨ ਦੀ ਪੂਰਤੀ ਲਈ ਸਮਾਜ ਅੰਦਰ 'ਚਾਹਤ' ਪੈਦਾ ਕੀਤੀ ਤਾਂ ਅੱਜ ਸਾਰੀਆਂ ਪਾਰਟੀਆਂ 'ਬਾਬਾ ਸਾਹਿਬ' ਦੇ ਦਿਨ ਮਨਾਉਣ ਲਈ ਤਰਲੋ ਮੱਛੀ ਹੁੰਦੀਆਂ ਸਾਫ਼ ਨਜ਼ਰ ਆਉਣ ਲੱਗੀਆਂ ਹਨ। ਅੱਜ ਭਾਰਤ ਹੀ ਨਹੀਂ ਸਗੋਂ ਦੁਨੀਆਂ ਵਿੱਚ ਸਭ ਤੋਂ ਵੱਧ ਬੁੱਤ, ਪਿੰਡਾਂ, ਮੁਹੱਲਿਆਂ ਦੇ ਨਾਮਕਰਨ, ਕਿਤਾਬਾਂ, ਟੀ.ਵੀ ਚੈਨਲਾਂ, ਯੂ.ਟਿਊਬ, ਵਟਸਐਪ, ਟਵੀਟਰ ਅਤੇ ਅਖ਼ਬਾਰਾਂ ਬਾਬਾ ਸਾਹਿਬ ਦਾ ਇੱਕ ਤਰ੍ਹਾਂ ਨਾਮ ਜਪਦੀਆਂ ਹਨ। ਇਸ ਪਿੱਛੇ ਸਾਹਿਬ ਕਾਂਸ਼ੀ ਰਾਮ ਜੀ ਦੇ ਅੰਦੋਲਨ ਦਾ ਵੱਡਾ ਯੋਗਦਾਨ ਪ੍ਰਤੱਖ ਨਜ਼ਰ ਆਉਂਦਾ ਹੈ।

ਦੁਸ਼ਮਣ 100 ਸਾਲਾਂ ਤੱਕ ਵੀ ਮਿਸ਼ਨ ਨੂੰ ਖਤਮ ਨਹੀਂ ਕਰ ਸਕੇਗਾ ਸਾਹਿਬ ਕਾਂਸ਼ੀ ਰਾਮ ਨੇ ਦੁਆਬੇ ਦੇ ਪਿੰਡ ਵਿਰਕਾਂ 'ਚ ਇਕ ਸਮਾਗਮ ਦੌਰਾਨ ਇੱਕ ਲੜਕੀ ਦੇ ਸਿਰ ਤੇ ਹੱਥ ਰੱਖ ਕੇ ਕਿਹਾ ਕਿ ਮੈਂ ਜਿਉਂਦੇ ਜੀਅ ਚੌਥੀ ਪੀੜੀ ਤਿਆਰ ਕਰਕੇ ਚੱਲਿਆ ਹਾਂ। ਦੁਸ਼ਮਣ ਮੇਰਾ ਮਿਸ਼ਨ 100 ਸਾਲਾਂ ਤੱਕ ਵੀ ਖ਼ਤਮ ਨਹੀਂ ਕਰ ਸਕੇਗਾ।



**ਸਾਹਿਬ ਕਾਂਸ਼ੀ ਰਾਮ ਨਾਲ ਤਸਵੀਰ ਵਿੱਚ ਲੇਖਕ ਸੰਤੋਖ ਸਿੰਘ ਜੱਸੀ ਅਤੇ ਮਿਸ਼ਨਰੀ ਸਾਥੀ ਜਗਤਾਰ ਸਿੰਘ ਭਰੋਮਜਾਰਾ।**



**15 ਮਾਰਚ 2020 ਨੂੰ ਸਾਹਿਬ ਕਾਂਸ਼ੀ ਰਾਮ ਜੀ ਦੇ ਜੱਦੀ ਪਿੰਡ ਵਿਖੇ ਬਸਪਾ ਪੰਜਾਬ ਵਲੋਂ ਕੀਤੇ ਸਮਾਗਮ ਦੌਰਾਨ ਵਰਕਰਾ ਸਮਰਥਕਾਂ ਦੀਆਂ ਸ਼ੁੱਭ ਇਛਾਵਾ ਮੌਕੇ ਸੂਬਾ ਪ੍ਰਧਾਨ ਸ: ਜਸਵੀਰ ਸਿੰਘ ਗੜ੍ਹੀ ਅਤੇ ਹੋਰ ਸੀਨੀਅਰ ਸਾਥੀ।**

### ਸਵੈ-ਜੀਵਨੀ ਨਹੀਂ, ਸਮਾਜ ਦਾ ਸ਼ਾਸਕ ਬਣਨਾ ਜ਼ਰੂਰੀ

ਇੱਕ ਵਾਰ ਸਾਹਿਬ ਕਾਂਸ਼ੀ ਰਾਮ ਨੂੰ ਪੱਤਰਕਾਰ ਨੇ ਸਾਹਿਬ ਦੀ ਸਵੈ-ਜੀਵਨੀ (Autobygraphy) ਲਿਖਣ ਲਈ ਇੱਛਾਂ ਜਾਹਰ ਕੀਤੀ ਤਾਂ ਸਾਹਿਬ ਨੇ ਕਿਹਾ ਕਿ ਇਹ ਕੰਮ ਮੇਰੇ ਤੋਂ ਬਾਅਦ (ਭਾਵ ਮੇਰੀ ਮੌਤ ਤੋਂ ਬਾਅਦ) ਵੀ ਹੋ ਸਕਦਾ। ਹੁਣ ਤਾਂ ਸਮਾਜਿਕ ਤੇ ਆਰਥਿਕ ਮੁਕਤੀ ਲਈ ਬਹੁਜਨਾਂ ਨੂੰ ਸੱਤਾ ਲਾਇਕ ਬਣਾਉਣਾ ਜਰੂਰੀ ਹੈ। ਅੱਜ ਅਨੇਕਾਂ ਲੇਖਕ, ਪੱਤਰਕਾਰ / ਫ਼ਿਲਮਸਾਜ ਉਹਨਾਂ ਦੇ ਮਿਸ਼ਨ ਤੇ ਪੜ੍ਹਨ-ਲਿਖਣ ਤੇ ਉਹਨਾਂ ਦੇ ਸੰਘਰਸ਼ਾਂ ਨੂੰ ਫਿਲਮਾਉਣ ਦਾ ਕਾਰਜ ਅਤੇ ਵੱਖ-ਵੱਖ ਪੱਖਾਂ ਤੇ ਕੰਮ ਕਰ ਰਹੇ ਹਨ। ਦੇਸ਼ ਬਹੁਜਨ ਮੀਡੀਆ ਦੀ ਸਥਾਪਤੀ ਵੱਲ ਵੱਧ ਰਿਹਾ ਹੈ। ਬਾਬਾ ਸਾਹਿਬ ਦੀ ਕਿਤਾਬ 'ਜਾਤਪਾਤ' ਦਾ ਬੀਜਨਾਸ਼ (ਖਾਤਮਾ) ਪੜ੍ਹਨ ਉਪਰੰਤ ਉਹਨਾਂ ਦੁਆਰਾ ਦਿੱਤਾ ਨੀਲਾ ਝੰਡਾ ਤੇ ਹਾਥੀ ਚੋਣ ਨਿਸ਼ਾਨ ਤੇ ਜੈ ਭੀਮ ਤੇ ਜੈ ਭਾਰਤ ਨੂੰ ਦੁਨੀਆਂ ਦੇ ਸਨਮੁੱਖ ਕਰਨ ਲਈ ਅਤੇ ਬਹੁਜਨ ਸਮਾਜ ਨੂੰ ਦੇਸ਼ ਦਾ ਸ਼ਾਸਕ ਬਣਾਉਣ ਲਈ ਜ਼ਿੰਦਗੀ ਦਾ ਪਲ-ਪਲ ਲਾਇਆ।

### ਆਰਥਿਕ ਸਹਿਯੋਗ ਲਈ ਕੂਪਨ

ਬਹੁਜਨ ਸਮਾਜ ਦੇ ਮਸੀਹਾ ਨੇ ਸਮਾਜ ਦੀ ਗੱਲ ਅੱਗੇ ਵਧਾਉਣ ਹਿੱਤ ਸਮਾਜ ਪਾਸੋ ਆਰਥਿਕ ਸਹਿਯੋਗ ਲਈ 5 ਰੁਪਏ, 10, 50, 100, 500, 1000 ਤੱਕ ਦੇ ਕੂਪਨਾ ਰਾਹੀ ਸਮਾਜ ਤੋਂ ਇੱਕਠੇ ਕੀਤੇ। ਜਦ ਕਿ ਵਿਰੋਧੀ ਪਾਰਟੀਆਂ ਦੇ ਕੁੱਝ ਨੇਤਾ ਉਨ੍ਹਾਂ ਤੇ ਅਮਰੀਕਾ ਦੀ ਖੁਫੀਆਂ ਏਜੰਸੀ ਸੀ.ਆਈ.ਏ ਦਾ ਏਜੰਟ ਹੋਣ ਦਾ ਦੋਸ਼ ਲਾਉਂਦੀ ਰਹੀ ਕਿ ਇਹ ਏਜੰਸੀ ਹੀ ਕਾਂਸ਼ੀ ਰਾਮ ਨੂੰ ਪੈਸੇ ਦਿੰਦੀ ਹੈ। ਅਸਲ ਵਿੱਚ ਕਾਂਸ਼ੀ ਰਾਮ ਨੂੰ ਆਰਥਿਕ ਮਦਦ ਕੂਪਨਾ ਰਾਹੀ ਹੁੰਦੀ ਸੀ ਜਿਸ ਦੀ ਭਿਨਕ ਸਰਕਾਰੀ ਇੰਜਸੀਆਂ ਨੂੰ ਪੈਣ ਹੀ ਨਹੀਂ ਦਿੱਤੀ ਜਾਂਦੀ ਸੀ।

### ਕਿਤੇ ਭੁੱਲ ਨਾ ਜਾਇਓ ਆਪਣੇ ਰਹਿਬਰਾਂ ਨੂੰ...

ਬਹੁਜਨ ਸਮਾਜ ਦੇ ਮਸੀਹਾ ਸਾਹਿਬ ਕਾਂਸ਼ੀ ਰਾਮ ਪੰਜਾਬ ਦੇ ਪ੍ਰਸਿੱਧ ਡੇਰਾ ਸੱਚਖੰਡ ਬੱਲਾਂ (ਜਲੰਧਰ) ਦੇ ਮੁੱਖੀ ਸੰਤ ਨਿਰੰਜਨ ਦਾਸ ਜੀ ਅਤੇ ਸੰਤ ਅਮਰ ਸ਼ਹੀਦ ਰਾਮਾਨੰਦ ਪ੍ਰਤੀ ਸਤਿਕਾਰ ਕਰਦੇ ਸਨ।

ਯੂ.ਪੀ ਵਿੱਚ ਵੀ ਉਹਨਾਂ ਮਹਾਂਪੁਰਸ਼ਾ ਦੇ ਕਹਿਣ ਤੇ ਇਤਿਹਾਸਿਕ ਗੇਟ ਦਾ ਨੀਂਹ ਪੱਥਰ ਉਸ ਵੇਲੇ ਦੇ ਰਾਸ਼ਟਰਪਤੀ ਆਰ. ਕੇ ਨਰਾਇਨਨ ਤੋਂ ਰਖਵਾਇਆ। ਵਰਨਣਯੋਗ ਹੈ ਕਿ ਸਮਤ ਰਾਮਾਨੰਦ ਜੀ ਦੀ ਸ਼ਹਾਦਤ ਮੌਕੇ ਬਸਪਾ ਦੀ ਮੌਜੂਦਾ ਸੁਪਰੀਮੋ ਬੀਬੀ ਮਾਇਆਵਤੀ ਦੀ ਸੰਤਾ ਦੇ ਸੰਸਕਾਰ ਮੌਕੇ ਉਚੇਚੇ ਤੌਰ ਤੇ ਹਾਜ਼ਰ ਹੋਈ ਸੀ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com www.ambedkartimes.com


## ਪੰਜਾਬ ਰੈਗੂਲੇਸ਼ਨ ਆਫ਼ ਕਰੱਸ਼ਰ ਯੂਨਿਟਜ਼ ਐਕਟ ਲਾਗੂ ਕਰਨ ਦੀ ਦਿੱਤੀ ਪ੍ਰਵਾਨਗੀ

**ਚੰਡੀਗੜ੍ਹ-** ਗ਼ੈਰ ਕਾਨੂੰਨੀ ਮਾਈਨਿੰਗ ਰੋਕਣ ਲਈ ਇਤਿਹਾਸਕ ਫੈਸਲਾ ਲੈਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਪੰਜਾਬ ਰੈਗੂਲੇਸ਼ਨ ਆਫ਼ ਕਰੱਸ਼ਰ ਯੂਨਿਟਜ਼ ਐਕਟ, 2025 ਬਣਾਉਣ ਦੀ ਸਹਿਮਤੀ ਦੇ ਦਿੱਤੀ। ਇਸ ਸਬੰਧੀ ਫੈਸਲਾ ਅੱਜ ਇੱਥੇ ਮੁੱਖ ਮੰਤਰੀ ਦੀ ਅਗਵਾਈ ਹੇਠ ਉਨ੍ਹਾਂ ਦੀ ਅਧਿਕਾਰਕ ਰਿਹਾਇਸ਼ ਉਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ। ਮੰਤਰੀ ਮੰਡਲ ਨੇ ਇਸ ਐਕਟ ਨੂੰ ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਦੌਰਾਨ ਲਿਆਉਣ ਦੀ ਵੀ ਮਨਜ਼ੂਰੀ ਦੇ ਦਿੱਤੀ। ਇਸ ਐਕਟ ਨਾਲ ਰੇਤਾ ਤੇ ਬੱਜਰੀ ਦੀ ਪ੍ਰਸੈਸਿੰਗ ਵਿੱਚ ਲੱਗੀਆਂ ਕਰੱਸ਼ਰ ਇਕਾਈਆਂ ਤੇ ਸਕਰੀਨਿੰਗ ਪਲਾਂਟਾਂ ਦੀਆਂ ਗਤੀਵਿਧੀਆਂ ਨੂੰ ਨੇਮਬੱਧ ਕਰਨ ਲਈ ਵਿਭਾਗ ਮਜ਼ਬੂਤ ਹੋਵੇਗਾ। ਇਸ ਨਾਲ ਸੂਬੇ ਵਿੱਚ ਗੈਰ ਕਾਨੂੰਨੀ ਖਣਨ ਰੋਕਣ ਅਤੇ ਕਾਨੂੰਨੀ ਖਣਨ ਕਾਰਵਾਈਆਂ ਚਲਾਉਣ ਵਿੱਚ ਮਦਦ ਮਿਲੇਗੀ। ਕੈਬਨਿਟ ਨੇ ਪੰਜਾਬ ਵਿੱਚ ਕਾਰੋਬਾਰ ਪੱਖੀ ਮਾਹੌਲ ਨੂੰ ਉਤਸ਼ਾਹਤ ਕਰਨ ਲਈ ਭਾਰਤੀ ਅਸ਼ਟਾਮ ਐਕਟ, 1899 ਵਿੱਚ ਸੋਧ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਸ ਸੋਧ ਦਾ ਮੰਤਵ ਕਾਰੋਬਾਰੀ ਖਰਚੇ ਘਟਾਉਣਾ ਅਤੇ ਪੰਜਾਬ ਵਿੱਚ ਆਰਥਿਕ ਤਰੱਕੀ ਨੂੰ ਹੁਲਾਰਾ ਦੇਣਾ ਹੈ। ਇਸ ਤਹਿਤ ਜੇ ਕਿਸੇ ਵਿਅਕਤੀ ਨੇ ਕਰਜ਼ੇ ਉਤੇ ਪਹਿਲਾਂ ਹੀ ਅਸ਼ਟਾਮ ਡਿਊਟੀ ਦਾ ਭੁਗਤਾਨ ਕਰ ਦਿੱਤਾ ਹੈ ਅਤੇ ਬਾਅਦ ਵਿੱਚ ਮਾਰਗੇਜ਼ ਪ੍ਰਾਪਰਟੀ ਨੂੰ ਬਦਲੇ ਬਿਨਾਂ ਜਾਇਦਾਦ ਨੂੰ ਤਬਦੀਲ ਕਰਦਾ ਹੈ ਤਾਂ ਉਸ ਤੋਂ ਕੋਈ ਵਾਧੂ ਅਸ਼ਟਾਮ ਡਿਊਟੀ ਨਹੀਂ ਲਈ ਜਾਵੇਗੀ। ਜੇ ਨਵੇਂ ਕਰਜ਼ ਦੀ ਰਕਮ ਪਿਛਲੀ ਰਕਮ ਨਾਲੋਂ ਜ਼ਿਆਦਾ ਹੁੰਦੀ ਹੈ ਤਾਂ ਸਿਰਫ਼ ਵਾਧੂ ਰਕਮ ਉਤੇ ਹੀ ਡਿਊਟੀ ਲਈ ਜਾਵੇਗੀ।

# ਮੇਘਾ ਸਿੰਘ (ਡਾ.) ਦੀ ਸੰਪਾਦਿਤ 'ਵਿਦਰੋਹੀ ਬੋਲ' ਪੁਸਤਕ ਜੁਝਾਰਵਾਦੀ ਕਵਿਤਾ ਦਾ ਵਿਲੱਖਣ ਦਸਤਾਵੇਜ਼


ਮੇਘਾ ਸਿੰਘ (ਡਾ.) ਦੀ ਸੰਪਾਦਿਤ 'ਵਿਦਰੋਹੀ ਬੋਲ' (ਨਕਸਲਬਾੜੀ ਲਹਿਰ ਦੇ ਦੌਰ ਦੀ ਚੋਣਵੀਂ ਜੁਝਾਰਵਾਦੀ ਪੰਜਾਬੀ ਕਵਿਤਾ) ਪੁਸਤਕ ਜੁਝਾਰਵਾਦੀ ਕਵਿਤਾ ਦਾ ਵਿਲੱਖਣ ਦਸਤਾਵੇਜ਼ ਹੈ। ਸਮਾਜ ਵਿੱਚ ਵੱਖ-ਵੱਖ ਸਮੇਂ ਲਹਿਰਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਲਗਪਗ ਸਾਰੀਆਂ ਹੀ ਲਹਿਰਾਂ ਸਮਾਜਕ ਢਾਂਚੇ ਵਿੱਚ ਸੁਧਾਰ ਲਿਆਕੇ ਤਬਦੀਲੀ ਲਿਆਉਣ ਲਈ ਸ਼ੁਰੂ ਕੀਤੀਆਂ ਜਾਂਦੀਆਂ ਹਨ। ਇਹ ਲਹਿਰਾਂ ਮੁੱਖ ਤੌਰ 'ਤੇ ਲੋਕਾਈ ਵਿੱਚ ਜੋਸ਼ ਪੈਦਾ ਕਰਕੇ ਸਮਾਜਿਕ ਤਾਣੇ-ਬਾਣੇ ਨੂੰ ਸੰਗਠਿਤ ਕਰਨ ਵਿੱਚ ਕਾਰਗਰ ਸਾਬਤ ਹੁੰਦੀਆਂ ਹਨ। ਦੇਸ਼ ਖਾਸ ਤੌਰ 'ਤੇ ਪੰਜਾਬ ਵਿੱਚ ਭਗਤੀ ਲਹਿਰ, ਗੁਰਮਤਿ ਲਹਿਰ, ਗ਼ਦਰ ਲਹਿਰ, ਨਾਮਧਾਰੀ ਲਹਿਰ, ਇਨਕਲਾਬੀ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਸਿੰਘ ਸਭਾ ਲਹਿਰ, ਖਾਲਿਸਤਾਨੀ ਲਹਿਰ ਅਤੇ ਨਕਸਲਵਾੜੀ ਲਹਿਰ ਵਰਣਨਯੋਗ ਹਨ। ਇਨ੍ਹਾਂ ਲਹਿਰਾਂ ਦੌਰਾਨ ਬਹੁਤ ਸਾਰਾ ਸਾਹਿਤ ਰਚਿਆ ਗਿਆ, ਜਿਹੜਾ ਸਾਹਿਤਕ ਖੇਤਰ ਵਿੱਚ ਮੀਲ-ਪੱਥਰ ਸਾਬਤ ਹੋਇਆ ਹੈ। ਇਸ਼ਕ-ਮੁਸ਼ਕ ਦਾ ਸਾਹਿਤ ਆਮ ਤੌਰ 'ਤੇ ਕਾਲਪਨਿਕ ਹੁੰਦਾ ਹੈ ਪ੍ਰੰਤੂ ਲਹਿਰਾਂ ਦਾ ਸਾਹਿਤ ਸਮਾਜਿਕ ਸਰੋਕਾਰਾਂ ਵਾਲਾ ਇਨਕਲਾਬੀ, ਪਦਾਰਥਵਾਦੀ ਤੇ ਯੁਗਪਲਟਾਊ ਹੁੰਦਾ ਹੈ। ਨਕਸਲਵਾੜੀ ਲਹਿਰ ਭਾਵੇਂ ਦੇਸ਼ ਦੇ ਹੋਰ ਹਿੱਸਿਆਂ ਤੋਂ ਸ਼ੁਰੂ ਹੋਈ ਪ੍ਰੰਤੂ ਪੰਜਾਬ ਵਿੱਚ ਇਹ ਲਹਿਰ ਬਹੁਤ ਹੀ ਵੱਡੇ ਰੂਪ ਵਿੱਚ ਸਾਹਮਣੇ ਆਈ। ਪੰਜਾਬੀ ਕਿਉਂਕਿ ਦਲੇਰ, ਬਹਾਦਰ ਅਤੇ ਮਨੁੱਖੀ ਹੱਕਾਂ 'ਤੇ ਪਹਿਰਾ ਦੇਣ ਵਾਲੇ ਹੁੰਦੇ ਹਨ। ਉਨ੍ਹਾਂ ਨੂੰ ਸਿੱਖ ਧਰਮ ਦੀ ਵਿਚਾਰਧਾਰਾ ਤੋਂ ਜ਼ੁਲਮ ਦੇ ਵਿਰੁੱਧ ਲੜਨ ਦੀ ਪ੍ਰੇਰਨਾ ਮਿਲੀ ਹੋਈ ਹੈ। ਨਕਸਲਵਾੜੀ ਲਹਿਰ ਵਿੱਚ ਪੰਜਾਬ ਦਾ ਯੋਗਦਾਨ ਜ਼ਬਰਦਸਤ ਹੈ, ਇਸ ਲਈ ਕੁਦਰਤੀ ਹੈ ਕਿ ਪੰਜਾਬ ਵਿੱਚ ਇਸ ਲਹਿਰ ਤੋਂ ਪ੍ਰਭਾਵਤ ਹੋ ਕੇ ਜੁਝਾਰੂ ਸਾਹਿਤ ਰਚਿਆ ਗਿਆ। ਵੈਸੇ ਤਾਂ ਬਹੁਤ ਸਾਰੇ ਜੁਝਾਰੂ ਕਵੀ ਸਾਹਿਤਕ ਖੇਤਰ ਵਿੱਚ ਜਾਣੇ ਜਾਂਦੇ ਹਨ ਪ੍ਰੰਤੂ ਇਨ੍ਹਾਂ ਤੋਂ ਜ਼ਿਆਦਾ ਅਣਗੌਲੇ ਰਹਿ ਗਏ।

ਮੇਘਾ ਸਿੰਘ (ਡਾ.) ਨੇ ਉਨ੍ਹਾਂ ਅਣਗੌਲੇ ਕਵੀਆਂ ਨੂੰ ਆਪਣੀ ਖੋਜ ਰਾਹੀਂ ਉਨ੍ਹਾਂ ਦੇ ਸਾਹਿਤ ਨੂੰ ਵਿਸ਼ਾ ਬਣਾਇਆ ਹੈ। ਡਾ.ਮੇਘਾ ਸਿੰਘ ਖੱਬੇ-ਪੱਖੀ ਸੋਚ ਵਾਲਾ ਵਿਦਵਾਨ, ਜੁਝਾਰੂ ਸਾਹਿਤਕਾਰ,ਅਧਿਆਪਕ, ਲੇਖਕ, ਪੱਤਰਕਾਰ ਅਤੇ ਸੰਪਾਦਕ ਹੈ। ਉਸ ਦੀਆਂ ਹੁਣ ਤੱਕ ਤੇਰਾਂ ਮੌਲਿਕ ਅਤੇ ਚੌਧਵੀਂ ਚਰਚਾ ਅਧੀਨ 'ਵਿਦਰੋਹੀ ਬੋਲ' (ਨਕਸਲਬਾੜੀ ਲਹਿਰ ਦੇ ਦੌਰ ਦੀ ਚੋਣਵੀਂ ਜੁਝਾਰਵਾਦੀ ਪੰਜਾਬੀ ਕਵਿਤਾ) ਸੰਪਾਦਿਤ ਪੁਸਤਕ ਹੈ। ਡਾ.ਮੇਘਾ ਸਿੰਘ ਆਮ ਪਰੰਪਰਾਵਾਦੀ ਕੰਮ ਨਹੀਂ ਕਰਦੇ, ਹੁਣ ਤੱਕ ਉਸਨੇ ਜਿਤਨੀਆਂ ਵੀ ਪੁਸਤਕਾਂ ਲਿਖੀਆਂ ਹਨ, ਸਾਰੀਆਂ ਹੀ ਨਿਵੇਕਲੀਆਂ ਤੇ ਵਿਲੱਖਣ ਹਨ, ਜਿਨ੍ਹਾਂ ਤੋਂ ਸਮਾਜ ਦੇ ਵੱਡੇ ਤਬਕੇ ਨੂੰ ਲਾਭ ਹੋ ਸਕੇ। ਡਾ. ਮੇਘਾ ਸਿੰਘ ਪਰੰਪਰਾਤਮਿਕ ਸਾਹਿਤਕ ਪਗਡੰਡੀਆਂ 'ਤੇ ਚਲਣ ਵਾਲਾ ਵਿਦਵਾਨ ਸਾਹਿਤਕਾਰ ਨਹੀਂ ਸਗੋਂ ਉਹ ਆਪਣੀ ਖੋਜੀ ਪ੍ਰਵਿਰਤੀ ਨਾਲ ਨਵੇਂ ਕੀਰਤੀਮਾਨ ਸਿਰਜਕੇ ਮੋਕਲੇ ਤੇ ਖੁਲ੍ਹੇ ਰਸਤੇ ਬਣਾਉਂਦਾ ਹੈ। ਉਸ ਦੀਆਂ ਪੁਸਤਕਾਂ ਨੌਜਵਾਨ ਪੀੜ੍ਹੀ ਖਾਸ ਤੌਰ 'ਤੇ ਖੋਜੀ ਵਿਦਿਆਰਥੀਆਂ ਲਈ ਰਾਹ ਦਸੇਰਾ ਬਣਦੀਆਂ ਹਨ। ਉਸ ਦੀਆਂ ਪੰਜਾਬੀ ਪੱਤਰਕਾਰੀ ਬਾਰੇ ਵਿਦਿਆਰਥੀਆਂ ਲਈ ਚਾਰ, ਕਾਨੂੰਨ ਦੇ ਵਿਦਿਆਰਥੀਆਂ ਲਈ ਦੋ, ਪੰਜਾਬੀ ਟ੍ਰਿਬਿਊਨ ਦੀਆਂ ਸੰਪਾਦਕੀਆਂ ਦੀਆਂ 6, ਕਿਸਾਨ ਅੰਦੋਲਨ ਸੰਬੰਧੀ ਇੱਕ ਅਤੇ ਦੋ ਕਵਿਤਾ ਦੀਆਂ ਪੁਸਤਕਾਂ ਹਨ। ਮੇਘਾ ਸਿੰਘ (ਡਾ.) ਖੋਜੀ ਵਿਦਵਾਨ ਹੈ, ਇਹ ਪੁਸਤਕ ਵੀ ਉਸਨੇ ਖੋਜ ਕਰਕੇ ਸੰਪਾਦਿਤ ਕੀਤੀ ਹੈ। ਜੁਝਾਰੂ ਸਾਹਿਤ ਨਾਲ ਸੰਬੰਧਤ ਪੁਸਤਕਾਂ ਦੀ ਛਾਣ-ਬੀਣ ਕਰਕੇ ਸਥਾਪਤ ਅਤੇ ਅਣਗੌਲੇ ਕਵੀਆਂ ਦੀਆਂ ਚੋਣਵੀਆਂ ਕਵਿਤਾਵਾਂ ਸ਼ਾਮਲ ਕਰਕੇ ਪੰਜਾਬ ਦੀਆਂ ਆਉਣ ਵਾਲੀਆਂ ਨਸਲਾਂ ਨੂੰ ਆਪਣੀ ਪੰਜਾਬੀ ਬੋਲੀ ਦੀ ਸਾਹਿਤਕ ਜੁਝਾਰੂ




ਵਿਰਾਸਤ ਨੂੰ ਜਾਨਣ ਅਤੇ ਉਸਤੋਂ ਪ੍ਰੇਰਨਾ ਲੈ ਕੇ ਭਵਿਖ ਵਿੱਚ ਸਮਾਜ ਦੇ ਮਨੁੱਖੀ ਹੱਕਾਂ 'ਤੇ ਪਹਿਰਾ ਦੇਣ ਦੇ ਮਕਸਦ ਨਾਲ ਸੰਪਾਦਿਤ ਕੀਤੀ ਗਈ ਮਹਿਸੂਸ ਹੁੰਦੀ ਹੈ। ਉਸਨੇ ਇਹ ਪੁਸਤਕ ਨਿੱਠ ਕੇ ਲਿਖੀ ਹੈ। ਇਹ ਉਸਦਾ ਸੁਭਾਅ ਹੈ ਕਿ ਉਹ ਜਿਹੜਾ ਵੀ ਕੰਮ ਕਰਦਾ ਹੈ, ਪਹਿਲਾਂ ਟੀਚਾ ਨਿਸਚਤ ਕਰਦਾ ਹੈ, ਫਿਰ ਉਸਨੂੰ ਤੱਥਾਂ 'ਤੇ ਅਧਾਰਤ ਜਾਣਕਾਰੀ ਪ੍ਰਾਪਤ ਕਰਕੇ ਨੇਪਰੇ ਚਾੜ੍ਹਦਾ ਹੈ। ਆਮ ਤੌਰ ਤੇ ਅਜਿਹੇ ਕਾਰਜ ਨੂੰ ਰੁੱਖਾ ਸਮਝਕੇ ਬਹੁਤੇ ਵਿਦਵਾਨ ਪਾਸਾ ਵੱਟ ਜਾਂਦੇ ਹਨ। ਉਹ ਸਿਰੜੀ ਵਿਦਵਾਨ ਹੈ, ਉਹ ਅੱਕਦਾ, ਥੱਕਦਾ ਤੇ ਰੁਕਦਾ ਨਹੀਂ ਸਗੋਂ ਹੋਰ ਉਤਸ਼ਾਹ, ਲਗਨ ਤੇ ਦ੍ਰਿੜ੍ਹਤਾ ਨਾਲ ਜੁੱਟਿਆ ਰਹਿੰਦਾ ਹੈ। ਇਸ ਪੁਸਤਕ ਵਿੱਚ ਉਸਨੇ 1968 ਤੋਂ 82 ਤੱਕ ਲਿਖੀਆਂ ਗਈਆਂ ਜੁਝਾਰੂ ਲਹਿਰ ਤੋਂ ਪ੍ਰਭਾਵਤ 112 ਕਵੀਆਂ ਦੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਹਨ। ਮੇਘਾ ਸਿੰਘ (ਡਾ.) ਨੇ ਇਹ ਵਿਲੱਖਣ ਕਾਰਜ਼ ਕਰਕੇ ਇਤਿਹਾਸ ਸਿਰਜ ਦਿੱਤਾ ਹੈ, ਕਿਉਂਕਿ ਆਮ ਤੌਰ 'ਤੇ ਵੇਖਣ ਵਿੱਚ ਆਇਆ ਹੈ ਕਿ ਬਹੁਤੇ ਸਾਹਿਤਕਾਰ ਤੇ ਖੋਜੀ ਵਿਦਵਾਨ ਸਥਾਪਤ ਕਵੀਆਂ ਦੇ ਯੋਗਦਾਨ ਨੂੰ ਹੀ ਪ੍ਰਮੁੱਖਤਾ ਦਿੰਦੇ ਹਨ, ਪ੍ਰੰਤੂ ਮੇਘਾ ਸਿੰਘ (ਡਾ.) ਦੀ ਇਸ ਪੁਸਤਕ ਦੀ ਖਾਸੀਅਤ ਹੈ ਕਿ ਉਸਨੇ ਉਨ੍ਹਾਂ ਜੁਝਾਰੂ ਕਵੀਆਂ ਨੂੰ ਵੀ ਪ੍ਰਮੁੱਖਤਾ ਦਿੱਤੀ ਹੈ, ਜਿਨ੍ਹਾਂ ਦਾ ਯੋਗਦਾਨ ਤਾਂ ਵੱਡਾ ਹੈ ਪ੍ਰੰਤੂ ਖੋਜੀਆਂ, ਵਿਦਵਾਨਾਂ, ਸਾਹਿਤਕਾਰਾਂ ਅਤੇ ਆਲੋਚਕਾਂ ਨੇ ਇਨ੍ਹਾਂ ਦੇ ਕਾਰਜ ਨੂੰ ਅਣਡਿਠ ਹੀ ਕੀਤਾ ਹੈ।

ਅਸਲ ਵਿੱਚ ਸਾਡੇ ਵਿਦਵਾਨ ਮਿਹਨਤ ਕਰਨ ਤੋਂ ਕੰਨ੍ਹੀ ਕਤਰਾਉਂਦੇ ਹਨ, ਜਿਹੜਾ ਮੈਟਰ ਸੌਖਿਆਂ ਹੀ ਮਿਲ ਜਾਂਦਾ ਹੈ, ਉਸਨੂੰ ਹੀ ਪ੍ਰਮੁੱਖਤਾ ਦਿੰਦੇ ਹਨ। ਜਿਸ ਸਮੇਂ ਨਕਸਲਬਾੜੀ ਲਹਿਰ ਸ਼ੁਰੂ ਹੋਈ ਤਾਂ ਉਦੋਂ ਆਈ. ਟੀ. ਦਾ ਜ਼ਮਾਨਾ ਨਹੀਂ ਸੀ, ਬਹੁਤੇ ਅਖ਼ਬਾਰ ਤੇ ਰਸਾਲੇ ਵੀ ਨਹੀਂ ਸਨ, ਇਸ ਲਈ ਇਨ੍ਹਾਂ ਜੁਝਾਰੂ ਕਵੀਆਂ ਦੀਆਂ ਰਚਨਾਵਾਂ ਅਖ਼ਬਾਰਾਂ ਅਤੇ ਰਸਾਲਿਆਂ




ਵਿੱਚ ਸਾਂਭੀਆਂ ਨਹੀਂ ਗਈਆਂ ਅਤੇ ਆਮ ਲੋਕਾਂ ਦੇ ਧਿਆਨ ਵਿੱਚ ਵੀ ਨਹੀਂ ਆਈਆਂ। ਇਹ ਜੁਝਾਰੂ ਕਵੀ ਥੋੜ੍ਹੇ ਅਵੇਸਲੇ ਵੀ ਰਹੇ ਕਿਉਂਕਿ ਉਨ੍ਹਾਂ ਵਿੱਚੋਂ ਬਹੁਤੇ ਪ੍ਰਚਾਰ ਵਿੱਚ ਵਿਸ਼ਵਾਸ਼ ਵੀ ਨਹੀਂ ਰੱਖਦੇ ਸਨ, ਉਹ ਤਾਂ ਸਿਰੜ੍ਹ ਨਾਲ ਆਪਣੇ ਲੋਕਾਂ ਦੇ ਦਰਦ ਨੂੰ ਸਮਝਦੇ ਹੋਏ ਆਪਣੀਆਂ ਕਵਿਤਾਵਾਂ ਲਿਖਦੇ ਸਨ। ਡਾ.ਮੇਘਾ ਸਿੰਘ ਨੇ ਕਈ ਸਾਲਾਂ ਦੀ ਮਿਹਨਤ, ਦ੍ਰਿੜ੍ਹ ਇਰਾਦੇ ਅਤੇ ਲਗਨ ਨਾਲ ਮਸਤ ਹਾਥੀ ਦੀ ਚਾਲ ਚਲਦਿਆਂ ਇਨ੍ਹਾਂ ਕਵੀਆਂ ਦੀਆਂ ਰਚਨਾਵਾਂ, ਹਰ ਸਾਧਨ ਰਾਹੀਂ ਇਕੱਤਰ ਕਰਕੇ ਪ੍ਰਕਾਸ਼ਤ ਕਰਵਾਈਆਂ ਹਨ। ਇਨ੍ਹਾਂ ਕਵੀਆਂ ਵਿੱਚੋਂ ਬਹੁਤੇ ਕਵੀ ਤਾਂ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ, ਇਸ ਲਈ ਉਨ੍ਹਾਂ ਦੀਆਂ ਕਵਿਤਾਵਾਂ ਉਨ੍ਹਾਂ ਦੇ ਪਰਿਵਾਰਾਂ ਅਤੇ ਦੋਸਤਾਂ ਮਿਤਰਾਂ ਕੋਲੋਂ ਇਕੱਤਰ ਕੀਤੀਆਂ ਹਨ। ਅਜਿਹਾ ਕਾਰਜ਼ ਸਿਰੜੀ ਤੇ ਖੋਜੀ ਰੁੱਚੀ ਵਾਲਾ ਵਿਦਵਾਨ ਹੀ ਕਰ ਸਕਦਾ ਹੈ। ਇਸ ਲਈ ਇਹ ਕੋਈ ਸੌਖਾ ਕਾਰਜ਼ ਨਹੀਂ ਸੀ, ਮੇਘਾ ਸਿੰਘ (ਡਾ.) ਦੀ ਖੱਬੇ-ਪੱਖੀ ਸੋਚ ਨੇ ਇਸ ਨੂੰ ਨੇਪਰੇ ਚਾੜ੍ਹਕੇ ਬਾਕਮਾਲ ਕੰਮ ਕੀਤਾ ਹੈ। ਕ੍ਰਿਸ਼ਨ ਕੋਰਪਾਲ ਦੀ ਕਵਿਤਾ 'ਮੈਂ ਇੱਕ ਮਜ਼ਦੂਰ ਹਾਂ' ਦੇ ਕੁਝ ਸ਼ਿਅਰ ਇਸ ਪ੍ਰਕਾਰ ਹਨ:

ਮੈਂ ਇੱਕ ਮਜ਼ਦੂਰ ਹਾਂ. . . . .!  
ਥੋਡੇ ਕੁੱਤੇ ਕੇਕ ਨੀਂ ਖਾਂਦੇ, ਮੇਰੇ ਜੁਆਕ ਭੁੱਖੇ ਸੌਂ ਜਾਂਦੇ।  
ਨਿੱਕੇ ਨਿੱਕੇ ਬਲੂਰ, ਓ ਮਹਿਲਾਂ ਵਾਲਿਓ।  
ਮੈਂ ਇੱਕ ਮਜ਼ਦੂਰ ਹਾਂ. . . . .!  
ਨਰਕੀ ਜ਼ਿੰਦਗੀ ਜੀਵਣ ਨਾਲੋਂ, ਘੁੱਟ ਜ਼ਹਿਰ ਦੇ ਪੀਵਣ ਨਾਲੋਂ।  
ਲੜਨਾ ਮਰਨਾ ਮਨਜ਼ੂਰ, ਓ ਮਹਿਲਾਂ ਵਾਲਿਓ।




ਕ੍ਰਿਸ਼ਨ ਕੋਰਪਾਲ ਦੀ ਕਵਿਤਾ ਵਿੱਚ ਖ਼ੁਦਦਾਰੀ ਅਤੇ ਇਨਕਲਾਬੀ ਸੋਚ ਦਾ ਪ੍ਰਗਟਾਵਾ ਹੁੰਦਾ ਹੈ। ਉਹ ਮਜ਼ਦੂਰਾਂ ਨੂੰ ਆਪਣੇ ਹੱਕਾਂ ਲਈ ਜਦੋਜਹਿਦ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਇਸ ਤਰ੍ਹਾਂ ਹੀ ਜਗਰੂਪ ਝੁਨੀਰ ਦੀ ਆਪਣੀ ਕਵਿਤਾ 'ਕੈਦੀ ਦੀ ਭੈਣ' ਵਿੱਚ ਲਿਖਦਾ ਹੈ:

ਹੱਥਕੜੀਆਂ ਦੇ ਸਾਜ਼ ਵਜਾਉਂਦਾ, ਬੇੜੀ ਦਾ ਛਣਕਾਟਾ ਪਾਉਂਦਾ।  
ਮੇਰਾ ਵੀਰ ਗਰਜਦਾ ਆਉਂਦਾ, ਜਕੜਿਆ ਵਿੱਚ ਜ਼ੰਜ਼ੀਰਾਂ ਦੇ।  
ਜ਼ੁਲਮ ਸੰਗ ਟਕਰਾਉਂਦਾ ਕਾਫ਼ਲੇ ਚਲੇ ਵੀਰਾਂ ਦੇ।

ਜਗਰੂਪ ਝੁਨੀਰ ਦੀ ਕਵਿਤਾ ਇਨਕਲਾਬੀ ਪਰਿਵਾਰ ਦੀ ਲੜਕੀ ਦੇ ਜੋਸ਼ੀਲੇ ਜਜ਼ਬਾਤਾਂ ਰਾਹੀਂ ਪੰਜਾਬੀ ਇਸਤਰੀਆਂ ਦੀ ਮਾਨਸਿਕਤਾ ਬਾਰੇ ਜਾਣਕਾਰੀ ਦਿੰਦੀ ਹੈ।

ਜੁਗਰਾਜ ਧੌਲਾ ਦੀ ਗ਼ਜ਼ਲ ਪੰਜਾਬੀਆਂ ਦੇ ਬੁਲੰਦ ਹੌਸਲਿਆਂ ਦੀ ਗਵਾਹੀ ਭਰਦੀ ਹੈ, ਜਿਸ ਵਿੱਚ ਉਹ ਲਿਖਦਾ ਹੈ:

ਤੂਫ਼ਾਨਾ ਦੇ ਵਹਿਣਾਂ ਤਾਈਂ ਰੋਕਾਂਗੇ।  
ਹੌਸਲੇ ਕਰ ਫੌਲਾਦੀ, ਹਿੱਕਾਂ ਠੋਕਾਂਗੇ।  
ਦਰਿਆ ਅੱਗ ਦੇ ਅੰਦਰ ਤਾਰੀ ਲਾਵਾਂਗੇ। ਹੱਸ ਹੱਸ ਲਹਿਰਾਂ ਅੰਦਰ ਹਿੱਕਾਂ ਝੋਕਾਂਗੇ।

ਜਸਵੰਤ ਕੈਲਵੀ ਆਪਣੀ ਕਵਿਤਾ 'ਜਦ ਦਿਲ ਵਿੱਚ ਰੋਹ ਦਾ ਜੇਠ ਤਪੇ' ਵਿੱਚ ਇਨਕਲਾਬੀਆਂ ਦੀ ਜੁਝਾਰੂ ਸੋਚ ਬਾਰੇ ਲਿਖਦਾ ਹੈ:

ਜਦ ਦਿਲ ਵਿੱਚ ਰੋਹ ਦਾ ਜੇਠ ਤਪੇ, ਨੈਣਾਂ 'ਚੋਂ ਹੰਝੂ ਸੁੱਕ ਜਾਂਦੇ।  
ਜਦ ਚੜ੍ਹਦਾ ਸੂਰਜ ਪੂਰਬ 'ਚੋਂ, ਹਨ ਘੋਰ ਹਨੇਰੇ ਲੁਕ ਜਾਂਦੇ।  
ਸਾਰੇ ਜੱਗ 'ਚਾਨਣ ਹੁੰਦਾ ਹੈ, ਜਦ ਚਿਤਾ ਸ਼ਹੀਦਾਂ ਦੀ ਬਲਦੀ।  
ਜਦ ਡੁਲ੍ਹਦਾ ਲਹੂ ਜੁਝਾਰਾਂ ਦਾ, ਜੜ੍ਹ ਜ਼ੁਲਮ ਦੀ ਉਦੋਂ ਹੀ ਗਲਦੀ।

ਮੇਘਾ ਸਿੰਘ (ਡਾ.) ਨੇ ਅਣਗੌਲੇ ਦੇਸ਼ ਭਗਤ ਜੁਝਾਰੂ ਕਵੀਆਂ ਦੀਆਂ ਕਵਿਤਾਵਾਂ, ਗ਼ਜ਼ਲਾਂ ਅਤੇ ਨਜ਼ਮਾ ਨੂੰ ਪ੍ਰਕਾਸ਼ਤ ਕਰਵਾਕੇ ਉਨ੍ਹਾਂ ਮਹਾਨ ਸਾਹਿਤਕਾਰਾਂ ਦੇ ਯੋਗਦਾਨ ਨੂੰ ਇਤਿਹਾਸ ਦਾ ਹਿੱਸਾ ਬਣਾਕੇ ਬਿਹਤਰੀਨ ਕਾਰਜ ਕੀਤਾ ਹੈ। ਉਮੀਦ ਕਰਦਾ ਹਾਂ ਕਿ ਭਵਿਖ ਵਿੱਚ ਵੀ ਮੇਘਾ ਸਿੰਘ (ਡਾ.) ਅਜਿਹੇ ਵਿਲੱਖਣ ਉਦਮ ਕਰਕੇ ਪੰਜਾਬੀ ਦੀ ਸਾਹਿਤਕ ਵਿਰਾਸਤ ਵਿੱਚ ਵੱਡਮੁਲਾ ਯੋਗਦਾਨ ਪਾਵੇਗਾ।

464 ਪੰਨਿਆਂ, 599 ਰੁਪਏ ਕੀਮਤ ਵਾਲੀ ਇਹ ਪੁਸਤਕ ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਨੇ ਪ੍ਰਕਾਸ਼ਤ ਕੀਤੀ ਹੈ।

**ਸੰਪਰਕ ਮੇਘਾ ਸਿੰਘ (ਡਾ.) : 9780036137**

# ਸੱਚੇ ਸੁੱਚੇ ਇਨਸਾਨ ਤੇ ਕਵੀ ਹਨ ਸੁੱਚਾ ਸਿੰਘ ਮਾਨ ਧਮਾਈ ਵਾਲੇ

ਬਾਬੇ ਨਾਨਕ ਨੇ ਸੱਚੀ ਸੁੱਚੀ ਕਿਰਤ ਅਤੇ ਕਮਾਈ ਨੂੰ ਉੱਤਮ ਮੰਨਿਆ ਹੈ। ਇਸ ਉਪਦੇਸ਼ ਦੇ ਪਹਿਰਾ ਦੇਣ ਵਾਲਿਆਂ ਦੀ ਗਿਣਤੀ ਮੁੱਠੀ ਭਰ ਹੀ ਹੈ ਜਦ ਕਿ ਗੁਰੂ ਸਾਹਿਬ ਦੇ ਉਪਦੇਸ਼ਾਂ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਕੋਈ ਕਮੀ ਨਹੀਂ ਹੈ। ਗੁਰਬਾਣੀ ਅਨੁਸਾਰ ਆਪਣਾ ਜੀਵਨ ਜਿਊਣ ਵਾਲਿਆਂ ਅਤੇ ਸੱਚੀ ਸੁੱਚੀ ਕਿਰਤ ਕਰਨ ਵਾਲਿਆਂ ਵਿੱਚ ਸੁੱਚਾ ਸਿੰਘ ਮਾਨ ਦਾ ਵੀ ਜ਼ਿਕਰ ਹੁੰਦਾ ਹੈ। ਆਪ ਸਦਾ ਸਾਦਾ ਜੀਵਨ ਬਤੀਤ ਕਰਦੇ ਹੋਏ ਉੱਚੇ ਵਿਚਾਰਾਂ ਦਾ ਪ੍ਰਚਾਰ ਅਤੇ ਪ੍ਰਸਾਰ ਕਰਦੇ ਹਨ। ਉਹਨਾਂ ਦੀ ਦੂਰ ਦ੍ਰਿਸ਼ਟੀ ਸਦਕਾ ਹੀ ਵੈਨਕੂਵਰ ਕੈਨੇਡਾ ਵਿੱਚ ਗੁਰਦੁਆਰਾ ਅਕਾਲੀ ਸਿੰਘ ਸਿੱਖ ਸੋਸਾਇਟੀ ਆਪਣੇ ਕਾਰਜਾਂ ਕਰਕੇ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਹੈ। ਇੱਥੇ ਉਹ ਦਿਨ ਰਾਤ ਆਪਣੀਆਂ ਸ਼ਾਨਦਾਰ ਸੇਵਾਵਾਂ ਗੁਰੂ ਸਾਹਿਬ ਦੇ ਉਪਦੇਸ਼ ਅਨੁਸਾਰ ਲੋਕ ਸੇਵਾ ਵਿੱਚ ਅਰਪਿਤ ਕਰ ਰਹੇ ਹਨ। ਉਹਨਾਂ ਦਾ ਮਨੋਰਥ ਨਵੀਂ ਪਨੀਰੀ ਨੂੰ ਗੁਰਬਾਣੀ ਨਾਲ ਜੋੜ ਕੇ ਸੱਚੇ ਸੁੱਚੇ ਇਨਸਾਨ ਬਣਾਉਣਾ ਹੈ ਤਾਂ ਕਿ ਉਹ ਆਪਣੀ ਕਿਰਤ ਕਮਾਈ ਨਾਲ ਦੇਸ਼ ਦੁਨੀਆਂ ਵਿੱਚ ਮਾਣ ਸਨਮਾਨ ਪ੍ਰਾਪਤ ਕਰ ਸਕਣ। ਆਪ ਦਾ ਕਹਿਣਾ ਹੈ ਕਿ ਦੁਨੀਆਂ ਦਾ ਵਿਗਿਆਨਕ ਧਰਮ ਸਿੱਖ ਧਰਮ ਹੈ ਪਰ ਅਸੀਂ ਲੋਕ ਉਸ ਦੇ ਸੱਚੇ ਸੁੱਚੇ ਉਪਾਸ਼ਕ ਨਹੀਂ ਬਣ ਸਕੇ। ਸਭ ਧਰਮਾਂ, ਜਾਤਾਂ ਅਤੇ ਇਲਾਕਿਆਂ ਦੇ ਸੰਤਾਂ ਮਹਾਂਪੁਰਸ਼ਾਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਚੌਂਹੁ ਵਰਨਾਂ ਨੂੰ ਸਾਂਝਾ ਉਪਦੇਸ਼ ਦਿੱਤਾ ਹੈ। ਅਸੀਂ ਆਪਣੀ ਸਾਂਝੀਵਾਲਤਾ ਗੁਆ ਕੇ ਸਿੱਖੀ ਅਤੇ ਸਿੱਖ ਫਿਲਾਸਫੀ ਨੂੰ ਢਾਹ ਲਾ ਰਹੇ ਹਾਂ।

62ਵੇਂ ਆਲ ਇੰਡੀਆ ਪ੍ਰਿੰਸੀਪਲ ਹਰਭਜਨ ਸਿੰਘ ਫੁੱਟਬਾਲ ਟੂਰਨਾਮੈਂਟ ਮੌਕੇ ਰਿਟਾਇਰਡ ਐਸ ਪੀ ਸ਼ਵਿੰਦਰਜੀਤ ਸਿੰਘ ਬੈਂਸ ਹੋਰੀਂ ਸੁੱਚਾ ਸਿੰਘ ਮਾਨ ਹੋਣਾਂ ਨਾਲ ਮੁਲਾਕਾਤ ਕਰਵਾਈ ਤਾਂ ਉਨ੍ਹਾਂ ਦੀ ਸ਼ਖਸ਼ੀਅਤ ਤੋਂ ਪ੍ਰਭਾਵਿਤ ਹੋਏ ਬਗੈਰ ਰਿਹਾ ਨਾ ਗਿਆ। ਉਹਨਾਂ ਦੀਆਂ ਪੁਸਤਕਾਂ ਤੇ ਝਾਤੀ ਮਾਰੀ ਤਾਂ ਇੰਝ ਮਹਿਸੂਸ ਹੋਇਆ ਕਿ ਉਹ ਇੱਕ ਸੱਚੇ ਸੁੱਚੇ ਇਨਸਾਨ ਅਤੇ ਸਟੇਜ ਦੇ ਮਾਹਿਰ ਕਵੀ ਹਨ। ਆਪ ਦੀ ਕਵਿਤਾ ਦਾ ਮਨੋਰਥ ਵੀ ਨਵੀਂ ਪਨੀਰੀ ਨੂੰ ਨਰੋਈ ਦਿਸ਼ਾ ਦੇਣਾ ਹੈ। ਜਿਸ ਦੀ ਪੂਰਤੀ ਵਾਸਤੇ ਉਹ ਤਿੰਨ ਪੁਸਤਕਾਂ ਦੀ ਸਿਰਜਣਾ ਤੋਂ ਇਲਾਵਾ ਸਟੇਜਾਂ ਤੇ ਕਵਿਤਾ ਰਾਹੀਂ ਆਪਣੇ ਵਿਚਾਰਾਂ ਦਾ ਆਧਾਰ ਪ੍ਰਦਾਨ ਕਰਦੇ ਰਹਿੰਦੇ ਹਨ। ਦੇਸ਼ ਵਿਦੇਸ਼ ਵਿੱਚ ਉਨ੍ਹਾਂ ਦੀ ਸਿੱਖ ਇਤਿਹਾਸ, ਗੁਰਬਾਣੀ, ਨੈਤਿਕ ਕਦਰਾਂ ਕੀਮਤਾਂ, ਸਮਾਜਿਕ ਰਹੁ ਰੀਤਾਂ, ਖੇਡਾਂ ,ਹਾਸ ਵਿਅੰਗ ਅਤੇ ਭਾਈਚਾਰਕ ਸਾਂਝ ਸਬੰਧੀ ਰਚੀਆਂ ਕਵਿਤਾਵਾਂ ਨੂੰ ਸਰੋਤੇ ਬੜੀ ਪ੍ਰੀਤ ਨਾਲ ਸੁਣਦੇ ਹਨ। ਉਹਨਾਂ ਕੋਲ ਕਵਿਤਾ ਕਹਿਣ ਦੀ ਨਿ-ਵੇਕਲੀ ਕਲਾ ਹੈ ਜਿਸ ਸਦਕਾ ਉਹ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੰਦੇ ਹਨ। ਆਪਣੇ ਸੁਰੀਲੀ ਆਵਾਜ਼ ਕਮਾਲ ਦੀ ਪੇਸ਼ਕਾਰੀ ਸਦਕਾ ਕਵਿਤਾ ਵਿੱਚ ਜਾਨ ਪਾ ਦਿੰਦੇ ਹਨ।




ਸੁੱਚਾ ਸਿੰਘ ਮਾਨ ਦੀ ਕਵਿਤਾ ਵਿੱਚ ਜਨਤਾ ਦਾ ਦੁੱਖ ਦਰਦ ਵੀ ਮਹਿਸੂਸ ਕੀਤਾ ਗਿਆ ਹੈ। ਆਪ ਨੂੰ ਚਿੰਤਾ ਹੈ ਕਿ ਅਸੀਂ ਸਾਰੇ ਲੋਕ ਵਾਤਾਵਰਨ ਪਲੀਤ ਕਰਕੇ ਆਪਣੀ ਜੜ੍ਹੀਂ ਤੇਲ ਪਾਈ ਜਾ ਰਹੇ ਹਾਂ। ਜੇਕਰ ਸਮਾਜ ਵਿੱਚ ਨੈਤਿਕ ਕਦਰਾਂ ਕੀਮਤਾਂ ਦੀ ਗਿਰਾਵਟ ਆਈ ਹੈ ਤਾਂ ਉਸ ਦਾ ਮੁੱਖ ਕਾਰਨ ਇਹੀ ਹੈ ਕਿ ਅਸੀਂ ਗੁਰਬਾਣੀ ਨੂੰ ਭੁੱਲ ਕੇ ਮਨ ਮਰਜ਼ੀ ਕਰ ਰਹੇ ਹਾਂ। ਸ਼ਬਦ ਗੁਰੂ ਨਾਮੀ ਕਵਿਤਾ ਦੀਆਂ ਇਹ ਸਤਰਾਂ ਕਾਬਲੇ ਗੌਰ ਹਨ :-

ਸ਼ਬਦ ਗੁਰੂ ਨੂੰ ਅਰਪਣ ਕਰਦੇ  
ਸਿੰਘਾਂ ਇਸ ਜਿੰਦ ਨਿਮਾਣੀ ਨੂੰ।  
ਗੁਰਬਾਣੀ ਨੂੰ ਮਨੋ ਵਿਸਾਰੀ ਨਾ  
ਤੂੰ ਸੁੱਖਾਂ ਦੀ ਖਾਣੀ ਨੂੰ।

ਸਿੱਖ ਇਤਿਹਾਸ ਨਾਲ ਸੰਬੰਧਿਤ ਉਹਨਾਂ ਦੀਆਂ ਕਵਿਤਾਵਾਂ ਸਾਡੇ ਸਾਹਮਣੇ ਫਿਲਮ ਦੀ ਸਕਰੀਨ ਤਰ੍ਹਾਂ ਸਾਰੇ ਦ੍ਰਿਸ਼ ਪੇਸ਼ ਕਰ ਦਿੰਦੀਆਂ ਹਨ। ਜਦੋਂ ਉਨ੍ਹਾਂ ਦੇ ਜੀਵਨ ਤੇ ਝਾਤੀ ਮਾਰਦੇ ਹਾਂ ਤਾਂ ਉਹਨਾਂ ਦਾ ਸਾਰਾ ਜੀਵਨ ਦੇਸ਼ ਕੌਮ ਨੂੰ ਸਮਰਪਿਤ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਧਮਾਈ ਵਿੱਚ ਉਹਨਾਂ ਦਾ ਜਨਮ 13 ਨਵੰਬਰ 1939 ਨੂੰ ਸਰਦਾਰ ਦਿਲਬਾਗ ਸਿੰਘ ਅਤੇ ਮਾਤਾ ਕਰਤਾਰ ਕੌਰ ਦੇ ਘਰ ਹੋਇਆ। ਪਿੰਡ ਵਿੱਚ ਵਿੱਦਿਆ ਦਾ ਪ੍ਰਬੰਧ ਨਾ ਹੋਣ ਕਰਕੇ ਸੜੋਆ ਤੋਂ ਪ੍ਰਾਇਮਰੀ ਸਿੱਖਿਆ ਪ੍ਰਾਪਤ ਕੀਤੀ। ਬਾਅਦ ਵਿੱਚ ਉਚੇਰੀ ਸਿੱਖਿਆ ਲਈ ਨਵਾਂ ਸ਼ਹਿਰ ਚਲੇ ਗਏ। ਘਰ ਦੀ ਖੇਤੀਬਾੜੀ ਕਰਦੇ ਕਰਦੇ 1960 ਵਿੱਚ ਫੌਜ ਵਿੱਚ ਭਰਤੀ ਹੋ ਗਏ ਅਤੇ 1968 ਤੱਕ ਆਪਣੀ ਸ਼ਾਨਦਾਰ ਡਿਊਟੀ ਨਿਭਾਉਂਦੇ ਰਹੇ। 1962 ਦੀ ਭਾਰਤ ਚੀਨ ਜੰਗ ਵਿੱਚ ਆਪਣੇ ਦਲੇਰੀ ਭਰੇ ਕਾਰਨਾਮਿਆਂ ਨਾਲ ਫੌਜੀ ਸਨਮਾਨ ਪ੍ਰਾਪਤ ਕੀਤੇ। ਪਰਮਾਤਮਾ ਦੁਬਾਰਾ ਖਲਾਰੀ ਚੋਗ ਚੁਗਣ ਵਾਸਤੇ1969 ਵਿੱਚ ਵੈਨਕੂਵਰ ਕਨੇਡਾ ਪਹੁੰਚ ਗਏ। ਸਾਅ ਮਿੱਲਾਂ ਵਿੱਚ ਦਿਨ ਰਾਤ ਕੰਮ ਕੀਤਾ। ਪਰਿਵਾਰਕ ਰਿਸ਼ਤੇਦਾਰ ਅਤੇ ਸਾਕ ਸਬੰਧੀਆਂ ਨੂੰ ਵੀ ਉੱਥੇ ਪਹੁੰਚਾ ਕੇ ਉਹਨਾਂ ਦੇ ਜੀਵਨ ਨੂੰ ਚੰਗੇਰਾ ਬਣਾਇਆ। ਅੱਜ ਕੱਲ ਵੀ ਉਹ ਦੀਨ ਦੁਖੀਆਂ ਦੀ ਸੇਵਾ ਵਿੱਚ ਜੁਟੇ ਹੋਏ ਹਨ। ਜਦੋਂ ਕੋਈ ਵੀ ਲੋੜਵੰਦ ਉਹਨਾਂ ਕੋਲ ਪੁੱਜਦਾ ਹੈ ਤਾਂ ਉਹ ਉਹਨਾਂ ਦਾ ਸਹੀ ਮਾਰਗ ਦਰਸ਼ਨ ਕਰਦੇ ਹੋਏ ਸਹਿਯੋਗ ਦਿੰਦੇ ਹਨ।

1979 ਵਿੱਚ ਉਹ ਵੈਨਕੂਵਰ ਦੇ ਗੁਰਦੁਆਰਾ ਅਕਾਲੀ ਸਿੰਘ ਸਿੱਖ ਸੋਸਾਇਟੀ ਨਾਲ ਜੁੜ ਕੇ ਗੁਰਉਪਦੇਸ਼ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਜੁੱਟ ਗਏ। ਬਚਪਨ ਵਿੱਚ ਫੁੱਟਬਾਲ ਖੇਡਦੇ ਹੋਣ ਕਰਕੇ ਅੱਜ ਵੀ ਉਨ੍ਹਾਂ ਦਾ ਫੁੱਟਬਾਲ ਨਾਲ ਪ੍ਰੇਮ ਉਸੇ ਤਰ੍ਹਾਂ ਕਾਇਮ ਹੈ। ਲੰਪੀਅਨ ਜਰਨੈਲ ਸਿੰਘ ਕਮੇਟੀ ਗੜਸ਼ੰਕਰ ਅਤੇ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਵਿੱਚ ਉਹ ਹਮੇਸ਼ਾ ਆਪਣਾ ਯੋਗਦਾਨ ਪਾਉਂਦੇ ਹਨ। ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਕਰਦੇ ਢਾਡੀਆਂ, ਰਾਗੀਆਂ ਅਤੇ ਪਾਠੀਆਂ ਦੀ ਸੰਗਤ ਵਿੱਚ ਰਹਿਣ ਕਰਕੇ ਉਨ੍ਹਾਂ ਨੂੰ ਕਵਿਤਾ ਦੀ ਲਗਨ ਲੱਗ ਗਈ।

ਪੁਸਤਕਾਂ ਵੰਗਾਰ ਅਤੇ ਹਲੂਣਾ ਆਦਿ ਸਿਰਜਣਾ ਕਰਨ ਤੋਂ ਇਲਾਵਾ ਅਨੇਕਾਂ ਕਵਿਤਾਵਾਂ ਦੇਸ਼ ਵਿਦੇਸ਼ ਦੇ ਮੰਚਾਂ ਤੇ ਪੇਸ਼ ਕਰਕੇ ਵਾਹ ਵਾਹ ਖੱਟੀ ਹੈ। ਹਰ ਮਹਿਫਲ ਵਿੱਚ ਆਪ ਦੀ ਹਾਜ਼ਰੀ ਸਾਰੇ ਸੰਗੀਆਂ ਦੇ ਦਿਲ ਵਿੱਚ ਘਰ ਘਰ ਜਾਂਦੀ ਹੈ। ਸੱਚੀ ਸੁੱਚੀ ਸ਼ਖਸ਼ੀਅਤ ਦੇ ਮਾਲਕ ਸੁੱਚਾ ਸਿੰਘ ਮਾਨ ਸਰਬ ਸਾਂਝੇ ਮਨੁੱਖ ਬਣ ਕੇ ਵਿਚ ਰਹੇ ਹਨ।

**ਬਲਜਿੰਦਰ ਮਾਨ 98150 18947**




### ਮਨਜੀਤ ਪੱਪੂ ਸੁਣਾ ਰਿਹੈ "ਦਾਸਤਾਨ ਏ ਪੰਜਾਬ"

ਲਾਡੀ ਠੀਕਰੀਵਾਲ ਨੂੰ ਪਤਾ ਹੈ ਕਿ ਇਤਿਹਾਸਕ ਦਾਸਤਾਨ ਕਿਸੇ ਕੋਲੋ ਰਿਕਾਰਡ ਕਰਵਾ ਲੋਕਾਂ ਤੱਕ ਪਹੁੰਚਦੀ ਕਰਨੀ ਹੋਏ ਤਾਂ ਗਾਇਕ ਮਨਜੀਤ ਪੱਪੂ ਫਿੱਟ ਗਾਇਕ ਹੈ। ਮਨਜੀਤ ਪੱਪੂ ਦੀ ਬੁਲੰਦ ਆਵਾਜ਼ ਤਾਂ ਜੈਜ਼ੀ ਬੀ ਤੇ ਸੁਖਸ਼ਿੰਦਰ ਸ਼ਿੰਦਾ ਨਾਲ ਆ ਲੋਕ ਪ੍ਰਿਅ ਹੋ ਚੁੱਕੀ ਹੈ। ਘੁੰਮਣ ਰਿਕਾਰਡਜ਼ ਤੇ ਲਾਡੀ ਠੀਕਰੀਵਾਲ ਨੇ ਮਨਜੀਤ ਪੱਪੂ ਦੀ ਆਵਾਜ਼ ਵਿੱਚ ਧਾਰਮਿਕ ਵਲਵਲੇ ਵਾਲਾ ਟਰੈਕ "ਦਾਸਤਾਨ ਏ ਪੰਜਾਬ " ਲਿਆਂਦਾ ਹੈ। ਸੁਖਜਿੰਦਰ ਸਿੰਘ ਘੁਮਾਣ ਘੁੰਮਣ ਦੇ ਨਿਰਮਾਣ ਹੇਠ ਆਏ ਇਸ ਟਰੈਕ ਦਾ ਸੰਗੀਤ ਹਰੀ ਅਮਿਤ ਨੇ ਬਣਾਇਆ ਹੈ। ਮਨਜੀਤ ਪੱਪੂ ਨੇ ਕਿਹਾ ਕਿ ਗੁਰਮੀਤ ਮੰਡੇਰ ਤੇ ਸੁਖਜਿੰਦਰ ਸਿੰਘ ਘੁੰਮਣ ਦਾ ਧੰਨਵਾਦ ਸਹੀ ਵਕਤ ਦੀ ਗੱਲ "ਦਾਸਤਾਨ ਏ ਪੰਜਾਬ" ਦਾ ਮੌਕਾ ਦਿੱਤਾ ਹੈ।




### ਜੀ ਘੁਮਾਣ ਬੋਲੇ ਸਮੇਂ ਨਾਲ ਬਦਲਣਾ ਪੈਣਾ ਹੈ

ਸਮੇਂ ਨੂੰ ਦੇਖ ਗਾਇਕ ਜੀ ਘੁਮਾਣ ਨੇ ਗਾਇਕੀ ਦੇ ਨਾਲ ਨਾਲ ਆਡੀ ਵੀਡਿ ਸੰਗੀਤ ਖੇਤਰ ਵਿੱਚ ਪ੍ਰਵੇਸ਼ ਕਰ ਹੁਣ ਪੰਜਾਬ ਕਿੰਗਸ ਨੂੰ ਉਭਾਰਨ ਦੇ ਯਤਨ ਤੇਜ਼ ਕੀਤੇ ਹਨ। ਜੀ ਘੁਮਾਣ ਨੇ ਇਸ ਤੇ ਕਿਹਾ ਕਿ ਗਾਇਕੀ ਵੀ ਕੰਪਿਊਟਰ ਵਾਲੀ ਹੋਈ ਹੈ ਪਰ ਅਸਲੀ ਗਾਇਕੀ ਲਾਈਵ ਤੇ ਸਟੇਜ ਦੀ ਗਾਇਕੀ ਹੈ। ਪਿਤਾ ਰਘਵੀਰ ਸਿੰਘ ਚਾਹੇ ਪਿਛਲੇ ਦਿਨੀਂ ਉਸ ਦਾ ਸਾਥ ਛੱਡ ਗਏ ਪਰ ਉਹ ਉਹਨਾਂ ਦਾ ਨਾਮ ਰੌਸ਼ਨ ਕਰਨ ਲਈ ਗਾਇਕ, ਸੰਗੀਤ ਪੇਸ਼ਕਾਰ ਬਣਨ ਦੇ ਬਾਅਦ ਫਿਲਮੀ ਦੁਨੀਆਂ ਵੱਲ ਕਦਮ ਵਧਾ ਰਿਹਾ ਹੈ। ਜੀ ਘੁਮਾਣ ਨੇ ਪੁਰਾਣੀਆਂ ਮਾਡਲ ਕੁੜੀਆਂ ਦੀ ਸਿਫਤ ਕੀਤੀ ਕਿ ਉਹ ਕੰਮ ਨੂੰ ਬੇਹਤਰੀਨ ਬਣਾਉਣ ਲਈ ਕਲਾਕਾਰ ਦਾ ਸਹਿਯੋਗ ਕਰਦੀਆਂ ਸਨ ਪਰ ਅੱਜ ਕਲ ਹ ਪੈਸੇ ਤੱਕ ਸੀਮਤ ਹਨ।



### ਯੋਗਰਾਜ ਸਿੰਘ ਦਾ ਹੱਕ ਹੈ ਮਿਲਣਾ ਚਾਹੀਦਾ ਹੈ

ਜਿਸ ਯੋਗਰਾਜ ਸਿੰਘ ਨੇ ਸੁਨੀਲ ਗਾਵਸਕਰ ਤੇ ਬਿਸ਼ਨ ਸਿੰਘ ਬੇਦੀ, ਕਪਿਲ ਦੇਵ ਨਾਲ ਦੇਸ਼ ਲਈ ਸੰਸਾਰ ਭਰ ਵਿੱਚ ਕ੍ਰਿਕਟ ਖੇਡ ਨਾਮ ਚਮਕਾਇਆ ਉਹ ਸਹੀ ਅਰਥ ਵਿੱਚ ਪਦਮ ਸ੍ਰੀ ਐਵਾਰਡ ਦੇ ਹੱਕਦਾਰ ਹਨ। ਦੂਜਾ ਉਹਨਾਂ ਦਾ ਬੇਟਾ ਯੁਵਰਾਜ ਸਿੰਘ ਕ੍ਰਿਕਟ ਦਾ ਹੀਰਾ ਉਹਨਾਂ ਬਣਾਇਆ, ਖਿਡਾਰੀਆਂ ਨੂੰ ਟ੍ਰੇਨਿੰਗ ਦਿੰਦੇ ਹਨ। ਰਹੀ ਗੱਲ ਸਿਨੇਮਾ ਦੀ ਤਾਂ "ਬੀਬੀ ਰਜਨੀ"ਵਿੱਚ ਅਦਾਕਾਰੀ ਲਈ ਹ ਨੈਸ਼ਨਲ ਫ਼ਿਲਮ ਸਨਮਾਨ ਦੇ ਹੱਕਦਾਰ ਹਨ। ਬੀ ਸੀ ਸੀ ਆਈ, ਪੰਜਾਬੀ ਸੱਭਿਆਚਾਰਕ ਸੰਸਥਾਵਾਂ ਮੁਹਿੰਮ ਚਲਾ ਦੇਣ ਕਿ ਅਸਲੀ ਹੱਕਦਾਰ ਇਹਨਾਂ ਵੱਡੇ ਸਨਮਾਨਾਂ ਦਾ ਯੋਗਰਾਜ ਸਿੰਘ ਹੈ। ਯੋਗਰਾਜ ਸਿੰਘ ਧਰਮ, ਕਰਮ, ਖੇਡ ਤੇ ਸਮਾਜ ਸੇਵਾ ਦਾ ਦੂਜਾ ਨਾਮ ਹੈ। ਫ਼ਿਲਮ ਤੇ ਖੇਡ ਖੇਤਰ ਵਿੱਚ ਸ ਦੀ ਦੇਣ ਹਨਾਂ ਨੂੰ ਇਹਨਾਂ ਸਨਮਾਨਾਂ ਦੀ ਹੱਕਦਾਰ ਬਣਾ ਰਹੀ ਹੈ।



### ਰੁਪਿੰਦਰ ਗੋਇਲ ਦੇਖਦੇ ਜਾਓ ਮੰਜ਼ਿਲ ਨੇੜੇ ਆਪ ਆਏਗੀ

ਰੁਪਿੰਦਰ ਗੋਇਲ ਕਨੇਡਾ ਹਨ ਤੇ ਰੂਹ ਉਹਨਾਂ ਦੀ ਪੰਜਾਬ ਵਿਚ ਹੈ। ਨਿਰਦੇਸ਼ਕ ਰਵਿੰਦਰ ਰਵੀ ਦੀ ਹਰ ਫ਼ਿਲਮ ਦੇ ਸੈੱਟ ਤੇ ਉਹ ਜਾਂਦੇ ਆਉਂਦੇ ਰਹੇ ਹਨ। ਰੁਪਿੰਦਰ ਗੋਇਲ ਨੇ ਦਵਿੰਦਰ ਦੀਪ ਕਾਲਾ ਦੇ ਫ਼ਿਲਮਾਂ ਦੇ ਕੈਰੀਅਰ ਲਈ ਆਪਣਾ ਯੋਗਦਾਨ ਦਿੱਤਾ ਹੈ। "ਜੱਟ ਜਿਉਣਾ ਮੌੜ" ਤੇ ਸਹੀ ਰੀਵਿਊ ਤੇ "ਆਪਾਂ ਫਿਰ ਮਿਲਾਂਗੇ" ਫ਼ਿਲਮ ਲਈ ਰੁਪਿੰਦਰ ਗੋਇਲ ਨੇ ਕੰਮ ਕੀਤਾ । ਆਮ ਦੋਸਤਾਂ ਵਿੱਚ ਕਾਕਾ ਨਾਮ ਨਾਲ ਜਾਣੇ ਜਾਂਦੇ ਕਾਕਾ ਉਰਫ ਰੁਪਿੰਦਰ ਗੋਇਲ ਨੇ ਕਿਹਾ ਕਿ ਕਨੇਡਾ ਵਿਖੇ ਬੇਸ਼ਕ ਜ਼ਿੰਦਗੀ ਬਹੁਤ ਤੇਜ਼ ਚਲਦੀ ਹੈਂ ਫਿਰ ਵੀ ਪੰਜਾਬੀ ਆਪਣੀ ਬੋਲੀ ਦੀਆਂ ਫ਼ਿਲਮਜ਼ ਤੇ ਸੰਗੀਤ ਨਾਲ ਮੋਹ ਕਰਦੇ ਹਨ। ਰੁਪਿੰਦਰ ਗੋਇਲ ਆ ਰਹੇ ਸਮੇਂ ਵਿੱਚ ਵੱਡੀ ਫ਼ਿਲਮ ਦਾ ਨਿਰਮਾਣ ਕਰਨਗੇ ਤੇ ਹਨਾਂ ਦੀ ਇਹ ਫ਼ਿਲਮ ਕਨੇਡੀਅਨ ਪੰਜਾਬੀ ਲੋਕਾਂ ਦੇ ਜਨ ਜੀਵਨ ਤੇ ਅਧਾਰਿਤ ਹੋਏਗੀ।



### ਚੰਨ ਭੱਟੀ ਨੇ ਬੰਨੀ ਸ਼ਰਮਾ ਤੇ ਨਮਤਾਜ ਖਾਨ ਨਾਲ ਦੇਖਿਆ "ਤੇਰਾ ਸ਼ਹਿਰ"

ਭੱਟੀ ਬ੍ਰਦਰਜ਼ ਤੇਜ਼ੀ ਨਾਲ ਪੰਜਾਬੀ ਗਾਇਕੀ ਵਿੱਚ ਛਾ ਰਹੇ ਹਨ ਤੇ ਚੰਨ ਭੱਟੀ ਹੁਣ ਸਟਾਰ ਗਾਇਕ ਬਣਨ ਲਈ ਟਰੈਕ ਗਾਇਕੀ ਵਿੱਚ ਸਰਗਰਮ ਹੈ ਤਾਂ ਕਿ ਉਹ ਆਪਣੀ ਮੰਜ਼ਿਲ ਤੇ ਜਾਏ। ਅੱਛੀ ਗੱਲ ਕਿ ਆਰ ਜੇ ਬੀਟਸ ਨੇ ਭੱਟੀ ਬ੍ਰਦਰਜ਼ ਨੂੰ ਉਤਸ਼ਾਹ ਦੇਣਾ ਸ਼ੁਰੂ ਕੀਤਾ ਹੈ। ਚੰਨ ਭੱਟੀ ਦਾ ਗੀਤ "ਤੇਰਾ ਸ਼ਹਿਰ " ਖ਼ੂਬ ਚਰਚਿਤ ਹੋਣ ਵਾਲਾ ਹੈ ਤੇ ਬੇਹਤਰੀਨ ਗੱਲ ਕਿ ਵੀਡਿ ਨਿਰਦੇਸ਼ਕ ਨਾਮਤਾਜ ਖਾਨ ਨੇ ਚੰਨ ਭੱਟੀ ਦਾ ਵੀਡਿ ਬਣਾਇਆ ਹੈ ਤੇ ਨਮਤਾਜ ਖਾਨ ਹੁਣ ਬੰਨੀ ਸ਼ਰਮਾ,ਮਨੀਸ਼ ਸ਼ਰਮਾ ਟੀਮ ਨਾਲ ਮਿਲ ਕੰਮ ਕਰ ਰਹੇ ਨੇ ਤੇ "ਤੇਰਾ ਸ਼ਹਿਰ" ਨੇ ਚੰਨ ਭੱਟੀ ਦੀ ਗੱਲ ਬਣਾ ਦਿੱਤੀ ਹੈ।ਖੁਸ਼ੀ ਵਾਲੀ ਗੱਲ ਖੁਸ਼ੀ ਸੈਣੀ ਲਈ ਕਿ ਉਸ ਦੀ ਰੂਪ ਸੱਜਾ ਤੇ ਮਾਡਲਿੰਗ ਚੰਨ ਭੱਟੀ ਨੂੰ ਸਟਾਰ ਬਣਾ ਰਹੀ ਹੈ ਤੇ ਲਾਭ ਖੁਸ਼ੀ ਸੈਣੀ ਨੂੰ ਵੀ ਮਿਲ ਰਿਹਾ ਹੈ।



### ਭਗਵੰਤ ਕੰਗ ਨੇ ਚਮਕਾ ਦਿੱਤੀਆਂ ਮੁਟਿਆਰਾਂ ਬਣਾ ਦਿੱਤੀਆਂ ਫ਼ਿਲਮੀ ਪਰੀਆਂ

ਗੱਲ ਇੱਥੇ ਹੀ ਮੁੱਕ ਜਾਂਦੀ ਤਾਂ ਹੋਰ ਗੱਲ ਸੀ ਪਰ ਪਰ ਗੱਲ ਭਗਵੰਤ ਕੰਗ ਦੀ ਕਰਨੀ ਹੈ ਸਦਕੇ ਜਾਵਾਂ ਇਸ ਨਿਰਦੇਸ਼ਕ ਦੇ ਜਿਸ ਨੇ ਤਿੰਨ ਚਾਰ ਮੁਟਿਆਰਾਂ ਨੂੰ ਗਲੈਮਰ ਵਰਲਡ ਦੀਆਂ ਰਾਣੀਆਂ ਬਣਾ ਦਿੱਤਾ ਸੁ. ਐਂਜਲੀਨਾ ਰਾਜਪੂਤ ਨੂੰ "ਮੁਰਗਾਬੀਆਂ "!ਨਾਲ ਸ਼ਬਾਨਾ ਆਜ਼ਮੀ ਬਣਾ ਦਿੱਤਾ ਹੈ ਜਦ ਕਿ ਪ੍ਰਭਜੋਤ ਰੰਧਾਵਾ ਤਾਂ ਐਡ ਗਰਲ ਬਣ ਗਈ ਹੈ "ਕੈਰਮ ਬੋਰਡ" ਜ਼ਿੰਦਾਬਾਦ। ਕਿਰਨਾ ਖਾਨ ਨੂੰ ਪਲੇ ਬੈਕ ਗਾਇਕ ਬਣਾ ਦਿੱਤਾ ਹੈ। ਗੱਲ ਅਧੂਰੀ ਰਹੂ ਭਗਵੰਤ ਕੰਗ ਬਾਬਤ ਜਿਕਰ ਨਾ ਕਰੀਏ ਜਸਮੀਨ ਕੌਰ ਦਾ ਜਿਸ ਨੂੰ ਵੈੱਬ ਸੀਰੀਜ਼ ਦੀ ਰਸਮਿਕਾ ਮੰਦਾਨਾ ਬਣਾਇਆ ਹੈ। ਅੱਤੀਂ ਉੱਤਮ ਨਿਰਦੇਸ਼ਕ ਕੰਗ, ਬੇਹਤਰੀਨ ਭਗਵੰਤ ਕੰਗ। ਪੰਜਾਬੀ ਵੈੱਬ ਸੀਰੀਜ਼ ਦੇ ਕਿੰਗ ਬਣ ਚੁੱਕੇ ਹਨ ਉਹ ਜੈ ਹੋ।



## "ਰੈੱਡ ਸੂਟ" ਪਾ ਕਿ ਸੁਰੀਲਾ ਗਾ ਕਿ ਮਾਡਲਿੰਗ ਵੀ ਕਰ ਕੇ ਸਟਾਰ ਕਲਾਕਾਰ ਬਣਨ ਵੱਲ ਜੈਸਮੀਨ ਖਾਨ



ਫਗਵਾੜਾ ਦੀ ਜੈਸਮੀਨ ਖਾਨ ਨੂੰ ਰੱਬ ਨੇ ਰੂਪ ਵੀ ਦਿੱਤਾ ਹੈ ਤੇ ਨਾਲ ਗਾਇਕੀ ਦੀ ਕਲਾ ਵੀ ਦਿੱਤੀ ਹੈ ਤੇ ਜੈਸਮੀਨ ਖਾਨ ਦਿਨ ਰਾਤ ਸੰਗੀਤ ਨੂੰ ਇਬਾਦਤ ਮੰਨ ਚਲਦੀ ਪਈ ਹੈ। ਉਹਦਾ ਗੋਲ ਮਟੋਲ ਜਿਹਾ ਚਿਹਰਾ ਭੁਲੇਖਾ ਜੈਸਮੀਨ ਦਾ ਪੈਂਦਾ ਹੈ ਤੇ ਜਦ ਉਹ ਸੁਰ ਨਾਲ ਸਟੇਜ ਤੇ ਆ ਲੋਕਾਂ ਸਨਮੁੱਖ ਹੁੰਦੀ ਹੈ ਤੇ ਨਿਰਸੰਦੇਹ ਲੋਕ ਪੁੱਛਦੇ ਨੇ ਕਿੰਨੀ ਦੀ ਕੁੜੀ ਆ ਬਾਹਲਾ ਮਿੱਠਾ ਗਾ ਰਹੀ ਹੈ ਤੇ ਅੰਦਾਜ਼ ਦਿਲ ਖਿੱਚ ਲੈ ਜਾਂਦੇ ਹਨ। ਜੈਸਮੀਨ ਖਾਨ ਦਰਅਸਲ ਗੁਰਦੀਪ ਸੰਧੂ ਸਟਾਰ ਐਕਟਰ ਨਾਲ ਗਾਇਕ ਸ਼ੰਮੀ ਖਾਨ ਦੇ ਨਵੇਂ ਗੀਤ ਦੇ ਵੀਡਿ ਦੀ ਸ਼ੂਟਿੰਗ ਤੇ ਮਿਲੀ ਸੀ। ਉਸ ਨੇ ਇਸ ਵੀਡਿ ਵਿੱਚ ਮਾਡਲਿੰਗ ਕੀਤੀ ਤਾਂ ਅਸੀਂ ਪੁੱਛਿਆ ਕਿ ਤੁਸੀਂ ਫ਼ਿਲਮ ਲਾਈਨ ਵੱਲ ਹੋ ਤਾਂ ਸ ਕਿਹਾ ਕਿ ਐਕਟਿੰਗ ਤੇ ਮਾਡਲਿੰਗ ਇਹ ਗਾਇਕੀ ਨਾਲ ਹੀ ਰਿਸ਼ਤਾ ਰੱਖਦੇ ਹਨ।ਮੇਰੇ ਚਿਹਰੇ ਮੁਤਾਬਿਕ ਡਾਇਰੈਕਟਰ ਸਾਬ ਨੂੰ ਲੱਗਿਆ ਕਿ ਮੈਂ ਸ਼ੰਮੀ ਖਾਨ ਦੇ ਗੀਤ ਵਿੱਚ ਕੰਮ ਕਰਾਂ। ਵੈਸੇ ਮੈਂ ਗਾਇਕਾ ਹਾਂ ਤੇ ਸਟਾਰ ਗਾਇਕਾ ਬਣ ਕਿ ਨਾਇਕਾ ਬਣ ਸਕਦੀ ਹਾਂ, ਕੋਸਿਸ਼ ਤੇ ਮਿਹਨਤ ਜ਼ਾਰੀ ਹੈ। ਜੈਸਮੀਨ ਖਾਨ ਨੇ "ਰੈੱਡ ਸੂਟ" ਗੀਤ ਵਿੱਚ ਸ਼ੰਟੀ ਸਿੱਧੂ ਦਾ ਸਾਥ ਦਿੱਤਾ ਤੇ ਇਹ ਗੀਤ ਅੱਜ ਕਲ ਖ਼ੂਬ ਚਲ ਰਿਹਾ ਹੈ ਤੇ ਸਾਰੇ ਜੈਸਮੀਨ ਖਾਨ ਨੂੰ ਦੂਜੀ ਪੂਜਾ ਆਖਣ ਲੱਗ ਪਏ ਹਨ। ਸ ਕਿਹਾ ਕਿ ਸ਼ੰਟੀ ਸਿੱਧੂ ਨੇ ਕਿਹਾ ਕਿ ਉਸ ਨੇ ਇੰਟਰਨੈੱਟ ਤੇ ਉਸ ਨੂੰ ਸੁਣ ਫੈਸਲਾ ਕੀਤਾ ਕਿ ਸ ਨਾਲ "ਰੈੱਡ ਸੂਟ" ਉਹੀ ਪਾਏਗੀ ਯਾਨੀ ਜੈਸਮੀਨ ਹੀ ਗਾਏਗੀ।ਚਮਕੀਲੀਆਂ ਅੱਖਾਂ ਵਿੱਚ ਕਾਮਯਾਬੀ ਦੇ ਡੋਰੇ ਉਹ ਦਿਖਾ ਰਹੀ ਹੈ ਤੇ ਗਲਾ ਉਸ ਦਾ ਖੰਡ ਮਿਸ਼ਰੀ ਬਣ ਸਰੋਤਿਆਂ ਦੀ ਮਨੋਰੰਜਨ ਪਿਆਸ ਬੁਝਾ ਰਿਹਾ ਹਾ।ਬੱਬੂ ਚੌਹਾਨ ਨਾਲ ਉਸ ਦਾ ਦੋਗਾਣਾ "ਪਟਿਆਲਾ ਪੈੱਗ" ਵੀ ਚਰਚਿਤ ਹੋਇਆ ਹੈ। ਜੈਸਮੀਨ ਖਾਨ ਲੇਵਿਟਾਤਿੰਗ ਗੀਤ ਨਾਲ ਅੱਗੇ ਵਧਦੀ ਹੁਣ ਵੀਡਿ , ਸੰਗੀਤ ਤੇ ਫ਼ਿਲਮਾਂ ਦੀ ਕਤਾਰ ਵੱਲ ਚਲ ਪਈ ਹੈ। ਉਹ ਆਖਦੀ ਹੈ ਕਿ ਗੀਤ "ਕਲੋਜ" ਨਾਲ ਉਹ ਲੋਕਾਂ ਵਿੱਚ ਕਾਫੀ ਨਾਮ ਬਣਾਉਣ ਵਿੱਚ ਸਫਲ ਰਹੀ ਹੈ ਤੇ ਫਿਰ "ਗੇਮ ਬੁਆਏ" ਗਾਣੇ ਦੀ ਬਦੌਲਤ ਉਸ ਦਾ ਨਾਮ ਪੰਜਾਬੀ ਗਾਇਕੀ ਵਿੱਚ ਕਾਫੀ ਬਣਿਆ ਹੈ। ਗਾਇਕੀ ਵਿੱਚ ਉਹ ਨੁਸਰਤ ਫ਼ਤਹਿ ਅਲੀ ਖ਼ਾਨ ਸਾਬ ਨੂੰ ਬਚਪਨ ਤੋਂ ਸੁਣ ਅਹਿਸਾਸ ਕਰਵਾ ਰਹੀ ਹੈ ਕਿ ਹ ਕਲਾਸਿਕ ਸੰਗੀਤ, ਗਾਇਕੀ ਨਾਲ ਸੁਰਤਾਲ ਵਾਲੀ ਗਾਇਕਾ ਬਣ ਪੰਜਾਬੀ ਨਾਰੀ ਗਾਇਕੀ ਵਿੱਚ ਸੁਰਿੰਦਰ ਕੌਰ, ਅਮਰ ਨੂਰੀ, ਕੌਰ ਬੀ ਤੇ ਨਿਮਰਤ ਖੈਹਰਾ ਦੀ ਤਰਾਂ ਲੋਕ ਪ੍ਰਿਅ ਸਟਾਰ ਬਣਨ ਦੇ ਸੁਪਨੇ ਪੂਰੇ ਕਰੇਗੀ ਤੇ ਫ਼ਿਲਮਾਂ ਲਈ ਪਲੇ ਬੈਕ ਕਰੇਗੀ। ਅੱਛੇ ਬੈਨਰ ਤੇ ਚੰਗੇ ਲੋਕਾਂ ਨਾਲ ਫ਼ਿਲਮ ਕਰੇਗੀ। ਇਹ ਸਾਰੇ ਰਾਹ ਉਸ ਦੇ ਪਿਤਾ ਤੇ ਨਾਨਾ ਜੀ ਵੱਲੋਂ ਸੰਗੀਤ ਖੇਤਰ ਵਿੱਚ ਸਰਗਰਮੀ ਨੂੰ ਉਸ ਰਾਹੀਂ ਮੰਜ਼ਿਲ ਤੇ ਲਿਜਾਣ ਵੱਲ ਸਹਾਈ ਹੋਣਗੇ ਤੇ ਦੋ ਸਾਲ ਤੱਕ ਸਾਰੇ ਪਾਸੇ ਜੈਸਮੀਨ ਜੈਸਮੀਨ ਬਿਲਕੁਲ ਅਫਸਾਨਾ ਖਾਨ, ਪ੍ਰਾਂਜਲ ਦਹਿਆ, ਗੁਰਲੇਜ਼ ਅਖ਼ਤਰ, ਸੁਦੇਸ਼ ਕੁਮਾਰੀ ਦੀ ਤਰਾਂ ਹੋਏ ਉਹ ਤੇ ਉਸ ਦੇ ਪ੍ਰਸੰਸਕ ਇਹੀ ਚਾਹੁੰਦੇ ਹਨ। ਦੁਆਵਾਂ ਸੱਤੇ ਖੈਰਾਂ ਹੋਵਣ ਆਫ਼ਰੀਨ।

**ਪੇਸ਼ਕਸ਼ –ਅੰਮ੍ਰਿਤ ਪਵਾਰ**

## ਖੇਲੋ ਇੰਡੀਆ ਪੈਰਾ ਗੇਮਜ਼ 2025 ਦਿੱਲੀ ਵਿਚ ਹੁਣ ਤੱਕ 11 ਖਿਡਾਰੀਆਂ ਨੇ ਮੈਡਲ ਜਿੱਤ ਕੇ ਪੰਜਾਬ ਦੀ ਝੋਲੀ ਪਾਏ

**ਜੈਤੋ (ਧੀਰ)** ਖੇਲੋ ਇੰਡੀਆ ਪੈਰਾ ਗੇਮਜ਼ 2025 ਪੰਜਾਬ ਟੀਮ ਦੇ ਨੋਡਲ ਅਫਸਰ ਜਸਪ੍ਰੀਤ ਸਿੰਘ ਧਾਲੀਵਾਲ ਅਤੇ ਮੈਨੇਜਰ ਕਮ ਮੀਡੀਆ ਇੰਚਾਰਜ ਪ੍ਰਮੋਦ ਧੀਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਖੇਲੋ ਇੰਡੀਆ ਪੈਰਾ ਗੇਮਜ਼ 2025 ਦਿੱਲੀ ਵਿਖੇ ਸਫਲਤਾ ਪੂਰਵਕ ਚੱਲ ਰਹੀਆਂ ਹਨ। ਜਿਸ ਵਿਚ ਪੰਜਾਬ ਦੇ ਪੈਰਾ ਖਿਡਾਰੀਆਂ ਨੇ ਹੁਣ ਤੱਕ 11 ਮੈਡਲ ਜਿੱਤ ਕੇ ਪੰਜਾਬ ਦੀ ਝੋਲੀ ਪਾਏ ਹਨ ਉਮੀਦ ਹੈ ਆਉਣ ਵਾਲੇ ਦੋ ਦਿਨਾਂ ਵਿਚ ਹੋਰ ਵੀ ਮੈਡਲ ਆਉਣਗੇ। ਪੰਜਾਬ ਦੇ ਜੇਤੂ ਪੈਰਾ ਖਿਡਾਰੀਆਂ ਨੇ ਹੁਣ ਤੱਕ 6 ਗੋਲਡ,1 ਸਿਲਵਰ ਅਤੇ 4 ਤਾਂਬੇ ਦੇ ਮੈਡਲ ਜਿੱਤੇ।

1 ਗੋਲਡ ਮੈਡਲ ਵਿਵੇਕ ਸ਼ਰਮਾ ਨੇ 100 ਮੀਟਰ ਰੇਸ ਵਿਚੋਂ ਜਿੱਤਿਆ, 1 ਗੋਲਡ 200 ਮੀਟਰ, 1 ਸਿਲਵਰ 400 ਮੀ, 1 ਤਾਂਬੇ ਦੇ ਮੈਡਲ 100 ਮੀ ਨਿਸ਼ੂ ਨੇ ਜਿੱਤੇ, ਨਿਸ਼ੂ ਦੁਆਰਾ ਇਕੱਲਿਆਂ ਤਿੰਨ ਮੈਡਲ ਜਿੱਤਣ ਤੇ ਪੰਜਾਬ ਪੁੱਜਣ ਤੇ ਪੰਜਾਬੀ ਯੂਨਿਵਰਸਿਟੀ ਪਟਿਆਲਾ ਵਿਖੇ ਕੋਚਾਂ, ਪ੍ਰੋਫ਼ੈਸਰਾਂ ਅਤੇ ਹੋਰ ਅਧਿਕ-ਾਰੀਆਂ ਤੇ ਦੋਸਤਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ।

1 ਤਾਂਬੇ ਦਾ ਮੈਡਲ ਅਨੰਨਿਆ ਬਾਂਸਲ ਨੇ ਪੈਰਾ ਸ਼ੋਟਪੁੱਟ ਵਿੱਚੋਂ ਜਿੱਤਿਆ। 1 ਗੋਲਡ ਮੈਡਲ ਪਰਮਜੀਤ ਕੁਮਾਰ ਨੇ ਪੈਰਾ ਪਾਵਰ ਲਿਫਟਿੰਗ ਵਿਚੋਂ ਜਿੱਤਿਆ। 1 ਗੋਲਡ ਮੈਡਲ ਜਸਪ੍ਰੀਤ ਕੌਰ ਬਠਿੰਡਾ ਨੇ ਪੈਰਾ ਪਾਵਰ ਲਿਫਟਿੰਗ ਵਿੱਚੋਂ ਨੈਸ਼ਨਲ ਰਿਕ-ਾਰਡ ਬਣਾ ਕੇ ਜਿੱਤਿਆ। ਜਿਸ ਪੋਸਟ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਜੀ ਨੇ ਆਪਣੇ ਸੋਸ਼ਲ ਮੀਡੀਆ ਤੇ ਪਾਕੇ ਕੇ ਵਧਾਈਆਂ ਦਿੱਤੀਆਂ। 1 ਗੋਲਡ ਮੈਡਲ ਸੀਮਾ ਰਾਣੀ ਨੇ ਪੈਰਾ ਪਾਵਰ ਲਿਫਟਿੰਗ ਵਿੱਚੋਂ ਨੈਸ਼ਨਲ ਰਿਕ-ਾਰਡ ਬਣਾ ਕੇ ਜਿੱਤਿਆ। 1 ਤਾਂਬੇ ਦਾ ਮੈਡਲ ਹਰਜਿੰਦਰ ਸਿੰਘ ਸਮਾਲਸਰ ਸ਼ੋਟਪੁੱਟ ਵਿੱਚੋਂ ਜਿੱਤਿਆ ਜਿਸਦਾ ਪਿੰਡ ਪਹੁੰਚਣ ਤੇ ਪਿੰਡ ਦੀ ਪੰਚਾਇਤ ਤੇ ਪਿੰਡ ਵਾਸੀਆਂ ਨੇ ਨਿੱਘਾ ਸਵਾਗਤ ਕੀਤਾ। 1 ਗੋਲਡ ਮੈਡਲ ਪਲਕ ਕੋਹਲੀ ਨੇ ਪੈਰਾ ਬੈਡ-ਮਿੰਟਨ ਵਿਚੋਂ ਜਿੱਤਿਆ, 1 ਤਾਂਬੇ ਦਾ ਮੈਡਲ ਸ਼ਬਾਨਾ ਨੇ ਪੈਰਾ ਬੈਡਮਿੰਟਨ ਵਿੱਚੋਂ ਜਿੱਤਿਆ।



ਖੇਲੋ ਇੰਡੀਆ ਪੈਰਾ ਗੇਮਜ਼ ਪੰਜਾਬ ਟੀਮ ਦੇ ਸੀ ਡੀ ਐਮ ਰੁਪੇਸ਼ ਕੁਮਾਰ ਨੇ ਦੱਸਿਆ ਕਿ ਨਿਊ ਦਿੱਲੀ ਵਿਖੇ 20 ਮਾਰਚ ਤੋਂ ਲੈ ਕੇ 27 ਮਾਰਚ ਤੱਕ ਚੱਲ ਰਹੀਆਂ ਪੈਰਾ ਖੇਡਾਂ ਵਿੱਚ ਛੇ ਪੈਰਾ ਖੇਡਾਂ ਪੈਰਾ ਬਿਡਮਿੰਟਨ ਪੈਰਾ ਪਾਵਰ ਲਿਫਟਿੰਗ ਪੈਰਾਸ਼ੂਟਿੰਗ ਪੈਰਾ ਆਰਚਰੀ ਪੈਰਾ ਅਥਲੈਟਿਕਸ ਅਤੇ ਪੈਰਾ ਟੇਬਲ ਟੈਨਿਸ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ ਜਿਸ ਵਿਚ ਪੰਜਾਬ ਦੇ ਲਗਭਗ 40 ਖਿਡਾਰੀ ਹਿੱਸਾ ਲੈ ਰਹੇ ਹਨ। ਪੀਸੀਆਈ ਦੇ ਐਗਜੀਕਿਊਟਿਵ ਮੈਂਬਰ ਸ਼ਮਿੰਦਰ ਸਿੰਘ ਢਿੱਲੋ ਨੇ ਦੱਸਿਆ ਕਿ ਪੂਰੇ ਭਾਰਤ ਵਿੱਚੋਂ ਤਿੰਨ ਹਜ਼ਾਰ ਤੋਂ ਵੱਧ ਖਿਡਾਰੀ ਇੰਨਾ ਖੇਡਾਂ ਵਿੱਚ ਹਿੱਸਾ ਲੈਣ ਲਈ ਪਹੁੰਚ ਹੋਏ ਹਨ। ਪੰਜਾਬ ਖੇਡ ਵਿਭਾਗ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਜੀ ਨੇ ਵੀ ਪੰਜਾਬ ਦੇ ਜੇਤੂ ਖਿਡਾਰੀਆਂ ਨੂੰ ਮੁਬਾਰਕਾਂ ਦਿੱਤੀਆਂ। ਪੰਜਾਬ ਸਪੋਰਟਸ ਐਸੋਸੀਏਸ਼ਨ ਵੱਲੋਂ ਪੰਜਾਬ ਸਰਕਾਰ ਅਤੇ ਖੇਡ ਵਿਭਾਗ ਪੰਜਾਬ ਵਲੋਂ ਪੈਰਾ ਖਿਡਾਰੀਆਂ ਲਈ ਨਵੀਂ ਨੀਤੀ ਬਣਾਉਣ ਲਈ ਅਤੇ ਜੇਤੂ ਖਿਡਾਰੀਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਜੀ ਵੱਲੋਂ 27 ਮਾਰਚ ਨੂੰ ਚੰਡੀਗੜ੍ਹ ਵਿਖੇ ਬੁਲਾ ਕੇ ਨਕਦ ਇਨਾਮ ਦੇਣ ਦਾ ਵਾਧਾ ਕਰਨ ਲਈ ਧੰਨਵਾਦ ਕੀਤਾ।




# 77 ਸਾਲ ਦੇ ਦਿੱਗਜ ਅਦਾਕਾਰ ਰਾਕੇਸ਼ ਪਾਂਡੇ ਦਾ ਦਿਲ ਦਾ ਦੌਰਾ ਪੈਣ ਨਾਲ ਦਿਹਾਂਤ



ਮਸ਼ਹੂਰ ਭੋਜਪੁਰੀ ਅਤੇ ਹਿੰਦੀ ਫ਼ਿਲਮ ਅਦਾਕਾਰ ਰਾਕੇਸ਼ ਪਾਂਡੇ ਦਾ ਦੇਹਾਂਤ ਹੋ ਗਿਆ। ਅਦਾਕਾਰ ਨੇ ਮੁੰਬਈ ਦੇ ਜੁਹੂ ਸਥਿਤ ਅਰੋਗਿਆ ਨਿਧੀ ਹਸਪਤਾਲ ਵਿੱਚ ਆਖਰੀ ਸਾਹ ਲਿਆ। ਭੋਜਪੁਰੀ ਅਤੇ ਹਿੰਦੀ ਫਿਲਮਾਂ ਲਈ ਮਸ਼ਹੂਰ ਦਿੱਗਜ ਅਦਾਕਾਰ ਰਾਕੇਸ਼ ਪਾਂਡੇ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੂੰ ਆਈਸੀਯੂ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿੱਥੇ ਦਿਲ ਦਾ ਦੌਰਾ ਪੈਣ ਕਾਰਨ ਨੀਂਦ ਵਿੱਚ ਮੌਤ ਹੋ ਗਈ। ਰਾਕੇਸ਼ ਪਾਂਡੇ ਦਾ ਮਨੋਰੰਜਨ ਉਦਯੋਗ ਵਿੱਚ ਸਫ਼ਰ ਬਾਸੂ ਚੈਟਰਜੀ ਦੀ ਫਿਲਮ ਸਾਰਾ ਆਕਾਸ਼ (1969) ਨਾਲ ਸ਼ੁਰੂ ਹੋਇਆ, ਇੱਕ ਅਜਿਹੀ ਫਿਲਮ ਜਿਸਨੇ ਉਸਨੂੰ ਨਾ ਸਿਰਫ਼ ਇੱਕ ਹੋਣਹਾਰ ਅਦਾਕਾਰ ਵਜੋਂ ਪੇਸ਼ ਕੀਤਾ ਬਲਕਿ ਉਸਨੂੰ ਵੱਕਾਰੀ ਰਾਸ਼ਟਰਪਤੀ ਪੁਰਸਕਾਰ ਵੀ ਦਿਵਾਇਆ। ਫਿਲਮਾਂ ਵਿੱਚ ਆਪਣੀ ਪਛਾਣ ਬਣਾਉਣ ਤੋਂ ਪਹਿਲਾਂ, ਉਹ ਥੀਏਟਰ ਨਾਲ ਜੁੜੇ ਹੋਏ ਸਨ ਅਤੇ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ਼ ਇੰਡੀਆ (ਂਠੀ) ਪੁਣੇ ਅਤੇ ਬਾਅਦ ਵਿੱਚ ਭਾਰਤੇਂਦੂ ਅਕੈਡਮੀ ਆਫ਼ ਡਰਾਮੈਟਿਕ ਆਰਟਸ ਤੋਂ ਸਿਖਲਾਈ ਪ੍ਰਾਪਤ ਕੀਤੀ।ਰਾਕੇਸ਼ ਪਾਂਡੇ ਆਖਰੀ ਵਾਰ 2023 ਵਿੱਚ ਰਿਲੀਜ਼ ਹੋਈ ਫਿਲਮ 'ਦਿ ਰਾਈਜ਼ ਆਫ ਸੁਦਰਸ਼ਨ ਚੱਕਰ' ਵਿੱਚ ਨਜ਼ਰ ਆਏ ਸਨ। ਉਹ ਇੰਡੀਅਨ, ਦਿਲ ਚਾਹਤਾ ਹੈ, ਬੇਟਾ ਹੋ ਤੋ ਐਸਾ, ਚੈਂਪੀਅਨ, ਬੇਟਾ ਹੋ ਤੋ ਐਸਾ, ਅਮਰ ਪ੍ਰੇਮ, ਹਿਮਾਲੇ ਸੇ ਊਚਾ ਅਤੇ ਹੋਰ ਬਹੁਤ ਸਾਰੀਆਂ ਬਾਲੀਵੁੱਡ ਫਿਲਮਾਂ ਦਾ ਹਿੱਸਾ ਰਹਿ ਚੁੱਕੇ ਹਨ। ਉਨ੍ਹਾਂ ਦੇ ਪਰਿਵਾਰ ਵਿੱਚ ਉਨ੍ਹਾਂ ਦੀ ਪਤਨੀ, ਧੀ ਜਸਮੀਤ ਅਤੇ ਇੱਕ ਪੋਤੀ ਹੈ।

## ਆਥੀਆ ਸ਼ੈੱਟੀ -ਕੇਐੈਲ ਰਾਹੁਲ ਬਣੇ ਧੀ ਦੇ ਮਾਪੇ ਸੋਸ਼ਲ ਮੀਡੀਆ 'ਤੇ ਦਿੱਤੀ ਜਾਣਕਾਰੀ

ਬਾਲੀਵੁੱਡ ਅਦਾਕਾਰਾ ਆਥੀਆ ਸ਼ੈੱਟੀ ਦੇ ਘਰ ਇੱਕ ਛੋਟੀ ਜਿਹੀ ਫਰਿਸ਼ਤੇ ਨੇ ਜਨਮ ਲਿਆ ਹੈ। ਆਥੀਆ ਨੇ ਆਪਣੀ ਧੀ ਦੇ ਆਉਣ ਦੀ ਖੁਸ਼ੀ ਆਪਣੇ ਪ੍ਰਸ਼ੰਸਕਾਂ ਨਾਲ ਸਾਂਝੀ ਕੀਤੀ। ਉਸਨੇ ਇਹ ਖ਼ਬਰ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ, ਜਿਸ ਤੋਂ ਬਾਅਦ ਉਸਦੇ ਪ੍ਰਸ਼ੰਸਕਾਂ ਵਿਚ ਉਤਸ਼ਾਹ ਦੀ ਲਹਿਰ ਫੈਲ ਗਈ। ਆਥੀਆ ਨੇ ਆਪਣੇ ਸੋਸ਼ਲ



ਮੀਡੀਆ ਹੈਂਡਲ 'ਤੇ ਇੱਕ ਛੋਟੇ ਅਤੇ ਭਾਵੁਕ ਸੰਦੇਸ਼ ਰਾਹੀਂ ਘਰ ਦੇ ਨਵੇਂ ਮੈਂਬਰ ਦੇ ਆਉਣ ਦੀ ਜਾਣਕਾਰੀ ਦਿੱਤੀ। ਉਸਦੀ ਘੋਸ਼ਣਾ ਤੋਂ ਬਾਅਦ, ਇੰਡਸਟਰੀ ਦੇ ਪ੍ਰਸ਼ੰਸਕਾਂ ਅਤੇ ਦੋਸਤਾਂ ਨੇ ਉਸਨੂੰ ਵਧਾਈਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਹ ਉਸਦੇ ਅਤੇ ਉਸਦੇ ਪਤੀ ਕੇਐੈਲ ਰਾਹੁਲ ਲਈ ਬਹੁਤ ਖਾਸ ਪਲ ਹੈ। ਆਥੀਆ ਸ਼ੈੱਟੀ ਅਤੇ ਕੇਐੈਲ ਰਾਹੁਲ ਦੀ ਪ੍ਰੇਮ ਕਹਾਣੀ ਕਾਫ਼ੀ ਦਿਲਚਸਪ ਹੈ। ਦੋਵਾਂ ਦੀ ਮੁਲਾਕਾਤ ਇੱਕ ਸਾਂਝੇ ਦੋਸਤ ਰਾਹੀਂ ਹੋਈ ਸੀ। ਇਸ ਤੋਂ ਬਾਅਦ ਉਨ੍ਹਾਂ ਦੀ ਦੋਸਤੀ ਹੌਲੀ-ਹੌਲੀ ਪਿਆਰ ਵਿੱਚ ਬਦਲ ਗਈ। ਲੰਬੇ ਸਮੇਂ ਤੱਕ ਡੇਟਿੰਗ ਕਰਨ ਤੋਂ ਬਾਅਦ, ਆਥੀਆ ਅਤੇ ਰਾਹੁਲ ਨੇ 23 ਜਨਵਰੀ 2023 ਨੂੰ ਖੰਡਾਲਾ ਸਥਿਤ ਸੁਨੀਲ ਸ਼ੈੱਟੀ ਦੇ ਫਾਰਮ ਹਾਊਸ ਵਿੱਚ ਵਿਆਹ ਕਰਵਾ ਲਿਆ। ਆਥੀਆ ਸ਼ੈੱਟੀ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਸਲਮਾਨ ਖਾਨ ਦੇ ਪ੍ਰੋਡਕਸ਼ਨ ਹਾਊਸ ਦੀ ਫਿਲਮ 'ਹੀਰੋ' ਨਾਲ ਕੀਤੀ ਸੀ। ਇਸ ਫਿਲਮ ਵਿੱਚ ਉਨ੍ਹਾਂ ਨਾਲ ਸੂਰਜ ਪੰਚੋਲੀ ਮੁੱਖ ਭੂਮਿਕਾ ਵਿੱਚ ਸਨ। ਇਸ ਤੋਂ ਬਾਅਦ, ਉਸਨੇ ਅਨਿਲ ਕਪੂਰ ਅਤੇ ਅਰਜੁਨ ਕਪੂਰ ਨਾਲ ਸਾਲ 2017 ਵਿੱਚ 'ਮੁਬਾਰਕਾਂ' ਵਿੱਚ ਕੰਮ ਕੀਤਾ।

## ਦ੍ਰਿਸ਼ਟੀ-ਨਿਰਦੇ ਮਨੋਜ ਪ੍ਰਕਾਸ਼ਰਾਜਾ ਦਾ ਦਿਹਾਂਤ



ਨਿਸ਼ਾਨ ਦੇ ਨਿਸ਼ਾਨ ਦੇ ਦਿਨਿਰਦੇ ਇਸ਼ਕ ਮਨੋਜ ਤਰਾਜਾ ਦਾਹੰਤ ਹੋ ਗਿਆ। ਅੰਦਰੂਨੀ ਦੇ ਦੇਹਾਂਤ ਦੀ ਖ਼ਬਰ ਨੇ ਸਾਊਥ ਸਾਊਥ 'ਚ ਸੋਗ ਦੀ ਚੋਣ ਫੈਲਾਉਂਦਾ ਹੈ। ਕਈ ਤਾਰਿਆਂ ਨੇ ਵੀ ਸਥਿਤੀ ਨੂੰ ਸਿੰਜਲੀ ਹੈ। ਮਨੋਜ ਰਾਜਰਾਜਾ ਨੇਤਪੇਟ, ਚੇਨਈ ਕਟ ਆਪਣੇ ਨਿਵਾਸ ਸਥਾਨ 'ਤੇ ਅੰਤ ਸਾਹ ਲਿਆ। ਖ਼ਬਰਾਂ, ਜਾਣਕਾਰੀ ਦੀ ਕੁਝ ਸਮਾਂ ਬੀਤੀ ਬਾਬਸ ਪਾਸ ਹੋਈ ਸੀ। ਮਨੋਜ ਰਾਜਰਾਜਾ ਦੇ ਸਵਾਲਾਂ ਦੇ ਦਿਹਾਂਤ ਦੇ ਪ੍ਰਸ਼ੰਸਕਾਂ ਅਤੇ ਸਹਿ-ਕੌਮਾਂ ਦੇ ਪ੍ਰਸਤਾਵ ਨੂੰ ਸਦਮੇ 'ਚ ਸ਼ਾਮਲ ਕੀਤਾ ਗਿਆ ਹੈ। ਥਾਣੀਤਰਾਜਾ ਦੇ ਸਨ। ਪਰਿਵਾਰ ਦੇ ਪਰਿਵਾਰ 'ਚੰਤਰ ਦੀ ਖੁਸ਼ੀ ਨੰਦਨਾ ਅਤੇ 2 ਧਿਆਣੀਆਂ ਅਤੇ ਮਥੀਵਥਨੀ ਹਨ। ਹੋਮ ਮਨੋਟ। ਇ। ਸਟਾਲਿਨੀ ਨੇ ਵੀ ਆਪਣਾ ਐਕਸੈਂਕ ਖਾਤਾ ਖਾਤਾ 'ਤੇ ਮਰਹੂਮ ਨਿਸ਼ਾਨ-ਨਿਰਦੇ ਇਸ਼ਾ ਦੇ ਦਿਹਾਂਤ 'ਤੇ ਸੋਗ ਪ੍ਰਸਾਰਿਤ ਕੀਤਾ ਹੈ। ਮਨੋਜ ਦੀ ਘਟਨਾ ਦੀ ਘਟਨਾ ਸਥਾਨ ਅਤੇ ਸਥਾਨ ਦੇ ਪ੍ਰਸ਼ੰਸਕਾਂ ਲਈ ਇੱਕ ਵਾਰ ਝਟਕਾ ਹੈ। ਘਰ ਹਸਤੀ ਤੋਂ ਲੈ ਕੇ ਰਾਜਨੀਤਿਕ ਹਸਤੀਆਂ, ਤੱਕ ਬਾਗਾਂ ਦੇ ਦਿਹਾਂਤ 'ਤੇ ਦੁੱਖ ਲਾਭਦਾਇਕ ਹਨ।

## ਵਾਲ-ਵਾਲ ਬਚੀ ਸੋਨੂੰ ਸੂਦ ਦੀ ਪਤਨੀ ਸੋਨਾਲੀ, ਹੋਇਆ ਹਾਦਸਾ



ਬਾਲੀਵੁੱਡ ਅਦਾਕਾਰ ਸੋਨੂੰ ਸੂਦ ਦੀ ਪਤਨੀ ਤੇ ਕੁਝ ਪਰਿਵਾਰਕ ਮੈਂਬਰ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ ਹਨ। ਇਹ ਘਟਨਾ ਦੇਰ ਰਾਤ ਵਾਪਰੀ ਦੱਸੀ ਜਾ ਰਹੀ ਹੈ ।ਜਾਣਕਾਰੀ ਅਨੁਸਾਰ ਇਹ ਹਾਦਸਾ ਮੁੰਬਈ ਨਾਗਪੁਰ ਹਾਈਵੇਅ ਨੇੜੇ ਵਾਪਰਿਆ। ਹਾਦਸੇ ਦੀ ਜਾਣਕਾਰੀ ਮਿਲਦੇ ਹੀ ਸੋਨੂੰ ਸੂਦ ਨਾਗਪੁਰ ਲਈ ਰਵਾਨਾ ਹੋ ਗਿਆ। ਅਦਾਕਾਰ ਦੀ ਪਤਨੀ ਦੀ ਕਾਰ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਹਨ। ਕਾਰ ਦੀ ਫੋਟੋ ਦੇਖ ਕੇ ਲੱਗਦਾ ਹੈ ਕਿ ਹਾਦਸਾ ਬਹੁਤ ਤੇਜ਼ ਰਫ਼ਤਾਰ ਨਾਲ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਕਾਰ ਵਿੱਚ ਮੌਜੂਦ ਸੋਨੂੰ ਸੂਦ ਦੀ ਪਤਨੀ ਤੇ ਭਤੀਜੇ ਨੂੰ ਵੀ ਮਾਮੂਲੀ ਸੱਟਾਂ ਲੱਗੀਆਂ ਹਨ। ਇਸ ਸਮੇਂ ਉਸ ਦੀ ਪਤਨੀ ਸੋਨਾਲੀ ਤੇ ਉਸ ਦਾ ਭਤੀਜੇ ਨੂੰ ਨਿਗਰਾਨੀ ਹੇਠ ਰੱਖਿਆ ਗਿਆ ਹੈ। ਹਾਲਾਂਕਿ ਅਜੇ ਤੱਕ ਕਿਸੇ ਵੀ ਪਰਿਵਾਰਕ ਮੈਂਬਰ ਵੱਲੋਂ ਕੋਈ ਬਿਆਨ ਨਹੀਂ ਆਇਆ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਸੁਨੀਤਾ ਵਿਲੀਅਮਜ਼ ਦੀ ਵਾਪਸੀ 'ਤੇ ਖ਼ੁਸ਼ ਹੋਏ ਬਾਲੀਵੁੱਡ ਸਿਤਾਰੇ, ਮਨਾਇਆ ਜਸ਼ਨ



ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਬੁੱਚ ਵਿਲਮੋਰ ਧਰਤੀ 'ਤੇ ਵਾਪਸ ਆ ਗਏ ਹਨ। ਫਿਲਮੀ ਸਿਤਾਰੇ ਇਹ ਖ਼ਬਰ ਸੁਣ ਕੇ ਖਾਸ ਤੌਰ 'ਤੇ ਉਤਸ਼ਾਹਿਤ ਦਿਖਾਈ ਦਿੱਤੇ। ਮਨੋਜ ਮੁੰਤਸ਼ੀਰ, ਕਰਿਸ਼ਮਾ ਕਪੂਰ, ਕ੍ਰਿਤੀ ਖਰਬੰਦਾ ਅਤੇ ਹੋਰ ਕਲਾਕਾਰਾਂ ਨੇ ਸੋਸ਼ਲ ਮੀਡੀਆ 'ਤੇ ਪੋਸਟਾਂ ਸ਼ੇਅਰ ਕਰਕੇ ਆਪਣੀ ਖੁਸ਼ੀ ਜ਼ਾਹਿਰ ਕੀਤੀ। ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਦੇ ਧਰਤੀ 'ਤੇ ਵਾਪਸ ਆਉਂਦੇ ਹੀ ਬਾਲੀਵੁੱਡ ਸਿਤਾਰੇ ਬਹੁਤ ਖੁਸ਼ ਹੋ ਗਏ। ਸੁਨੀਤਾ ਵਿਲੀਅਮਜ਼ ਦੇ ਸਵਾਗਤ ਦੀ ਵੀਡੀ ਇੰਸਟਾਗ੍ਰਾਮ 'ਤੇ ਸਾਂਝੀ ਕਰਦੇ ਹੋਏ, ਗੀਤਕਾਰ ਅਤੇ ਪਟਕਥਾ ਲੇਖਕ ਮਨੋਜ ਮੁੰਤਸ਼ੀਰ ਨੇ ਆਪਣੀਆਂ ਭਾਵਨਾਵਾਂ ਜ਼ਾਹਰ ਕੀਤੀਆਂ।

ਸ਼ਬਦਾਂ ਦੇ ਧਨੀ ਮਨੋਜ ਮੁੰਤਸ਼ੀਰ ਨੇ ਆਪਣੇ ਕਾਵਿਕ ਅੰਦਾਜ਼ ਵਿੱਚ ਲਿਖਿਆ, 'ਜਦੋਂ ਮੈਨੂੰ ਇਸ ਧਰਤੀ ਦੀ ਯਾਦ ਆਈ, ਮੈਂ ਅਸਮਾਨ ਤੋਂ ਵੀ ਵਾਪਸ ਆ ਗਿਆ' ਸੁਨੀਤਾ ਵਿਲੀਅਮਜ਼ ਦਾ ਸਵਾਗਤ ਹੈ!'ਕਰਿਸ਼ਮਾ ਕਪੂਰ ਨੇ ਇੰਸਟਾਗ੍ਰਾਮ 'ਤੇ ਸੁਨੀਤਾ ਵਿਲੀਅਮਜ਼ ਦੀਆਂ ਕਈ ਫੋਟੋਆਂ ਅਤੇ ਵੀਡੀ ਜ਼ ਵੀ ਸ਼ੇਅਰ ਕੀਤੀਆਂ ਹਨ। ਅਦਾਕਾਰਾ ਨੇ ਆਪਣੀ ਖੁਸ਼ੀ ਜ਼ਾਹਰ ਕੀਤੀ।ਮੈਗਾਸਟਾਰ ਚਿਰੰਜੀਵੀ ਅਤੇ ਬਾਲੀਵੁੱਡ ਅਦਾਕਾਰ ਮਾਧਵਨ ਪੁਲਾੜ ਤੋਂ ਧਰਤੀ 'ਤੇ ਪੁਲਾੜ ਯਾਤਰੀਆਂ ਸੁਨੀਤਾ ਵਿਲੀਅਮਜ਼ ਅਤੇ ਬੁੱਚ ਵਿਲਮੋਰ ਦਾ ਸਵਾਗਤ ਕਰਨ ਵਾਲੇ ਪਹਿਲੇ ਲੋਕਾਂ ਵਿੱਚੋਂ ਸਨ, ਚਿਰੰਜੀਵੀ ਨੇ ਦੋਵਾਂ ਪੁਲਾੜ ਯਾਤਰੀਆਂ ਦੀ ਕਹਾਣੀ ਨੂੰ "ਇੱਕ ਸੱਚਾ ਨੀਲਾ ਬਲਾਕਬਸਟਰ" ਕਿਹਾ। ਪੁਲਾੜ ਤੋਂ ਵਾਪਸ ਦੋ ਪੁਲਾੜ ਯਾਤਰੀਆਂ ਦਾ ਸਵਾਗਤ ਕਰਨ ਲਈ ਆਪਣੀ ਟਾਈਮਲਾਈਨ 'ਤੇ ਜਾਂਦੇ ਹੋਏ, ਚਿਰੰਜੀਵੀ ਨੇ ਲਿਖਿਆ, "ਧਰਤੀ 'ਤੇ ਸੁਨੀਤਾ ਵਿਲੀਅਮਜ਼ ਅਤੇ ਬੁੱਚ ਵਿਲਮੋਰ ਦਾ ਸਵਾਗਤ ਹੈ!! ਇਤਿਹਾਸਕ ਅਤੇ ਬਹਾਦਰ 'ਘਰ' ਆ ਰਿਹਾ ਹੈ!

## ਸੂਰਿਆ ਦੇ ਜ਼ਬਰਦਸਤ ਡਾਂਸ ਅਤੇ ਊਰਜਾ ਨਾਲ ਭਰਪੂਰ 'ਰੇਟਰੋ' ਦਾ ਦੂਜਾ ਗੀਤ ਰਿਲੀਜ਼




ਸਾਊਥ ਸੁਪਰਸਟਾਰ ਸੂਰਿਆ ਦੀ ਨਵੀਂ ਫਿਲਮ 'ਰੇਟਰੋ' ਇਨ੍ਹੀਂ ਦਿਨੀਂ ਬਹੁਤ ਸੁਰਖੀਆਂ ਬਟੋਰ ਰਹੀ ਹੈ। ਇਸ ਫਿਲਮ ਵਿੱਚ ਸੂਰਿਆ ਇੱਕ ਗੈਂਗਸਟਰ ਦੀ ਭੂਮਿਕਾ ਵਿੱਚ ਨਜ਼ਰ ਆਵੇਗਾ। ਇਸਨੂੰ ਨਿਰਦੇਸ਼ਕ ਕਾਰਤਿਕ ਸੁੱਬਰਾਜ ਬਣਾ ਰਹੇ ਹਨ। ਸੂਰਿਆ ਅਤੇ ਕਾਰਤਿਕ ਦੀ ਜੋੜੀ ਨੇ ਪ੍ਰਸ਼ੰਸਕਾਂ ਦੀਆਂ ਉਮੀਦਾਂ ਨੂੰ ਸੱਤਵੇਂ ਅਸਮਾਨ 'ਤੇ ਪਹੁੰਚਾ ਦਿੱਤਾ ਹੈ। ਅੱਜ ਫਿਲਮ 'ਕਨੀਮਾ' ਦਾ ਦੂਜਾ ਗੀਤ ਰਿਲੀਜ਼ ਹੋ ਗਿਆ ਹੈ। ਨਿਰਮਾਤਾਵਾਂ ਨੇ ਪਹਿਲਾਂ ਇਸਦਾ ਪ੍ਰੋਮੋ ਲਾਂਚ ਕਰਕੇ ਪ੍ਰਸ਼ੰਸਕਾਂ ਦਾ ਉਤਸ਼ਾਹ ਵਧਾ ਦਿੱਤਾ ਸੀ। ਸੰਤੋਸ਼ ਨਾਰਾਇਣਨ ਦੁਆਰਾ ਰਚਿਤ, ਇਹ ਉੱਚ-ਊਰਜਾ ਵਾਲਾ ਗੀਤ ਵਿਆਹ ਦੇ ਮਾਹੌਲ ਵਿੱਚ ਫਿਲਮਾਇਆ ਗਿਆ ਹੈ ਅਤੇ ਇਸਨੂੰ ਸੰਤੋਸ਼ ਅਤੇ ਦ ਇੰਡੀਅਨ ਕੋਰਲ ਐਨਸੈਂਬਲ ਦੁਆਰਾ ਗਾਇਆ ਗਿਆ ਹੈ। 'ਰੇਟਰੋ' ਵਿੱਚ ਪੂਜਾ ਹੇਗੜੇ ਮੁੱਖ ਭੂਮਿਕਾ ਵਿੱਚ ਹਨ। ਇਸ ਤੋਂ ਇਲਾਵਾ ਫਿਲਮ ਵਿੱਚ ਜੋਜੂ ਜਾਰਜ, ਜੈਰਾਮ, ਕਰੁਣਾਕਰਨ, ਪ੍ਰੇਮ ਵਰਗੇ ਕਲਾਕਾਰ ਵੀ ਮਹੱਤਵਪੂਰਨ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। ਫਿਲਮ ਦੇ ਟੀਜ਼ਰ ਤੋਂ ਪਤਾ ਚੱਲਿਆ ਕਿ ਪੂਜਾ ਹੇਗੜੇ ਇੱਕ ਮੂਕ ਕਿਰਦਾਰ ਨਿਭਾ ਰਹੀ ਹੈ। ਇਸ ਦੇ ਨਾਲ ਹੀ, ਸੂਰਿਆ ਦਾ ਲੁੱਕ ਅਤੇ ਸ਼ਕਤੀਸ਼ਾਲੀ ਐਕਸ਼ਨ ਸੀਨ ਉਸਦੀ ਸ਼ਕਤੀਸ਼ਾਲੀ ਭੂਮਿਕਾ ਦੀ ਝਲਕ ਦੇ ਰਹੇ ਹਨ। ਫਿਲਮ ਦਾ ਪਹਿਲਾ ਗੀਤ 'ਕੰਨੜੀ ਪੂਵੇ' ਪਹਿਲਾਂ ਹੀ ਸੁਪਰਹਿੱਟ ਹੋ ਚੁੱਕਾ ਹੈ। ਸੰਤੋਸ਼ ਨਾਰਾਇਣਨ ਦੀ ਭਾਵੁਕ ਆਵਾਜ਼ ਵਿੱਚ ਰਚਿਤ ਇਹ ਗੀਤ ਇੱਕ ਕੈਦੀ ਦੀ ਆਪਣੀ ਪ੍ਰੇਮਿਕਾ ਲਈ ਤਾਂਘ ਨੂੰ ਬਿਆਨ ਕਰਦਾ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਸੰਗਤਾਂ ਦੇ ਬੇਮਿਸਾਲ ਇਕੱਠ ਸਮੇਤ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ




















**ਯੂਨੀਅਨ ਸਿਟੀ (ਡੀ. ਡੀ. ਬੀ.)** ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 648ਵਾਂ ਗੁਰਪੁਰਬ ਦਿਹਾੜਾ ਪੂਰੇ ਵਿਸ਼ਵ ਭਰ 'ਚ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ ਤੇ ਮਨਾਇਆ ਜਾ ਰਿਹਾ ਹੈ। ਕੈਲੇਫੋਰਨੀਆ 'ਚ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਤੇ ਉਸਾਰੇ ਗਏ 6 ਗੁਰੂ ਘਰ ਹਨ, ਜਿਹਨਾਂ 'ਚ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਦਿਹਾੜਾ ਕ੍ਰਮਵਾਰ ਪਿਟਸਬਰਗ, ਸੇਲਮਾ, ਯੂਬਾ ਸਿਟੀ, ਫਰਿਜ਼ਨੋ ਅਤੇ ਸੈਕਰਾਮੈਂਟੋ ਉਪਰੰਤ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਗੁਰੂ ਘਰ ਦੀ ਉਸਾਰੀ ਅਧੀਨ ਬਿਲਡਿੰਗ 'ਚ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ 16 ਮਾਰਚ 2025 ਨੂੰ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। 15 ਮਾਰਚ 2025 ਦਿਨ ਸ਼ਨਿਚਰਵਾਰ ਨੂੰ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ, ਜਿਸ ਦੌਰਾਨ ਸੰਗਤਾਂ ਨੇ ਭਾਰੀ ਗਿਣਤੀ 'ਚ ਹਾਜ਼ਰੀਆਂ ਭਰੀਆਂ।

16 ਮਾਰਚ 2025 ਨੂੰ ਸਹਿਜ ਪਾਠ ਦੇ ਭੋਗ ਪਾਏ ਜਾਣ ਉਪਰੰਤ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਤੇ ਇਸ ਉਪਰੰਤ ਵੱਖ-ਵੱਖ ਰਾਗੀ ਜਥਿਆਂ ਨੇ ਬਹੁਤ ਹੀ ਰਸਭਿੰਨਾ ਗੁਰਬਾਣੀ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਜਿਹਨਾਂ ਵਿਚ ਕ੍ਰਮਵਾਰ ਭਾਈ ਬਲਦੇਵ ਸਿੰਘ ਜੀ ਅਤੇ ਭਾਈ ਵਿਜੇ ਸਿੰਘ ਜੀ ਦੇ ਜਥਿਆਂ ਤੋਂ ਇਲਾਵਾ ਬੀਬੀ ਸੁਰਿੰਦਰ ਕੌਰ ਜੀ ਦਾ ਢਾਡੀ ਜਥਾ ਆਦਿ ਨੇ ਰਸਭਿੰਨਾ ਗੁਰਬਾਣੀ ਸ਼ਬਦ ਗਾਇਨ ਕੀਤਾ।

ਇਸ ਸ਼ੁਭ ਦਿਹਾੜੇ ਮੌਕੇ ਯੂਨੀਅਨ ਸਿਟੀ ਦੇ ਮੇਅਰ ਸ੍ਰੀ ਗੈਰੀ ਸਿੰਘ ਅਤੇ ਭਾਰਤੀ ਕਾਂਸਲੇਟ ਜਨਰਲ ਆਫਿਸ ਸਾਨਫਰਾਂਸਿਸਕੋ ਤੋਂ ਡਾ. ਕੇ. ਸ੍ਰੀਕਰ ਰੈਡੀ ਕੌਂਸਲ ਜਨਰਲ ਮੁੱਖ ਮਹਿਮਾਨ ਅਤੇ ਰਜੇਸ਼ ਅਦੀਲਖਾ ਡਿਪਟੀ ਕਾਂਸਲੇਟ ਜਨਰਲ ਆਦਿ ਨੇ ਹਾਜ਼ਰੀ ਲਗਵਾਈ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਦਿਲੀ ਹਾਰਦਿਕ ਵਧਾਈ ਵਧਾਈ ਦਿੰਦਿਆਂ ਆਪੋ-ਆਪਣੇ ਆਫਿਸ ਵੱਲੋਂ ਹਰ ਤਰ੍ਹਾਂ ਦੀ ਸੇਵਾ ਦੇਣ ਲਈ ਖੁਸ਼ੀ-ਖੁਸ਼ੀ ਸਭ ਦਾ ਸਵਾਗਤ ਹੈ। ਉਹਨਾਂ ਕਿਹਾ ਕਿ ਬੇਝਿਜਕ ਤੁਸੀਂ ਕਾਲ ਕਰ ਸਕਦੇ ਹੋ ਜਾਂ ਆ ਸਕਦੇ ਹੋ। ਇਸੇ ਤਰ੍ਹਾਂ ਫਰਾਂਸ ਤੋਂ ਸ੍ਰੀ ਰਾਮ ਸਿੰਘ ਮੈਂਗੜਾ (ਫਾਊਂਡਰ ਪ੍ਰਧਾਨ ਬੇਗਮਪੁਰਾ ਏਡ ਇੰਟਰਨੈਸ਼ਨਲ) ਨੇ ਦਿਲੀ ਹਾਰਦਿਕ ਵਧਾਈ ਦਿੰਦਿਆਂ ਆਪਣੀ ਸੰਸਥਾ ਵੱਲੋਂ ਕੀਤੇ ਜਾ ਰਹੀਆਂ ਭਲਾਈ ਸੇਵਾਵਾਂ ਦਾ ਉਲੇਖ ਕੀਤਾ।

ਇਹ ਬੜਾ ਸੁਭਾਗਾ ਸਮਾਂ ਸੀ ਕਿ ਕੈਲੇਫੋਰਨੀਆ ਦੀਆਂ ਸਾਰੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਪ੍ਰਤੀਨਿਧ ਹਾਜ਼ਰ ਸਨ ਅਤੇ ਉਹਨਾਂ ਵੱਲੋਂ ਸਰਵਸ੍ਰੀ ਦੇਵ ਰਾਜ ਸਿੰਘ ਪ੍ਰਧਾਨ, ਸਾਹਿਬ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਸੇਲਮਾ, ਅਮਰ ਦੜੌਚ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ, ਸ਼ਿੰਗਾਰਾ ਸਿੰਘ ਰੱਲ੍ਹ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ, ਜੀਵਨ ਰੱਤੂ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਤੋਂ (ਰਾਜ ਸੂਦ ਸਟੇਜ ਸਕੱਤਰ ਅਤੇ ਸ੍ਰੀ ਤੇਜਾ ਵਿਰਕ ਚੇਅਰਮੈਨ) ਸ੍ਰੀ ਵਿਨੋਦ ਕੁਮਾਰ ਚੇਅਰਮੈਨ, ਸ੍ਰੀਮਤੀ ਸੁਨੀਤਾ ਸਿੰਘ ਪ੍ਰਧਾਨ, ਜਗਤਾਰ ਸਿੰਘ ਉਪ ਪ੍ਰਧਾਨ, ਸ਼ਸ਼ੀਪਾਲ ਸਲਾਹਕਾਰ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਤੋਂ ਇਲਾਵਾ ਕੈਲੇਫੋਰਨੀਆ ਸਟੱਡੀ ਸਰਕਲ ਵੱਲੋਂ ਸਰਵਸ੍ਰੀ ਦੀਪਕ ਸਰੋਇਆ, ਜਸਵੀਰ ਮਮਨ, ਸੁਲੱਖਣ ਸਿੰਘ, ਦਸ਼ਵਿੰਦਰਪਾਲ ਆਦਿ ਤੋਂ ਇਲਾਵਾ ਅਦਾਰਾ 'ਅੰਬੇਦਕਰ ਟਾਈਮਜ਼ (ਇੰਗਲਿਸ਼) ਅਤੇ ਅਦਾਰਾ 'ਦੇਸ਼ ਦੁਆਬਾ' (ਪੰਜਾਬੀ) ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਹਾਜ਼ਰੀ ਭਰੀ ਅਤੇ ਦੋ ਸ਼ਬਦ ਵਧਾਈ ਦੇ ਸਾਂਝੇ ਕਰਦਿਆਂ ਆਪੋ-ਆਪਣੇ ਵਿਚਾਰਾਂ ਦੀ ਸਾਂਝ ਪਾਈ।

ਅੱਜ ਦੇ ਮਹਾਨ ਸਮਾਗਮ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਗੁਰਪੁਰਬ ਦਿਹਾੜਾ ਮਨਾਏ ਜਾਣ ਦੀ ਜਿੱਥੇ ਸਭ ਨੂੰ ਬਹੁਤ-ਬਹੁਤ ਖੁਸ਼ੀ ਸੀ, ਉਥੇ ਗੁਰੂ ਘਰ ਦੀ ਉਸਾਰੀ ਜਾ ਰਹੀ ਬਿਲਡਿੰਗ ਨੂੰ ਦੇਖ ਕੇ ਸੰਗਤ ਬਹੁਤ ਖੁਸ਼ ਸੀ ਤੇ ਆਪੋ ਆਪਣੇ ਵਿੱਤ ਅਨੁਸਾਰ ਮਾਇਆ ਦਾ ਵੀ ਸਹਿਯੋਗ ਕੀਤਾ ਗਿਆ। ਇਸ ਸਮੇਂ ਸ੍ਰੀ ਕਮਲ ਵੱਲੋਂ ਮਿਸ਼ਨਰੀ ਬੁੱਕ ਸਟਾਲ ਲਗਾਇਆ ਸੀ।

ਕੈਲੇਫੋਰਨੀਆ ਸਟੱਡੀ ਗਰੁੱਪ ਅਤੇ ਅਸੋਕਾ ਇਨਫਾਉਂਟੇਨਮੈਂਟ ਵੱਲੋਂ 'ਡਾ. ਭੀਮ ਰਾਓ ਅੰਬੇਦਕਰ ਵੀਜ਼ੇ ਦੀ ਉਡੀਕ ਵਿਚ' (ਪੰਜਾਬੀ ਅਨੁਵਾਦ) ਕਿਤਾਬ ਰਿਲੀਜ਼ ਕੀਤੀ ਗਈ। ਅਦਾਰਾ 'ਦੇਸ਼ ਦੁਆਬਾ ਅਤੇ ਅਦਾਰਾ ਅੰਬੇਦਕਰ ਟਾਈਮਜ਼' ਵੱਲੋਂ ਡਾ. ਅੰਬੇਦਕਰ (ਯੂ. ਕੇ.), ਬਾਬੂ ਮੰਗੂ ਰਾਮ ਮੁਗੋਵਾਲੀਆ, ਸਾਹਿਬ ਸ੍ਰੀ ਕਾਂਸ਼ੀ ਰਾਮ ਅਤੇ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਬਾਰੇ (ਬਿਨਪਾਲਕੇ), ਨਾਮ ਮੰਗੂ ਰਾਮ ਦਾ ਭੁੱਲਣਾ ਨਹੀਂ ਚਾਹੀਦਾ, ਬਾਮਸੇਫ ਇਕ ਜਾਣਕਾਰੀ ਕਿਤਾਬਾਂ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੂੰ ਭੇਂਟ ਕੀਤੀਆਂ ਗਈਆਂ।

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਅਨੁਸਾਰ ਸਹਿਜ ਪਾਠ ਦੀ ਸੇਵਾ ਸ੍ਰੀ ਵਿਨੋਦ ਕੁਮਾਰ ਚੁੰਬਰ ਚੇਅਰਮੈਨ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ। ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਸ੍ਰੀ ਆਸਾ ਰਾਮ ਅਤੇ ਬੀਬੀ ਬਖਸ਼ੋ (ਪਿਟਸਬਰਗ) ਤੋਂ, ਲੰਗਰ ਦੀ ਸੇਵਾ ਸਟਾਰ ਚਾਟ ਕੁਜ਼ੀਨ, ਰਜਿੰਦਰਾ ਕੈਟਰਿੰਗ, ਮਦਾਰਾ ਪਰਿਵਾਰ, ਕਰਨੈਲ ਸਿੰਘ, ਦੇਸ ਰਾਜ ਚੁੰਬਰ ਅਤੇ ਨਰਿੰਦਰ ਚਾਹਲ ਆਦਿ ਪਰਿਵਾਰਾਂ ਵੱਲੋਂ ਕੀਤੀ ਗਈ। ਗੁਰੂ ਦੇ ਪ੍ਰਸ਼ਾਦ, ਚਾਹ, ਸੋਡਾ-ਪਾਣੀ, ਲੰਗਰਾਂ ਦੀ ਸੇਵਾ ਸਾਰਾ ਦਿਨ ਅਤੁੱਟ ਵਰਤਾਏ ਗਏ।

ਮੀਡੀਏ ਵਜੋਂ ਅਦਾਰਾ 'ਦੇਸ਼ ਦੁਆਬਾ/ਅੰਬੇਦਕਰ ਟਾਈਮਜ਼, ਸ੍ਰੀਮਤੀ ਜੈਸਲੀਨ ਖਨੂਜਾ ਅਤੇ ਸ੍ਰੀ ਖਨੂਜਾ ਵੱਲੋਂ ਫੋਟੋ/ਵੀਡੀਓਜ਼ (YO INDIA, TV) ਅਤੇ ਸ੍ਰੀ ਚਮਨ ਲਾਲ ਸੁੰਮਨ ਵੱਲੋਂ ਬਹੁਤ ਹੀ ਪ੍ਰੋਫੈਸ਼ਨਲ ਤਰੀਕੇ ਨਾਲ ਯੂ-ਟਿਊਬ ਚੈਨਲ ਤੇ ਸਿੱਧਾ ਪ੍ਰਸਾਰਣ ਕੀਤਾ ਗਿਆ। ਵਹੀਕਲ ਪਾਰਕਿੰਗ ਤੇ ਸਕਿਊਰਟੀ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ।

ਸਟੇਜ ਦੀ ਸੇਵਾ ਸ੍ਰੀ ਨਰੇਸ਼ ਕੁਮਾਰ ਗੱਡੂ ਜੀ ਨੇ ਬਾਖੂਬੀ ਨਾਲ ਨਿਭਾਈ ਅਤੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਅਤੇ ਪ੍ਰਧਾਨ ਸ੍ਰੀ ਤਰਲੋਚਨ ਸਿੰਘ ਬੱਧਣ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ, ਰਾਗੀ/ਢਾਡੀ ਜਥਿਆਂ, ਬੁਲਾਰਿਆਂ, ਦਾਨੀ ਪਰਿਵਾਰਾਂ/ਅਦਾਰਿਆਂ ਤੇ ਵਿਅਕਤੀਗਤ ਸੇਵਾਵਾਂ ਨਿਭਾਉਣ ਵਾਲਿਆਂ ਦਾ ਸਮੂਹ ਸਭਾ ਵੱਲੋਂ ਦਿਲੀ ਹਾਰਦਿਕ ਧੰਨਵਾਦ ਕਰਦਿਆਂ ਗੁਰੂ ਘਰ ਲਈ ਬਣਦਾ ਯੋਗਦਾਨ ਪਾਉਣ ਲਈ ਸਨਿਮਰ ਬੇਨਤੀ ਕੀਤੀ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਸੰਗਤਾਂ ਦੇ ਬੇਮਿਸਾਲ ਇਕੱਠ ਸਮੇਤ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ




















# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਸੰਗਤਾਂ ਦੇ ਬੇਮਿਸਾਲ ਇਕੱਠ ਸਮੇਤ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ
























# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਸੰਗਤਾਂ ਦੇ ਬੇਮਿਸਾਲ ਇਕੱਠ ਸਮੇਤ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ


















# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਸੰਗਤਾਂ ਦੇ ਬੇਮਿਸਾਲ ਇਕੱਠ ਸਮੇਤ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ




















# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਸੰਗਤਾਂ ਦੇ ਬੇਮਿਸਾਲ ਇਕੱਠ ਸਮੇਤ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ

































### ਕੈਲੀਫੋਰਨੀਆਂ, ਅਮਰੀਕਾ ਦੀ ਧਰਤੀ ਉੱਤੇ

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 25ਵੇਂ ਮਹਾਨ ਨਗਰ ਕੀਰਤਨ ਵਿਚ ਰਿਕਾਰਡ ਤੋੜ ਇਕੱਠ

## ਕੀਰਤਨੀ ਜਥਿਆਂ ਵਲੋਂ ਸੰਗਤਾਂ ਨੂੰ ਕੀਤਾ ਗਿਆ ਨਿਹਾਲ, ਹੈਲੀਕਾਪਟਰ ਰਾਹੀਂ ਗੁਰੂ ਸਾਹਿਬ ਦੀ ਪਾਲਕੀ ਅਤੇ ਸੰਗਤਾਂ ਉਤੇ ਫੁੱਲਾਂ ਦੀ ਵਰਖਾ



















‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 25ਵਾਂ ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਮੂਹ ਸਾਧਸੰਗਤਿ ਦੇ ਸਹਿਯੋਗ ਨਾਲ ਐਤਵਾਰ 9 ਮਾਰਚ 2025 ਨੂੰ ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਬਹੁਤ ਸ਼ਰਧਾ ਅਤੇ ਸਤਿਕਾਰ ਪੂਰਵਕ ਸਜਾਏ ਗਏ।

ਹੈਲੀਕਾਪਟਰ ਨਾਲ ਗੁਰੂ ਸਾਹਿਬ ਦੀ ਪਾਲਕੀ ਅਤੇ ਸੰਗਤਾਂ ਉਤੇ ਫੁੱਲ ਵਰਸਾਏ ਗਏ। ਜਿਸ ਵਿੱਚ ਰਿਕਾਰਡ ਤੋੜ ਗਿਣਤੀ ਵਿੱਚ ਸੰਗਤਾਂ ਨੇ ਦੇਸ਼ ਵਿਦੇਸ਼ਾਂ ਤੋਂ ਰਿਓ ਲਿੰਡਾ ਸੈਕਰਾਮੈਂਟੋ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਿੱਚ ਵਾਧਾ ਕੀਤਾ ਅਤੇ ਗੁਰਬਾਣੀ ਕੀਰਤਨ ਦਾ ਆਨੰਦ ਲੈ ਕੇ ਖੁਸ਼ੀਆਂ ਪ੍ਰਾਪਤ ਕੀਤੀਆਂ। ਸ੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਸ਼ੁੱਕਰਵਾਰ 7 ਮਾਰਚ 2025 ਨੂੰ ਹੋਏ ਅਤੇ ਜਿਨ੍ਹਾਂ ਦੇ ਭੋਗ ਐਤਵਾਰ 9 ਮਾਰਚ 2025 ਨੂੰ ਪਏ ਗਏ। ਸ਼ਨੀਵਾਰ 8 ਮਾਰਚ ਸ਼ਾਮ ਨੂੰ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਸੇਵਾਦਾਰ ਪਰਿਵਾਰਾਂ ਅਤੇ ਸਮੂਹ ਸਾਧਸੰਗਤਿ ਦੇ ਸਹਿਯੋਗ ਨਾਲ ਹੋਈ, ਜਿਸ ਵਿੱਚ ਭਾਰੀ ਗਿਣਤੀ ਵਿੱਚ ਸੰਗਤ ਦੇਸ਼ਾਂ ਵਿਦੇਸ਼ਾਂ ਵਿਚੋਂ ਵਿਸ਼ੇਸ਼ ਤੌਰ ਤੇ ਪਹੁੰਚੀ। ਬੇਗਮਪੁਰਾ ਏਡ ਇੰਟਰਨੈਸ਼ਨਲ ਦੇ ਸੰਸਥਾਪਕ ਅਤੇ ਮੁੱਖ ਸੇਵਾਦਾਰ ਸ਼੍ਰੀ ਰਾਮ ਸਿੰਘ ਮੈਂਗੜਾ ਖ਼ਾਸ ਤੌਰ ਤੇ ਪ੍ਰਬੰਧਕ ਕਮੇਟੀ ਅਤੇ ਸੰਗਤ ਦੇ ਸੱਦੇ ਉਤੇ ਫਰਾਂਸ ਤੋਂ ਰਿਓਲਿੰਡਾ ਸੈਕਰਾਮੈਂਟੋ ਵਿਖੇ ਇਸ ਸਿਲਵਰ ਜੁਬਲੀ ਨਗਰ ਕੀਰਤਨ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਸਥਾਨਕ ਸਰਕਾਰਾਂ ਦੇ ਵੱਖ ਵੱਖ ਅਧਿਕਾਰੀ ਵੀ ਪ੍ਰਬੰਧਕ ਕਮੇਟੀ ਦੇ ਬੁਲਾਵੇ ਤੇ ਨਗਰ ਕੀਰਤਨ ਵਿੱਚ ਸ਼ਾਮਲ ਹੋਏ। ਇਸੇ ਦੌਰਾਨ 6 ਮਾਰਚ ਵੀਰਵਾਰ ਨੂੰ ਬੱਚਿਆਂ ਦੇ ਕੀਰਤਨ ਦਰਬਾਰ ਸਜਾਏ ਗਏ ਜਿਸ ਵਿੱਚ ਬੱਚਿਆਂ ਦੇ ਕੀਰਤਨੀ ਜਥੇ ਅਤੇ ਢਾਡੀ ਜਥੇ ਗੁਰੂਘਰ ਵਿਖੇ ਗੁਰਬਾਣੀ ਦੁਆਰਾ ਸੰਗਤਾਂ ਨੂੰ ਨਿਹਾਲ ਕਰਨ ਲਈ ਪਹੁੰਚੇ। ਬੱਚਿਆਂ ਵਲੋਂ ਭਾਸ਼ਣਾ ਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਬੇਗਮਪੁਰਾ ਦੇ ਸੰਕਲਪ ਅਤੇ ਮਿਸ਼ਨ ਬਾਰੇ ਜਾਣਕਾਰੀ ਦਿੱਤੀ। ਪ੍ਰਬੰਧਕ ਕਮੇਟੀ ਵਲੋਂ ਭਾਗ ਲੈਣ ਵਾਲੇ ਬੱਚਿਆਂ ਨੂੰ ਮਾਇਆ ਅਤੇ ਸ੍ਰੀ ਸਰਿਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। 7, 8 ਅਤੇ 9 ਮਾਰਚ ਨੂੰ ਤਿੰਨੇ ਦਿਨ ਦੇਸ਼ਾਂ ਵਿਦੇਸ਼ਾਂ ਤੋਂ ਆਏ ਹੋਏ ਕੀਰਤਨੀ ਜਥਿਆਂ ਵਲੋਂ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ। ਇਨ੍ਹਾਂ ਕੀਰਤਨੀ ਜਥਿਆਂ ਵਿੱਚ ਖ਼ਾਸ ਤੌਰ ਤੇ ਭਾਈ ਕਰਨਜੀਤ ਸਿੰਘ ਖ਼ਾਲਸਾ੍ਰਖ (ਮਰਹੂਮ ਪਦਮਸ਼੍ਰੀ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਭਤੀਜੇ), ਭਾਈ ਜਸਪ੍ਰੀਤ ਸਿੰਘ ਭਾਈ ਮਨਪ੍ਰੀਤ ਸਿੰਘ (ਸ੍ਰੀ ਫ਼ਤਹਿਗੜ੍ਹ ਸਾਹਿਬ ਵਾਲੇ), ਭਾਈ ਆਤਮਜੋਤ ਸਿੰਘ ਯੂਬਾ ਸਿਟੀ ਵਾਲੇ, ਭਾਈ ਜਸਪਾਲ ਸਿੰਘ ਸਾਰੰਗ, ਭਾਈ ਅਮ੍ਰਿਤਪਾਲ ਸਿੰਘ ਸੰਗਰੂਰ ਵਾਲੇ, ਭਾਈ ਮਨਮੋਹਨ ਸਿੰਘ, ਭਾਈ ਬੇਤਾਬ ਸਿੰਘ ਲੁਧਿਆਣਾ ਵਾਲੇ, ਭਾਈ ਵਿਕਰਮਜੀਤ ਸਿੰਘ ਅਤੇ ਗੁਰੂਘਰ ਦਾ ਹਜ਼ੂਰੀ ਰਾਗੀ ਜਥਾ (ਭਾਈ ਗੁਰਦੀਪ ਸਿੰਘ, ਭਾਈ ਮਨੋਹਰ ਸਿੰਘ, ਭਾਈ ਜੀਵਨ ਸਿੰਘ ਅਤੇ ਭਾਈ ਅਮਰਜੀਤ ਸਿੰਘ) ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਵੱਡੀ ਗਿਣਤੀ ਵਿੱਚ ਵੱਖ ਵੱਖ ਤਰ੍ਹਾ ਦੇ ਲੰਗਰਾਂ ਅਤੇ ਅਨੇਕਾਂ ਪ੍ਰਕਾਰ ਦੇ ਹੋਰ ਸਮਾਨ ਦੇ ਸਟਾਲ ਲਗਾਏ ਗਏ ਸਨ।

Desh Doaba ਦੇ Facebook ਅਤੇ YouTube ਚੈਨਲ ਅਤੇ Shir Guru Raivdass Temple Sacramento ਦੇ Facebook ਅਤੇ YouTube ਚੈਨਲ ਅਤੇ ਹੋਰ ਅਨੇਕਾਂ ਸੋਸ਼ਲ ਮੀਡੀਆ ਉਤੇ ਇਹ ਨਗਰ ਕੀਰਤਨ ਸਿਧੇ ਪ੍ਰਸਾਰਿਤ ਕੀਤੇ ਗਏ, ਜਿਸ ਦੁਆਰਾ ਇਹ ਸਮਾਗਮ ਪੂਰੀ ਦੁਨੀਆਂ ਵਿੱਚ ਦੇਖੇ ਗਏ। ਇਹ ਸੇਵਾ ਸ਼੍ਰੀ ਅਜੈ ਪੜਵੱਗਾ ਗੁਰੂਘਰ ਮੀਡੀਆ ਟੀਮ ਅਤੇ ਸ੍ਰੀ ਪ੍ਰੇਮ ਚੁੰਬਰ ਮੁੱਖ ਸੰਪਾਦਕ ਦੇਸ਼ ਦੋਆਬਾ ਅਤੇ ਅੰਬੇਦਕਰ ਟਾਈਮਜ਼ ਵਲੋਂ ਨਿਭਾਈ ਗਈ।

ਇਸ ਮੌਕੇ ਪ੍ਰਬੰਧਕ ਕਮੇਟੀ ਵਲੋਂ ਗੁਰੂਘਰ ਦੇ ਸੰਸਥਾਪਕ ਮੈਂਬਰਾਂ, ਸਮੂਹ ਬੀਬੀਆਂ, ਭੈਣਾਂ, ਮਾਤਾਵਾਂ, ਬੱਚੇ, ਬੱਚੀਆਂ, ਨੌਜਵਾਨਾਂ, ਬਜ਼ੁਰਗਾਂ, ਭਾਈ ਸਾਹਿਬਾਨਾਂ, ਸਾਬਕਾ ਕਮੇਟੀਆਂ ਦੇ ਮੈਂਬਰ ਸਾਹਿਬਾਨਾਂ ਅਤੇ ਸਮੂਹ ਸਾਧਸੰਗਤਿ ਦਾ ਵੱਖ ਵੱਖ ਸੇਵਾਵਾਂ ਲਈ ਧੰਨਵਾਦ ਕੀਤਾ ਗਿਆ।

ਪ੍ਰਬੰਧਕ ਕਮੇਟੀ ਵਲੋਂ ਸਾਰੇ ਸੇਵਾਦਾਰਾਂ ਜਿਨ੍ਹਾਂ ਨੇ ਇਸ ਮਹਾਨ ਨਗਰ ਕੀਰਤਨ ਦੀ ਤਿਆਰੀ ਲਈ ਕੰਮ ਕਾਰਾ ਤੋਂ ਛੁਟੀਆਂ ਲੈ ਕੇ ਦਿਨ ਰਾਤ ਸੇਵਾ ਕਰਕੇ ਇਸ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਯੋਗਦਾਨ ਪਾਇਆ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਸਮੂਹ ਸੰਗਤਾਂ ਜੋ ਕੇ ਦੂਰੋਂ ਨੇੜਿਓਂ, ਦੇਸ਼ ਵਿਦੇਸ਼ਾਂ, ਅਮਰੀਕਾ ਦੇ ਵੱਖ ਵੱਖ ਰਾਜਾਂ ਤੋਂ ਵਿਸ਼ੇਸ਼ ਤੌਰ ਉਤੇ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਲਈ ਪਹੁਚੀਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਪ੍ਰਬੰਧਕ ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆ।

ਗੁਰੂਘਰ ਦੀ ਨਵੀਂ ਇਮਾਰਤ ਦੀ ਉਸਾਰੀ ਸੰਬੰਧੀ ਜਾਣਕਾਰੀ ਅਤੇ ਸਹਿਯੋਗ ਲਈ ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹੋ:

ਸ਼੍ਰੀ ਰਾਜ ਬੱਧਣ ਜੀ (ਮੁੱਖ ਸੇਵਾਦਾਰ): (916) 601-3842
ਸ਼੍ਰੀ ਤੇਜਪਾਲ ਵਿਰਕ ਜੀ (ਚੇਅਰਮੈਨ): (916) 912-5678
ਸ਼੍ਰੀ ਇੰਦਰਜੀਤ ਪੜਵੱਗਾ ਜੀ (ਜਨਰਲ ਸਕੱਤਰ):(916) 276-2538

ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ (ਸੈਕਰਾਮੈਂਟੋ)
6221 16th Street, Rio Linda, CA 95673
ਫ਼ੋਨ: (916) 992-1710

*(ਰਿਪੋਰਟ- ਬਲਜੀਤ ਸਿੰਘ)*

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 25ਵੇਂ ਮਹਾਨ ਨਗਰ ਕੀਰਤਨ ਵਿੱਚ ਰਿਕਾਰਡ ਤੋੜ ਇਕੱਠ
















'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

